


ਸਪਤ ਸ਼੍ਰਿੰਗ

ਸ: ਕਪੂਰ ਸਿੰਘ
ਆਈ. ਸੀ. ਐਸ.

ਸਪਤ ਸ਼੍ਰਿੰਗ

ਅਰਥਾਤ

ਸੱਤ ਮਹਾਨ ਪੁਰਸ਼ਾਂ ਦੇ ਜੀਵਨ ਚਰਿੱਤਰ

ਸਿਰਦਾਰ ਕਪੂਰ ਸਿੰਘ

ਐਮ. ਏ. (ਪੰਜਾਬ), ਐਮ. ਏ. ਕੰਟਬ.

(ਆਈ. ਸੀ. ਐਸ.)

ਲਾਹੌਰ ਬੁੱਕ ਸ਼ਾਪ

2-ਲਾਜਪਤ ਰਾਏ ਮਾਰਕੀਟ, ਲੁਧਿਆਣਾ

ਤਤਕਰਾ

ਭੂਮਿਕਾ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਇਕ ਅ-ਸਮਾਪਤ ਜੀਵਨ ਕਥਾ ਲਿਖੀ ਹੈ, ਬਚਿੱਤ੍ਰ ਨਾਟਕ। ਉਸ ਵਿੱਚ ਆਪਣੇ ਪਿਛਲੇ ਜੀਵਨ ਬਾਰੇ ਕਿਹਾ ਹੈ :-

"ਅਬ ਮੈਂ ਅਪਨੀ ਕਥਾ ਬਖਾਨੋ।
ਤਪ ਸਾਧਤ ਜਿਹ ਬਿਧਿ ਮੁਹਿ ਆਨੋ।
ਹੇਮ ਕੁੰਟ ਪਰਬਤ ਹੈ ਜਹਾਂ।
ਸਪਤ ਸ੍ਰਿੰਗ ਸੋਭਿਤ ਹੈ ਤਹਾਂ।
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।
ਪੰਡੁ ਰਾਜ ਜਹ ਜੋਗ ਕਮਾਵਾ।
ਤਹ ਹਮ ਅਧਿਕ ਤਪੱਸਿਆ ਸਾਧੀ।
ਮਹਾਕਾਲ ਕਾਲਿਕਾ ਅਰਾਧੀ।"

ਉਹ ਹਿਮਾਲਿਆ ਪਹਾੜਾਂ ਵਿੱਚ ਸੱਤ ਪਰਬਤੀ ਚੋਟੀਆਂ ਦੀ ਥਾਂ, ਜਿਥੇ ਗੁਰੂ ਜੀ ਨੇ ਅਨੇਕ ਪ੍ਰਕਾਰ ਦੀ ਤਪੱਸਿਆ ਕੀਤੀ ਸੀ ਅਤੇ ਜਿਥੇ ਕਿਸੇ ਸਮੇਂ ਪਾਂਡਵਾ ਨੇ ਯੋਗ ਸਾਧਨ ਕੀਤੇ ਸਨ, ਹੁਣ ਕੁਝ ਸਿੱਖਾਂ ਨੇ ਸਹੀ ਕਰ ਲਈ ਜਾਪਦੀ ਹੈ ਅਤੇਂ ਉਥੇ, ਹੁਣ ਗੁਰਦੁਆਰਾ ਬਨਾਉਣ ਦੇ ਜਤਨ ਹੋ ਰਹੇ ਹਨ। ਜਿਵੇਂ ਪਾਂਡਵਾਂ ਦੇ ਯੋਗ ਸਾਧਨ ਕਰਨ ਦੀ ਰਿਵਾਇਤ ਹੈ, ਇਹ ਉਹੋ ਥਾਂ ਹੈ। ਪਰ ਉਂਝ ਹਿਮਾਲੀਆ ਪਰਬਤ ਦੀਆਂ ਕਈ ਵਾਦੀਆਂ ਵਿਚੋਂ ਤੇ ਤਲਾਂ ਵਿਚੋਂ ਸੱਤ ਪਰਬਤੀ ਚੋਟੀਆਂ ਦਿਸ ਆਉਂਦੀਆਂ ਹਨ। ਸੋ ਕਈ ਸੱਪਤ ਸ਼੍ਰਿੰਗ ਹਿਮਾਲੀਆ ਪਰਬਤਾਂ ਵਿੱਚ ਹਨ। ਤਾਂ ਹੀ ਗੁਰੂ ਜੀ ਨੇ ਵਿਸ਼ੇਸ਼ ਕਰਕੇ ਕਿਹਾ ਕਿ ਅਸਾਂ ਤਪੱਸਿਆ ਉਸ ਸੱਪਤ ਸ਼੍ਰਿੰਗ ਅਸਥਾਨ ਉਤੇ ਕੀਤੀ ਜਿਥੇ ਪਾਂਡਵਾਂ ਨੇ ਯੋਗ ਸਾਧਨ ਕੀਤਾ ਸੀ।

ਇਹ ਸੱਤ ਜੀਵਨੀਆਂ, ਜੋ ਅਗਲੇ ਪੰਨਿਆਂ ਵਿੱਚ ਅੰਕਿਤ ਕੀਤੀਆਂ ਗਈਆਂ ਹਨ, ਇਹ ਵਿਸ਼ਵ ਦੇ ਮਨੁੱਖੀ ਨਾਟਕ ਦੇ ਕਈ ਸੱਪਤ ਸ਼੍ਰਿਗਾਂ ਵਿਚੋਂ ਕੋਈ ਇਕ ਸੱਪਤ ਸ਼੍ਰਿਗ ਹਨ ਜੋ ਕਿਸੇ ਵਾਦੀ ਜਾਂ ਤੱਲ ਵਿੱਚ ਖੜੇ ਹੋਏ ਦੇਖਣ ਹਾਰ ਨੂੰ ਦਿਸ ਪੈਂਦੇ ਹਨ। ਮਨੁੱਖੀ ਤਵਾਰੀਖ ਦੀਆਂ ਲੰਮੀਆਂ ਸਹੰਸ੍ਰਬਦੀਆਂ ਵਿੱਚ, ਅਨੇਕ ਮਨੁੱਖੀ ਜੀਵਨ ਅਜੇਹੇ ਗੌਰਵਮਈ ਤੇ ਆਭਾ ਭਰਪੂਰ ਹੋਏ ਹਨ ਕਿ ਉਤਾਂਹ ਆਕਾਸ਼ ਵੱਲ ਨਜ਼ਰ ਕੀਤਿਆਂ ਧਰਤੀ ਦੀ ਪਿੱਠ ਨਾਲੋਂ ਕਿਤੇ ਉੱਚੇ ਤੇ ਵਿਤਰੇਕ ਦਿਸ ਆਉਂਦੇ ਹਨ। ਕਿਸੇ ਦ੍ਰਿਸ਼ਟੀਕੋਣ ਤੋਂ ਦੇਖਿਆਂ ਕੋਈ ਹੋਰ ਮਨੁੱਖੀ ਜੀਵਨ ਪਰਬਤ ਦੀਆਂ ਚੋਟੀਆਂ ਵਾਂਗਰ ਉੱਚੇ, ਵਖਰੇ ਤੇ ਪ੍ਰਭਾਵ-ਸ਼ਾਲੀ ਦਿਸ ਆਉਂਦੇ ਹਨ। ਉਂਵ ਇਨ੍ਹਾਂ ਜੀਵਣੀਆਂ ਵਿੱਚ ਜ਼ਰੂਰੀ ਨਹੀਂ ਕਿ ਸਮਾਂ, ਸੰਗਿਆ, ਸੰਪ੍ਰਦਾਯ ਯਾ ਸਥਾਨ ਦਾ ਅੰਦਰੋਂ ਬਾਹਰੋਂ ਕੋਈ ਪ੍ਰਸਪਰ ਸੰਬੰਧ ਹੋਵੇ। ਇਹ ਸੱਤ ਜੀਵਨੀਆਂ ਇਉਂ ਹੀ ਸੱਪਤ ਸ਼੍ਰਿਗ ਹਨ।

ਸ਼ਿਮਲਾ, ਕ. ਸ.
੧੦ ਜੂਨ ੧੯੫੨


ਸਮਰਪਣ

ਸਰਦਾਰਨੀ ਹਰਿੰਦਰ ਕੌਰ

ਬੀ. ਏ.

एनम् गच्छन्ति समनम न योषा :

—Rigveda, X. 168.2,



ਸਪਤ ਸ਼੍ਰਿੰਗ

ਸ: ਕਪੂਰ ਸਿੰਘ
ਆਈ. ਸੀ. ਐਸ.

ਏਸੇ ਕਲਮ ਤੋਂ :

ਬਹੁ ਵਿਸਤਾਰ
ਪੁੰਡਰੀਕ
The Baisakhi

ਬਾਬਾ ਰਾਮ ਸਿੰਘ, ਕੂਕਾ

'ਬਾਬਾ' ਅਰਬ ਦੇਸ਼ ਦੀ ਬੋਲੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ, ਵੱਡਾ, ਬਜ਼ੁਰਗ, ਉੱਚੀ ਬੁੱਧੀ ਤੇ ਉੱਚੇ ਚਾਲ ਚਲਣ ਵਾਲਾ, ਪਿਤਾ ਸਮਾਨ ਪੂਜਣ ਯੋਗ। ਪੰਜਾਬੀ ਬੋਲੀ ਵਿੱਚ ਵੀ ਇਹ ਸ਼ਬਦ ਉੱਚੀ ਆਤਮਕ ਅਵੱਸਥਾ ਵਾਲੇ ਮਹਾਂ ਪੁਰਖਾਂ ਲਈ ਵਰਤਿਆ ਜਾਂਦਾ ਹੈ। ਉਂਜ ਜਿਹੜਾ ਉਮਰੋਂ ਵੱਡਾ ਤੇ ਬਜ਼ੁਰਗ ਹੋਵੇ, ਉਸ ਨੂੰ ਵੀ 'ਬਾਬਾ' ਆਖ ਲੈਂਦੇ ਹਨ। ਅੱਜ ਤੋਂ ਕੋਈ ਸਵਾ ਕੁ ਸਾਲ ਪਹਿਲਾਂ, ਪੰਜਾਬ ਦੇਸ਼ ਵਿੱਚ ਵੱਡੇ ਮਹਾਨ ਪੁਰਖ ਦਾ ਜਨਮ ਹੋਇਆ, ਜੋ ਕਿ ਬਾਬਾ ਰਾਮ ਸਿੰਘ ਕੂਕਾ, ਕਰ ਕੇ ਪ੍ਰਸਿੱਧ ਹੈ। ਇਸ ਮਹਾਂ ਪੁਰਖ ਦੀ ਜੀਵਨ-ਕਥਾ ਬੜੀ ਸਿਖਿਆਦਾਇਕ ਹੈ।

ਉਨ੍ਹੀਵੀਂ ਸਦੀ ਈਸਵੀ ਦੇ ਪਹਿਲੇ ਅੱਧ ਵਿੱਚ ਪੰਜਾਬ ਦੇਸ਼ ਉੱਤੇ ਇਕ ਪੰਜਾਬੀ ਮਹਾਰਾਜਾ ਰਣਜੀਤ ਸਿੰਘ ਰਾਜ ਕਰਦਾ ਸੀ ਤੇ ਪੰਜਾਬ ਉਦੋਂ ਬੜਾ ਖ਼ੁਸ਼ਹਾਲ ਤੇ ਸਾਰੇ ਸੰਸਾਰ ਵਿੱਚ ਇਕ ਉੱਘਾ ਦੇਸ਼ ਮਿਥਿਆ ਜਾਂਦਾ ਸੀ। ਸੰਨ ੧੮੧੬ ਈਸਵੀ ਨੂੰ, ਜਦੋਂ ਕਿ ਪੰਜਾਬ ਤੇ ਪੰਜਾਬੀਆਂ ਦਾ ਪ੍ਰਤਾਪ ਸਿਖਰ ਉੱਤੇ ਪੁਜਾ ਹੋਇਆ ਸੀ, ਲੁਧਿਆਣੇ ਦੇ ਲਾਗੇ ਇਕ ਛੋਟੇ ਜਿਹੇ ਪਿੰਡ, ਜਿਹੜਾ ਕਿ ਓਦੋਂ ਭੈਣੀ ਰਾਈਆਂ ਕਹਾਉਂਦਾ ਸੀ, ਵਿੱਚ ਬਾਬਾ ਰਾਮ ਸਿੰਘ ਦਾ ਜਨਮ ਹੋਇਆ। ਆਪ ਦੇ ਪਿਤਾ ਦਾ ਨਾਮ ਭਾਈ ਜੱਸਾ ਸਿੰਘ ਸੀ, ਜੋ ਕਿ ਤਰਖਾਣੇ ਲੁਹਾਰੇ ਦਾ ਕੰਮ ਪਿੰਡ ਵਿੱਚ ਕਰਦੇ ਸਨ। ਭਾਈ ਜੱਸਾ ਸਿੰਘ ਬੜੀ ਧਾਰਮਕ ਬਿਰਤੀਆਂ ਵਾਲਾ ਤੇ ਪੜ੍ਹਿਆ ਲਿਖਿਆ ਕਿਰਤੀ ਸੀ ਤੇ ਉਸਨੇ ਆਪਣੇ ਪੁੱਤਰ ਨੂੰ ਭੀ ਬਚਪਨ ਵਿੱਚ ਚੰਗੀ ਵਿਦਿਆ ਦਵਾਈ ਤੇ ਧਾਰਮਕ ਖ਼ਿਆਲਾਂ ਵਿੱਚ ਪ੍ਰਪੱਕ ਕੀਤਾ। ਬਾਬਾ ਰਾਮ ਸਿੰਘ ਦੀ ਵੱਡੀ ਭੈਣ, ਲੁਧਿਆਣੇ ਲਾਗੇ, ਰਾਏਪੁਰ ਪਿੰਡ ਵਿੱਚ, ਇਕ ਤਰਖਾਣ ਸਿੰਘ, ਕਾਬਲ ਸਿੰਘ ਨਾਲ ਵਿਆਹੀ ਹੋਈ ਸੀ। ਕਾਬਲ ਸਿੰਘ ਲਾਹੌਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਤੋਪਖ਼ਾਨੇ ਵਿੱਚ ਗੋਲੰਦਾਜ਼ ਤੋਪਚੀ ਸੀ। ਬਾਬਾ ਰਾਮ ਸਿੰਘ ਕੋਈ ਵੀਹਾਂ ਕੁ ਵਰ੍ਹਿਆਂ ਦੇ ਭਰ ਗਭਰੂ

ਸਨ ਜਦ ਉਹਨਾਂ ਦੀ ਭੈਣ ਤੇ ਉਹਨਾਂ ਦਾ ਭਣਵੱਈਆ ਕਾਬਲ ਸਿੰਘ, ਭੈਣੀ ਪਿੰਡ ਵਿੱਚ ਆਏ ਤੇ ਉਹਨਾਂ ਦੀ ਪ੍ਰੇਰਨਾ ਨਾਲ ਬਾਬਾ ਰਾਮ ਸਿੰਘ ਲਾਹੌਰ ਜਾ ਕੇ ਘੁੜ ਚੜ੍ਹਿਆ ਦੀ ਪਲਟਨ ਵਿੱਚ ਭਰਤੀ ਹੋ ਗਏ।

ਬਾਬਾ ਰਾਮ ਸਿੰਘ ਜੀ ਇਸ ਵੇਲੇ ਭਰ ਜਵਾਨੀ ਦੀ ਅਵੱਸਥਾ ਵਿੱਚ ਸਨ ਤੇ ਜੋ ਕੋਈ ਵੀ ਇਹਨਾਂ ਦੇ ਪਤਲੇ, ਗੰਦਵੇ ਤੇ ਲੰਮੇ ਕੱਦ ਅਤੇ ਟਿਕੇ ਹੋਏ ਚਿਹਰੇ ਨੂੰ ਦੇਖਦਾ ਸੀ, ਉਹ ਹੀ ਪ੍ਰਭਾਵਤ ਹੁੰਦਾ ਸੀ। ਇਸ ਵੇਲੇ ਇਹਨਾਂ ਦਾ ਵਿਆਹ ਹੋ ਚੁੱਕਾ ਸੀ ਤੇ ਇਹਨਾਂ ਸਾਲਾਂ ਵਿੱਚ ਹੀ ਇਹਨਾਂ ਦੇ ਘਰ ਦੋ ਪੁੱਤਰੀਆਂ ਨੇ ਜਨਮ ਲਿਆ। ਉਹਨਾਂ ਸਮਿਆਂ ਵਿੱਚ ਮਾਲਵੇ ਵਿੱਚ ਰਾਜਪੂਤਾਂ ਦੀ ਰੀਸੋ ਰੀਸੀ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਿਵਾਜ ਆਮ ਪ੍ਰਚੱਲਤ ਸੀ, ਪਰ ਬਾਬਾ ਰਾਮ ਸਿੰਘ ਦੀ ਸਿੰਘਣੀ ਮਾਈ ਜੱਸੋ ਬੜੀ ਧਾਰਮਿਕ ਬਿਰਤੀਆਂ ਵਾਲੀ ਇਸਤ੍ਰੀ ਸੀ ਤੇ ਉਸ ਦੇ ਪਤੀ ਦੇ ਧਾਰਮਿਕ ਖ਼ਿਆਲਾਂ ਦਾ ਉਸ ਉੱਤੇ ਬੜਾ ਪ੍ਰਭਾਵ ਸੀ। ਇਸ ਲਈ ਇਹਨਾਂ ਦੋਹਾਂ ਲੜਕੀਆਂ ਨੂੰ ਇਹਨਾਂ ਦੇ ਮਾਤਾ ਪਿਤਾ ਨੇ ਬੜੇ ਪਿਆਰ ਤੇ ਚਾਓ ਨਾਲ ਪਾਲਿਆ ਪੋਸਿਆ ਤੇ ਵਿਦਿਆ ਪੜ੍ਹਾਈ। ਪਿਛੋਂ ਜਾਕੇ ਜਦੋਂ ਬਾਬਾ ਰਾਮ ਸਿੰਘ ਦੇਸ਼ ਤੇ ਜਾਤੀ ਦੀ ਸੇਵਾ ਦੇ ਮਹਾਨ ਕਾਰਜਾਂ ਵਿੱਚ ਰੁਝੇ ਤਾਂ ਉਹਨਾਂ ਨੇ ਕੁੜੀਆਂ ਤੇ ਇਸਤ੍ਰੀਆਂ ਦੀ ਉੱਨਤੀ ਵੱਲ ਸਦਾ ਖ਼ਿਆਲ ਰੱਖਿਆ ਤੇ ਕੁੜੀਆਂ ਨੂੰ ਮੁੰਡਿਆਂ ਵਾਂਗਰ ਹੀ ਪਾਲਣ ਪੋਸਣ ਤੇ ਪੜ੍ਹਾਉਣ ਵਿਆਹੁਣ ਉੱਤੇ ਜ਼ੋਰ ਦਿੰਦੇ ਰਹੇ। ਸਿਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਪਿਛੋਂ ਬਾਬਾ ਰਾਮ ਸਿੰਘ ਹਿੰਦੁਸਤਾਨ ਵਿੱਚ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ ਜਿਨ੍ਹਾਂ ਨੇ ਸਮਾਜ ਵਿੱਚ ਮਰਦ ਤੇ ਇਸਤ੍ਰੀ ਦੀ ਸੰਪੂਰਣ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿੱਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤ੍ਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ਼ ਵਿੱਚ ਖੜਾ ਕਰ ਦੇਂਦਾ ਹੈ। ਅੱਗੇ ਚਲ ਕੇ ਬਾਬਾ ਰਾਮ ਸਿੰਘ ਜੀ ਦੇ ਪ੍ਰਚਾਰ ਬਾਬਤ ਵਿਚਾਰ ਕਰਾਂਗੇ ਤਾਂ ਦੱਸਾਂਗੇ ਜੁ ਉਹਨਾਂ ਦੇ ਖ਼ਿਆਲ ਇਸ ਵਿਸ਼ੇ ਉੱਤੇ ਕਿਤਨੇ ਉੱਤਮ, ਕਿਤਨੇ ਸੂਝ ਵਾਲੇ ਤੇ ਕਿਤਨੇ ਬੁਲੰਦ ਹਨ।

ਬਾਬਾ ਰਾਮ ਸਿੰਘ ਦਾ ਝੁਕਾਅ ਧਰਮ ਵੱਲ ਤੇ ਵਾਹਿਗੁਰੂ ਦੇ ਭਜਨ ਵੱਲ ਮੁੱਢ ਤੋਂ ਹੀ ਸੀ। ਜਦੋਂ ਚਾਰ ਪੰਜ ਸਾਲ ਉਹਨਾਂ ਨੂੰ ਲਾਹੌਰ ਵਿੱਚ ਘੁੜ ਚੜ੍ਹਿਆਂ ਦੀ ਪਲਟਨ ਵਿੱਚ ਨੌਕਰੀ ਕਰਦਿਆਂ ਬੀਤ ਗਏ, ਤਾਂ ਉਹਨਾਂ ਦੀ ਪਲਟਨ ਨੂੰ ਨੌਕਰੀ

ਦੇ ਸਿਲਸਿਲੇ ਵਿੱਚ ਹਜ਼ਰੋ ਵੱਲ ਜਾਣ ਦਾ ਹੁਕਮ ਮਿਲਿਆ, ਜਿਥੇ ਕਿ ਬਾਬਾ ਰਾਮ ਸਿੰਘ ਜੀ ਨੂੰ ਇਕ ਅਜੇਹੇ ਮਹਾਂ ਪੁਰਖ ਦਾ ਮੇਲ ਹੋਇਆ ਜਿਸ ਨੇ ਬਾਬਾ ਰਾਮ ਸਿੰਘ ਦੇ ਆਤਮਾ ਰੂਪੀ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ। ਇਸ ਮਹਾਂ ਪੁਰਖ ਦਾ ਨਾਮ ਬਾਬਾ ਬਾਲਕ ਸਿੰਘ ਸੀ।

ਇਹ ਬਾਬਾ ਬਾਲਕ ਸਿੰਘ, ਉਨੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਸਿੱਖ ਰਾਜ ਦੇ ਸੀਮਾ ਪ੍ਰਾਂਤ ਅਥਵਾ ਸਰਹੱਦੀ ਸੂਬੇ ਵਿੱਚ ਸਿੱਖੀ ਦਾ ਤੇ ਧਰਮ ਦਾ ਪ੍ਰਚਾਰ ਕਰਦੇ ਸਨ ਅਤੇ ਹਿੰਦੂ, ਮੁਸਲਮਾਨ, ਸਿੱਖ ਸਭ ਵਿੱਚ ਇਹਨਾਂ ਦੀ ਮਾਨਤਾ ਸੀ। ਬਾਬਾ ਬਾਲਕ ਸਿੰਘ ਹਜ਼ਰੋ ਵਿੱਚ ਰਹਿੰਦੇ ਸਨ ਤੇ ਬੜੀ ਉੱਚੀ ਆਤਮਕ ਅਵਸਥਾ ਦੇ ਮਾਲਕ ਸਨ। ਆਪ ਹਿੰਦੂ ਮੁਸਲਮਾਨ ਸਿੱਖ ਸਭ ਨੂੰ ਸ਼ੁਭ ਆਚਰਣ, ਧਰਮ ਦੀ ਕਿਰਤ ਕਮਾਈ ਤੇ ਈਸ਼ਵਰ ਦਾ ਚਿੰਤਨ, ਅੱਲਾ ਦੀ ਯਾਦ ਤੇ ਵਾਹਿਗੁਰੂ ਦੇ ਸਿਮਰਨ ਦਾ ਉਪਦੇਸ਼ ਦਿੰਦੇ ਸਨ। ਬਾਬਾ ਰਾਮ ਸਿੰਘ ਜੀ ਉੱਤੇ ਬਾਬਾ ਬਾਲਕ ਸਿੰਘ ਦੇ ਉਪਦੇਸ਼ਾਂ ਦਾ ਬੜਾ ਪ੍ਰਭਾਵ ਪਿਆ; ਤੇ ਉਸ ਤੋਂ ਪਿਛੋਂ ਬਾਬਾ ਰਾਮ ਸਿੰਘ ਪਹਿਲਾਂ ਨਾਲੋਂ ਵੀ ਵਧ ਤੱਤਪਰ ਹੋ ਕੇ ਵਾਹਿਗੁਰੂ ਦਾ ਭਜਨ ਕਰਨ ਲੱਗੇ। ਬਾਬਾ ਰਾਮ ਸਿੰਘ ਦੇ ਬਾਬਾ ਬਾਲਕ ਸਿੰਘ ਨਾਲ ਮੇਲ ਦੀ ਗੱਲ ਸੰਨ ੧੮੪੧ ਈਸਵੀ ਦੀ ਦੱਸੀ ਜਾਂਦੀ ਹੈ।

ਸੰਨ ੧੮੪੬ ਵਿੱਚ ਸਿੱਖਾਂ ਨਾਲ ਲੜਾਈਆਂ ਪਿਛੋਂ ਅੰਗਰੇਜ਼ ਲਾਹੌਰ ਆ ਗਏ, ਤੇ ਦੋ ਤਿੰਨ ਸਾਲ ਪਿਛੋਂ ਅੰਗਰੇਜ਼ਾਂ ਨੇ ਪੰਜਾਬ ਉੱਤੇ ਸਿੱਧਾ ਕਬਜ਼ਾ ਕਰ ਲਿਆ ਤੇ ਪੰਜਾਬ ਮੁੜ ਇਕ ਸੌ ਸਾਲ ਲਈ ਪ੍ਰਾਧੀਨ ਹੋ ਗਿਆ। ਸਿੰਘਾਂ ਤੇ ਅੰਗਰੇਜ਼ਾਂ ਵਿਚਕਾਰ ਹੋਈ ਮੁੱਦਕੀ ਦੀ ਲੜਾਈ ਵਿੱਚ ਬਾਬਾ ਰਾਮ ਸਿੰਘ ਜੀ ਭੀ ਲੜੇ ਤੇ ਕਿਹਾ ਇਉਂ ਜਾਂਦਾ ਹੈ, ਜੋ ਇਸ ਲੜਾਈ ਤੋਂ ਪਿਛੋਂ ਆਪ ਆਪਣੇ ਪਿੰਡ ਭੈਣੀ ਆਏ। ਜਦੋਂ ਪੰਜਾਬ ਪ੍ਰਾਧੀਨ ਹੋ ਗਿਆ ਤਾਂ ਦੇਸ਼ ਵਿੱਚ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਬਹੁਤ ਵਧ ਗਈਆਂ ਤੇ ਬਾਬਾ ਬਾਲਕ ਸਿੰਘ ਨੇ ਇਹਨਾਂ ਕੁਰੀਤੀਆਂ ਨੂੰ ਰੋਕਣ ਲਈ ਇਕ ਧਾਰਮਿਕ ਜਥੇਬੰਦੀ ਦੀ ਨੀਂਹ ਰੱਖੀ ਜਿਸ ਨੂੰ ਜਗਿਆਸੂਆਂ, ਅਭਿਆਸੀਆਂ ਦੀ ਜਥੇਬੰਦੀ ਕਹਿੰਦੇ ਸਨ। ਜਗਿਆਸੂ ਉਹ ਜੋ ਜਗਤ ਵਿੱਚ ਰਹਿ ਕੇ ਸੱਚ ਦੀ ਖੋਜ ਕਰਨਾ ਚਾਹੁੰਦੇ ਸਨ ਤੇ ਅਭਿਆਸੀ ਉਹ ਜੋ ਈਸ਼ਵਰ ਦੇ ਭਜਨ ਦਾ ਅਭਿਆਸ ਕਰਦੇ ਸਨ। ਇਹ ਗੱਲ ਸੰਨ ੧੮੫੭ ਈਸਵੀ ਦੀ ਕਹੀ ਜਾਂਦੀ ਹੈ। ਇਸ ਜਗਿਆਸੂਆਂ, ਅਭਿਆਸੀਆਂ ਦੀ ਜਥੇਬੰਦੀ ਦੇ ਪ੍ਰਚਾਰਕ ਤੇ ਨੇਤਾ ਪੰਜਾਬ ਵਿੱਚ ਬਾਬਾ ਰਾਮ ਸਿੰਘ ਥਾਪੇ ਗਏ। ਇਹੋ ਜਥੇਬੰਦੀ ਪੰਜਾਬ ਪਿਛੋਂ ਨਾਮਧਾਰੀ ਜਥੇਬੰਦੀ ਜਾਂ ਕੂਕਿਆਂ ਦੀ ਜਮਾਤ ਅਖਵਾਈ। ਨਾਮਧਾਰੀ

ਇਉਂ ਜੁ ਇਹ ਵਾਹਿਗੁਰੂ ਦੇ ਨਾਮ ਦਾ ਅਭਿਆਸ ਤੇ ਸਿਮਰਨ ਕਰਦੇ ਸਨ, ਤੇ ਕੂਕੇ ਇਉਂ ਜੁ ਇਹ ਆਪਣੇ ਦੀਵਾਨਾਂ ਤੇ ਜਥਿਆਂ ਵਿੱਚ ਮਸਤ ਹੋ ਕੇ, 'ਸਤਿ ਸ੍ਰੀ ਅਕਾਲ' 'ਸਤਿ ਸ੍ਰੀ ਅਕਾਲ' ਕੂਕਦੇ ਹੁੰਦੇ ਸਨ। ਬੱਸ, ਇਸ ਸਮੇਂ ਹੀ ਬਾਬਾ ਰਾਮ ਸਿੰਘ ਦਾ ਧਾਰਮਿਕ ਆਗੂ ਤੇ ਸਮਾਜ ਸੁਧਾਰਕ ਦਾ ਜੀਵਨ ਆਰੰਭ ਹੁੰਦਾ ਹੈ।

ਖਾਲਸਾ ਫੌਜ ਦੀ ਨੌਕਰੀ ਛੱਡ ਆਉਣ ਪਿਛੋਂ ਬਾਬਾ ਰਾਮ ਸਿੰਘ ਨੇ ਆਪਣੇ ਰੁਜ਼ਗਾਰ ਲਈ ਆਪਣੇ ਪਿੰਡ ਵਿੱਚ ਹੀ ਇਕ ਲੋਹੇ ਕਪੜੇ ਆਦਿ ਦੀ ਹੱਟੀ ਪਾ ਲਈ ਸੀ। ਉਸ ਵਿਚੋਂ ਦਸਾਂ ਨੌਹਾਂ ਤੇ ਧਰਮ ਦੀ ਕਿਰਤ ਕਮਾਈ ਕਰਨ ਨਾਲ ਜੋ ਬਚਦਾ, ਉਸ ਨਾਲ ਹੀ ਆਪਣਾ ਤੇ ਆਪਣੇ ਟੱਬਰ ਦਾ ਨਿਰਬਾਹ ਕਰਦੇ ਸਨ ਤੇ ਉਸ ਵਿਚੋ ਹੀ ਪੁੰਨ ਦਾਨ ਤੇ ਦਸਵੰਧ ਆਦਿ ਕੱਢਦੇ ਸਨ। ਜਦੋਂ ਜਗਿਆਸੀ ਅਭਿਆਸੀ ਉਪਦੇਸ਼ਾਂ ਦਾ ਪ੍ਰਚਾਰ ਦੇਸ਼ ਵਿੱਚ ਵਧ ਗਿਆ, ਤੇ ਨਾਮਧਾਰੀ ਜਥੇਬੰਦੀ ਪੰਜਾਬ ਦੇ ਬਹੁਤ ਸਾਰੇ ਇਲਾਕੇ ਵਿੱਚ ਫੈਲ ਗਈ ਤਾਂ ਸ਼ਰਧਾਲੂ ਆਪਣੀ ਦਸਵੰਧ ਕਮਾਈ ਬਾਬਾ ਰਾਮ ਸਿੰਘ ਕੋਲ ਭੈਣੀ ਭੇਜਣ ਲੱਗੇ। ਪਰ ਬਾਬਾ ਰਾਮ ਸਿੰਘ ਉਹ ਸਾਰੀ ਚੜ੍ਹਤ ਆਮਦਨ ਸਾਂਝੇ ਲੰਗਰ ਵਿੱਚ ਪਾ ਦਿੰਦੇ ਸਨ; ਜਿਸ ਵਿਚੋਂ ਆਈਆ ਗਈਆਂ ਸੰਗਤਾਂ ਲੰਗਰ ਛਕਦੀਆਂ ਸਨ। ਥੋਹੜੇ ਸਾਲਾਂ ਵਿੱਚ ਹੀ ਬਾਬਾ ਰਾਮ ਸਿੰਘ ਦਾ ਧਰਮ ਪ੍ਰਚਾਰ ਬਹੁਤ ਮਕਬੂਲ ਹੋ ਗਿਆ ਤੇ ਨਾਮਧਾਰੀ ਜਥੇਬੰਦੀਆਂ ਪੰਜਾਬ ਦੇ ਬਹੁਤ ਸਾਰੇ ਜ਼ਿਲਿਆਂ ਵਿੱਚ ਬਣ ਗਈਆਂ।

ਹੁਣ ਬਾਬਾ ਰਾਮ ਸਿੰਘ ਦੀ ਉੱਚੀ ਆਤਮਾ ਅਪਣੇ ਅਸਲੀ ਰੂਪ ਵਿੱਚ ਸੰਸਾਰ ਸਾਹਮਣੇ ਪ੍ਰਗਟ ਹੋਈ। ਹੁਣ ਬਾਬਾ ਰਾਮ ਸਿੰਘ ਜਗਿਆਸੀ ਅਭਿਆਸੀ ਸਪ੍ਰਦਾਇ ਦੇ, ਜਿਸ ਦਾ ਕਿ ਕੇਂਦਰ ਹਜ਼ਰੋ ਵਿੱਚ ਸੀ, ਇਕ ਨਾਇਬ ਜਾਂ ਪ੍ਰਤੀਨਿੱਧ ਹੀ ਨਾ ਰਹੇ, ਸਗੋਂ ਹੁਣ ਉਹਨਾਂ ਨੇ ਆਪਣੇ ਦੇਸ਼ ਤੇ ਜਾਤੀ ਦੇ ਸੰਪੂਰਨ ਕਲਿਆਣ ਦਾ ਬੀੜਾ ਚੁਕ ਲਿਆ, ਤੇ ਇਕ ਮਹਾਨ ਧਾਰਮਿਕ ਆਗੂ, ਇਕ ਦੂਰੰਦੇਸ਼ ਸਮਾਜੀ ਸੁਧਾਰਕ ਤੇ ਇਕ ਦ੍ਰਿੜ ਦੇਸ਼ ਭਗਤ ਤੇ ਰਾਜਸੀ ਨੇਤਾ ਦੇ ਰੂਪ ਵਿੱਚ ਪ੍ਰਕਾਸ਼ਮਾਨ ਹੋ ਗਏ। ਜਿਵੇਂ ਚਿੱਕੜ ਵਿਚੋਂ ਕੰਵਲ ਦਾ ਫੁੱਲ ਉਗਮ ਕੇ ਖਿੜ ਪੈਂਦਾ ਹੈ, ਜਿਵੇਂ ਪੱਥਰਾਂ ਗੀਟਿਆਂ ਵਿਚੋਂ ਕੋਈ ਹੀਰੇ ਦੀ ਕਣੀ ਚਮਕ ਮਾਰ ਉਠਦੀ ਹੈ, ਜਿਵੇਂ ਹਰਣਾਂ ਦੀਆਂ ਆਮ ਬੇਮੁਹਾਰ ਫਿਰਦੀਆਂ ਡਾਰਾਂ ਵਿੱਚ ਕਿਸੇ ਹਿਰਣ ਦੀ ਨਾਫ਼ ਵਿਚੋਂ ਮੁਸ਼ਕ ਫੁੱਟ ਆਉਂਦੀ ਹੈ; ਇਉਂ ਹੀ ਭੈਣੀ ਪਿੰਡ ਦਾ ਇਕ ਤਰਖਾਣਾਂ ਦਾ ਮੁੰਡਾ, ਇਕ ਪ੍ਰਭਾਵਸ਼ਾਲੀ ਰਹਿਨੁਮਾ ਦੇ ਰੂਪ ਵਿੱਚ ਚਮਕ ਉਠਿਆ।

ਜੋ ਨਿਸ਼ਾਨਾ ਬਾਬਾ ਰਾਮ ਸਿੰਘ ਨੇ ਆਪਣੇ ਸਾਹਮਣੇ ਰੱਖਿਆ, ਉਹ ਇਤਨਾ ਉੱਚਾ ਤੇ ਮਹਾਨ ਸੀ ਕਿ ਕੋਈ ਬੜਾ ਵੱਡਾ ਮਰਦ ਕਾ ਚੇਲਾ ਮਰਦ ਹੀ ਇਤਨਾ

ਹੌਸਲਾ ਕਰ ਸਕਦਾ ਹੈ। ਇਸ ਸਮੇਂ ਇਸ ਮਹਾਂ ਪੁਰਖ ਨੂੰ ਲੋਕ ਸਤਿਕਾਰ ਵਜੋਂ ਭਾਈ ਰਾਮ ਸਿੰਘ ਕਹਿ ਕੇ ਬੁਲਾਉਂਦੇ ਸਨ। ਪਿਛੋਂ ਜਾ ਕੇ ਉਹਨਾਂ ਦੇ ਉੱਚੇ ਸੁੱਚੇ ਜੀਵਨ ਦਾ ਸਤਿਕਾਰ ਮੁਸ਼ਕ ਦੀ ਸੁਗੰਧੀ ਵਾਂਗ ਚੌਹ ਪਾਸੀਂ ਪਸਰ ਗਿਆ, ਲੋਕ ਉਹਨਾਂ ਨੂੰ ਬਾਬਾ ਰਾਮ ਸਿੰਘ ਕਹਿ ਕੇ ਬੁਲਾਉਣ ਲਗੇ, ਤੇ ਕਈ ਉਹਨਾਂ ਦੇ ਨਿਕਟ ਵਰਤੀ ਤੇ ਸ਼ਰਧਾਲੂ ਤਾਂ ਉਹਨਾਂ ਨੂੰ ਗੁਰੂ ਰਾਮ ਸਿੰਘ ਜਾਂ ਸਤਿਗੁਰੂ ਰਾਮ ਸਿੰਘ ਵੀ ਕਹਿਣ ਲਗ ਪਏ, ਭਾਵੇਂ ਬਾਬਾ ਰਾਮ ਸਿੰਘ ਲੋਕਾਂ ਨੂੰ ਇਉਂ ਕਹਿਣੋਂ ਸਦਾ ਰੋਕਦੇ ਰਹੇ। ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ਼ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਿਕ ਹਸਤੀ ਅਜੇਹੀ ਨਹੀਂ ਹੋਈ, ਜਿਸ ਨੇ ਆਪਣੇ ਜੀਵਨ-ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ 'ਤੇ, ਸਮਾਜਿਕ ਤੌਰ 'ਤੇ ਅਤੇ ਰਾਜਸੀ ਤੌਰ 'ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉੱਨਤੀ ਦੀ ਸਿਖਰ ਉੱਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ। ਇਸ ਲਈ ਸ਼ਰਧਾਲੂਆਂ ਦੇ ਮਨ ਉੱਤੇ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝਲਕਾਰਾ ਪੈਣਾ, ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇਕ ਕੁਦਰਤੀ ਜਿਹੀ ਗੱਲ ਸੀ। ਗੁਰੂ ਗੋਬਿੰਦ ਸਿੰਘ ਤੋਂ ਕੁਝ ਚਿਰ ਪਿਛੋਂ ਇਕ ਕਵੀ ਹੋਇਆ ਹੈ, ਜਿਸ ਦਾ ਕਿ ਅਸਲੀ ਨਾਮ ਗੁੰਮ ਹੋ ਚੁਕਾ ਹੈ। ਉਸਨੇ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਦੀ ਉਪਮਾਂ ਵਿੱਚ ਵਾਰਾਂ ਲਿਖੀਆਂ, ਜਿਨ੍ਹਾਂ ਵਿਚੋਂ ਕੁਝ ਕੁ ਅੱਜ ਕੱਲ੍ਹ ਵੀ ਮਿਲਦੀਆਂ ਹਨ। ਕਿਉਂਕਿ ਸਿੱਖਾਂ ਵਿਚ ਪਹਿਲੇ ਵਾਰਾਂ ਲਿਖਣ ਵਾਲੇ ਇਕ ਵਿਦਵਾਨ, ਭਾਈ ਗੁਰਦਾਸ, ਹੋਏ ਹਨ। ਇਸ ਲਈ, ਗੁਰੂ ਗੋਬਿੰਦ ਸਿੰਘ ਦੇ ਇਸ ਸਮਕਾਲੀ ਤੇ ਗੁਮਨਾਮ ਕਵੀ ਦੀਆਂ ਵਾਰਾਂ ਵੀ ਭਾਈ ਗੁਰਦਾਸ ਦੀਆਂ ਵਾਰਾਂ ਦੇ ਨਾਲ ਹੀ ਸਾਂਭ ਕੇ ਲਿਖੀਂਦੀਆਂ ਰਹੀਆ, ਤੇ ਗੁਮਨਾਮ ਕਵੀ ਦੀਆਂ ਵਾਰਾਂਨੂੰ ਵੀ ਲੋਕ ਭਾਈ ਗੁਰਦਾਸ ਦੀਆਂ ਵਾਰਾਂ ਹੀ ਕਹਿਣ ਲੱਗ ਪਏ। ਵਧੇਰੇ ਨਿਖੇੜਾ ਕਰਨ ਲਈ ਲੋਕ ਇਉਂ ਕਹਿ ਲੈਂਦੇ ਹਨ, ਕਿ ਉਹ ਗੁਮਨਾਮ ਕਵੀ ਦੀਆਂ ਵਾਰਾਂ ਭਾਈ ਗੁਰਦਾਸ ਦੂਜੇ ਦੀਆਂ ਵਾਰਾਂ ਹਨ। ਇਸ ਗੁਮਨਾਮ ਕਵੀ ਦੀਆਂ ਹੁਣ ਦੋ ਵਾਰਾਂ ਹੀ ਮਿਲਦੀਆਂ ਹਨ, ਪਰ ਕਿਆਸ ਇਹ ਹੈ, ਜੁ ਇਸ ਨੇ ਬਹੁਤ ਸਾਰੀਆਂ ਵਾਰਾਂ, ਇਸੇ ਹੀ ਢੰਗ ਦੀਆਂ ਤੇ ਇਸੇ ਹੀ ਵਿਸ਼ੇ 'ਤੇ ਲਿਖੀਆਂ ਹੋਣਗੀਆਂ, ਕਿਉਂ ਜੋ ਇਹਨਾਂ ਵਾਰਾਂ ਦੀ ਬੋਲੀ ਬੜੀ ਸੁਧਰੀ ਤੇ ਮਾਂਜੀ ਹੋਈ ਹੈ ਤੇ ਕਿਸੇ ਅਨਾੜੀ ਦੀ

ਬੋਲੀ ਨਹੀਂ। ਗੁਰੂ ਗੋਬਿੰਦ ਸਿੰਘ ਨੇ ਜਿਵੇਂ ਖਾਲਸਾ ਪ੍ਰਗਟ ਕੀਤਾ, ਉਸ ਬਾਰੇ ਇਸ ਗੁਮਨਾਮ ਕਵੀ, ਭਾਈ ਗੁਰਦਾਸ ਦੂਜੇ, ਦੀ ਵਾਰ ਇਉਂ ਹੈ :

ਗੁਰਬਰ ਅਕਾਲ ਦੇ ਹੁਕਮ ਸਿਉਂ ਉਪਜਿਓ ਬਿਗਯਾਨਾ।
ਤਬ ਸਹਿਜੇ ਰਚਿਓ ਖ਼ਾਲਸਾ, ਸਾਬਤ ਮਰਦਾਨਾ।
ਉਠੇ ਸਿੰਘ ਭਬਕਾਰ ਸਭ ਜਗ ਕੰਪਾਨਾ।
ਮੜ੍ਹੀ ਗੋਰ ਦੇਵਲ ਮਸੀਤ ਢਾਹ ਕੀਏ ਮੈਦਾਨਾ।
ਬੇਦ ਪੁਰਾਨ ਖਟ ਸ਼ਾਸ਼ਤ੍ਰਾਂ ਪੁਨਾ ਮਿਟੇ ਕੁਰਾਨਾ।
ਉਨ ਸੁੰਨਤ ਕੋਈ ਨਾ ਕਰ ਸਕੇ ਐਸੋ ਡਰ ਪਾਨਾ।
ਉੱਮਤ ਫ਼ੌਜ ਮੁਹੰਮਦੀ ਖਪ ਗਈ ਮੈਦਾਨਾ।
ਤੀਸਰ ਪੰਥ ਚਲਾਇਅਨ, ਵਡ ਸੂਰ ਗਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ।

ਭਾਵ ਇਹ ਕਿ, ਸਰਵ ਸ਼ਕਤੀਮਾਨ ਈਸ਼ਵਰ ਅਕਾਲ ਪੁਰਖ ਦੀ ਇੱਛਾ ਅਨੁਸਾਰ ਗੁਰੂ ਗੋਬਿੰਦ ਸਿੰਘ ਦੀ ਆਤਮਾ ਵਿੱਚ ਖ਼ਾਲਸਾ ਪੰਥ ਦੇ ਰੂਪ ਤੇ ਉਦੇਸ਼ਾਂ ਸੰਬੰਧੀ ਗਿਆਨ ਦਾ ਚਾਨਣ ਹੋਇਆ। ਉਸ ਈਸ਼ਵਰੀ ਗਿਆਨ ਦੇ ਅਨੁਸਾਰ, ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਦੀ ਰਚਨਾ ਕੀਤੀ, ਤੇ ਖਾਲਸੇ ਦੀ ਰਹਿਤ ਬਹਿਤ, ਸਾਬਤ ਅਰਥਾਤ ਦ੍ਰਿੜ੍ਹਚਿਤ੍ਰ ਜਟਾ ਜੂਟ ਸਕੇਸ਼ ਸੂਰਤ, ਤੇ ਪੁਰਸ਼ ਆਤਮਾ ਰੂਪ ਨਿਸ਼ਚਿਤ ਕੀਤਾ। ਕਬਰਾਂ, ਮੜ੍ਹੀਆਂ, ਦੇਵ-ਸਥਾਨਾਂ ਤੇ ਮਸੀਤਾਂ ਦੀ ਪੂਜਾ ਮਾਂਦ ਪੈ ਗਈ ਤੇ ਵੇਦਾਂ ਪੁਰਾਣਾਂ, ਛੇ ਸ਼ਾਸਤ੍ਰਾਂ ਤੇ ਕੁਰਾਨ ਦਾ ਪ੍ਰਚਾਰ ਢਿੱਲਾ ਪੈ ਗਿਆ। ਰਾਜ ਮੱਦ ਵਿੱਚ ਮੱਤੇ ਹੋਏ ਜਰਵਾਣੇ, ਜੋ ਹਿੰਦੂਆਂ ਦੇ ਧਰਮ ਉੱਤੇ ਧਿੰਗੋ ਜ਼ੋਰੀ ਕਰਕੇ ਉਹਨਾਂ ਨੂੰ ਉਹਨਾਂ ਦੀ ਮਰਜ਼ੀ ਦੇ ਵਿਰੁਧ ਮੁਸਲਮਾਨ ਬਨਾਣ ਲਈ ਉਹਨਾਂ ਦੀਆਂ ਸੁੰਨਤਾਂ ਕਰਦੇ ਸਨ ਉਹ ਡਰ ਗਏ। ਜੇਹੜੇ ਮੁਸਲਮਾਨ ਖਾਲਸਾ ਪੰਥ ਨੂੰ ਦਬਾਉਣ ਯਾ ਨਾਸ਼ ਕਰਨ ਲਈ ਸ਼ਸਤ੍ਰ ਲੈਕੇ ਹਮਲਾਆਵਰ ਹੋਏ ਉਹ ਆਪ ਹੀ ਮਾਰੇ ਗਏ। ਅਜੇਹਾ ਤੇਜਮਈ ਤੇ ਬਲੀ ਪੰਥ, ਹਿੰਦੂਆਂ, ਮੁਸਲਮਾਨਾਂ ਨਾਲੋਂ ਵੱਖਰਾ ਤੀਸਰਾ ਪੰਥ ਸਾਜਿਆ ਗਿਆ। ਗੁਰੂ ਗੋਬਿੰਦ ਸਿੰਘ, ਜਿਸ ਨੇ ਇਸ ਮਹਾਨ ਪੰਥ ਦੀ ਸਾਜਨਾ ਕੀਤੀ, ਉਹ ਧੰਨ ਹੈ। ਜਿਹੜਾ ਗੁਰੂ ਗੋਬਿੰਦ ਸਿੰਘ ਕਿ ਈਸ਼ਵਰ ਵਲੋਂ ਭੇਜਿਆ ਹੋਇਆ ਜਗਤ ਦਾ ਰੂਪ ਸੀ, ਪਰ ਜੋ ਗੁਰੂ ਗੋਬਿੰਦ ਸਿੰਘ, ਜਗਤ ਤੇ ਜਨਤਾ ਦੇ ਸੇਵਕ ਦੇ ਰੂਪ ਵਿੱਚ ਹੋ ਵਿਚਰਿਆ ਤੇ ਆਪਣੇ ਹੀ ਸਾਜੇ ਹੋਏ ਸਿੰਘਾਂ ਕੋਲੋਂ ਅੰਮ੍ਰਿਤ ਛਕਣ ਦੀ ਯਾਚਨਾ ਕਰਕੇ ਉਹਨਾਂ ਦਾ ਚੇਲਾ ਬਣ ਗਿਆ।

ਇਉਂ, ਇਹ ਕਿਸੇ ਗੁਮਨਾਮ ਕਵੀ ਦੀ ਵਾਰ ਪੰਜਾਬ ਦੇਸ਼ ਵਿੱਚ ਪ੍ਰਚਲਤ ਸੀ। ਜਦੋਂ ਉਨ੍ਹੀਵੀਂ ਸਦੀ ਦੀ ਪਿਛਲੀ ਚੌਥਾਈ ਵਿੱਚ ਬਾਬਾ ਰਾਮ ਸਿੰਘ ਦਾ ਤੇਜ ਪ੍ਰਤਾਪ ਚਮਕਿਆ, ਤੇ ਡੂੰਘੀਆਂ ਨਜ਼ਰਾਂ ਨੇ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਤੇ ਉਪਦੇਸ਼ਾਂ ਵਿੱਚ ਗੁਰੂ ਗੋਬਿੰਦ ਸਿੰਘ ਦੀ ਮਹਾਨ ਆਤਮਾ ਦਾ ਝਾਉਲਾ ਪ੍ਰਤੱਖ ਦੇਖਿਆ, ਤਾਂ ਉਹਨਾਂ ਨੇ ਉਪਰੋਕਤ ਵਾਰ ਨੂੰ ਹੇਠ ਲਿਖਿਆ ਰੂਪ ਦੇ ਕੇ ਗਾਉਣਾ ਤੇ ਪ੍ਰਚਾਰਨਾ ਅਰੰਭ ਦਿਤਾ :

ਮੜ੍ਹੀ ਮਸੀਤਾਂ ਢਾਇ ਕੇ ਕਰ ਦਿਉ ਮੈਦਾਨਾ।
ਪੈਹਲਾ ਪਾਂਧਾ ਪੀਰ ਫਿਰ ਮਾਰੇ ਸੁਲਤਾਨਾ।
ਉੱਤਮ ਸੱਭ ਮੁਹੰਮਦੀ ਖਪ ਜਾਇ ਮੈਦਾਨਾ।
ਸੁਨੱਤ ਕੋਇ ਨਾ ਕਰ ਸਕੇ, ਕੰਬਣ ਤੁਰਕਾਨਾ।
ਭੈਣੀ ਸਤਿਗੁਰ ਜਾਗਿਆ, ਹੋਰ ਝੂਠ ਜਹਾਨਾ।

ਭਾਵ ਇਹ ਕਿ ਮੜ੍ਹੀਆਂ ਮਸੀਤਾਂ ਆਦਿ ਨਿਰਜਿੰਦ ਵਸਤੂਆਂ ਦੀ ਪੂਜਾ ਬੰਦ ਕਰ ਦਿਓ। ਪਾਂਧੇ ਪੀਰ, ਜੋ ਲੋਕਾਂ ਨੂੰ ਭਰਮਾਂ ਭੁਲੇਖਿਆ ਵਿੱਚ ਪਾ ਕੇ ਜਨਤਾ ਨੂੰ ਧਾਰਮਿਕ ਭਰਮਾਂ ਵਿੱਚ ਪਾਉਂਦੇ ਹਨ, ਉਹਨਾਂ ਦੀ ਪੈਰਵੀ ਪਹਿਲਾਂ ਛੱਡੋ। ਪਾਤਸ਼ਾਹਾਂ ਸੁਲਤਾਨਾਂ ਦੀ ਰਾਜਸੀ ਗ਼ੁਲਾਮੀ ਦੀ ਛੱਟ ਉਸ ਤੋਂ ਪਿਛੋਂ ਲਾਹ ਦਿਉ। ਜਿਵੇਂ ਕਈ ਮੁਸਲਮਾਨ ਪਾਤਸ਼ਾਹ ਤੇ ਹਾਕਮ ਧਰਮ ਵਿੱਚ ਜਬਰ ਕਰਨ ਹਿਤ, ਸ਼ਸਤ੍ਰ ਵਰਤਦੇ ਸਨ, ਅਜਿਹੇ ਲੋਕਾਂ ਦਾ ਸ਼ਸਤ੍ਰਾਂ ਨਾਲ ਮੁਕਾਬਲਾ ਕਰੋ ਤੇ ਉਹਨਾਂ ਦਾ ਨਾਸ਼ ਕਰ ਦਿਓ। ਧਰਮ ਵਿੱਚ ਧੱਕਾ ਕੋਈ ਨਾ ਕਰ ਸਕੇ ਤੇ ਤੁਸੀਂ ਇਤਨੇ ਤੱਕੜੇ ਹੋ ਜਾਓ, ਜੁ ਅਜੇਹਾ ਧੱਕਾ ਕਰਨ ਵਾਲੇ ਤੁਹਾਨੂੰ ਦੇਖ ਕੇ ਕੰਬਣ। ਗੁਰੂ, ਜਿਹੜੇ ਕਿ ਜਗਤ ਨੂੰ ਰੋਸ਼ਨੀ ਦਿਖਾਣ ਤੇ ਸੰਸਾਰ ਦੀ ਰਾਹਨੁਮਾਈ ਕਰਨ ਆਏ ਸਨ, ਭਾਵ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਦਸ ਗੁਰੂ ਸਾਹਿਬਾਨ, ਉਹਨਾਂ ਗੁਰੂਆਂ ਦੀ ਆਤਮਕ ਸੱਤਾ ਫਿਰ ਮੁੜ ਕੇ ਭੈਣੀ ਪਿੰਡ ਵਿੱਚ ਚਮਕ ਉੱਠੀ ਹੈ। ਜੋ ਕੋਈ ਇਸ ਵਿੱਚ ਸ਼ੱਕ ਕਰਕੇ, ਕਿਵੇਂ ਹੋਰਵੇਂ ਗੱਲ ਕਹਿੰਦਾ ਹੈ, ਉਹ ਅਸੱਤ ਤੇ ਝੂਠ ਇਸ ਜਹਾਨ ਵਿੱਚ ਬੋਲਦਾ ਹੈ।

ਬਾਬਾ ਰਾਮ ਸਿੰਘ ਦਾ ਵਿਅੱਕਤੀਤਵ, ਉਹਨਾਂ ਦੇ ਉਪਦੇਸ਼ਾਂ ਤੇ ਉਦੇਸ਼ਾਂ ਦਾ ਜੋ ਪ੍ਰਭਾਵ ਲੋਕਾਂ ਦੇ ਮਨਾਂ ਉੱਤੇ ਉਸ ਸਮੇਂ ਪਿਆ, ਦਾ ਵਰਣਨ ਹੈ।

ਬਾਬਾ ਰਾਮ ਸਿੰਘ ਦਾ ਨਿਸ਼ਾਨਾ ਕੀ ਸੀ? ਉਸ ਬਾਰੇ ਕੋਈ ਭਰਮ ਭੁਲੇਖਾ ਉਹਨਾਂ ਦੇ ਜੀਵਨ ਨੂੰ ਜਾਨਣ ਸੁਨਣ ਵਾਲਿਆਂ ਦੇ ਮਨਾਂ ਵਿੱਚ ਨਹੀਂ ਰਹਿ

ਜਾਂਦਾ। ਉਹਨਾਂ ਦਾ ਨਿਸ਼ਾਨਾ ਇਹ ਸੀ : ੧. ਲੋਕ ਆਪਣੇ ਸਰੀਰ ਤੇ ਆਪਣੀ ਰਹਿਣੀ ਬਹਿਣੀ ਨੂੰ ਸੂਚ ਤੇ ਸਾਫ਼ ਰੱਖਣ। ੨. ਲੋਕਾਂ ਦੇ ਮਨ ਭਰਮਾਂ ਭੁਲੇਖਿਆ ਤੇ ਵਹਿਮਾਂ ਵਿਚੋਂ ਨਿਕਲ ਕੇ ਨਰੋਏ ਹੋ ਜਾਣ। ੩. ਸਮਾਜਿਕ ਤੌਰ ਤੇ ਇਸਤ੍ਰੀ ਤੇ ਮਰਦ ਬਰਾਬਰ ਦੇ ਮੰਨੇ ਜਾਣ ਤੇ ਸਰਬ ਸਾਂਝੇ ਵਿਦਿਆ ਦੇ ਪ੍ਰਚਾਰ ਰਾਹੀਂ ਉੱਨਤੀ ਕਰਨ। ੪. ਲੋਕਾਂ ਦੀ ਆਤਮਾ ਧਾਰਮਿਕ ਤੌਰ ਉੱਤੇ ਸੁਰਜੀਤ ਤੇ ਤਕੜੀ ਹੋਵੇ। ੫. ਦੇਸ਼ ਤੇ ਜਨਤਾ, ਬਦੇਸ਼ੀਆਂ ਤੇ ਰਾਜੇ ਰਾਣੀਆਂ ਦੀ ਪ੍ਰਾਧੀਨਤਾ ਤੋਂ ਸੁਤੰਤਰ ਹੋ ਕੇ, ਆਪਣੇ ਰਾਜ ਆਪ ਕਰਨ।

ਇਤਨਾ ਵੱਡਾ ਮਹਾਨ ਕਾਰਜ ਆਪਣੇ ਸਾਹਮਣੇ ਰੱਖ ਕੇ ਬਾਬਾ ਰਾਮ ਸਿੰਘ ਨੇ ਆਪਣੇ ਉਪਦੇਸ਼ ਦੇ ਜੀਵਨ ਕਾਰਜ ਅਰੰਭੇ।

ਸਰੀਰਕ ਸਫ਼ਾਈ ਨੂੰ ਮਨ ਸੰਜਮ ਵਿੱਚ ਰੱਖਣ ਤੇ ਸ਼ਰੀਰ ਨੂੰ ਰਿਸ਼ਟ ਪੁਸ਼ਟ ਰੱਖਣ ਉੱਤੇ ਬਾਬਾ ਰਾਮ ਸਿੰਘ ਬੜਾ ਜ਼ੋਰ ਦਿੰਦੇ ਸਨ। ਬਸਤ੍ਰ ਸਦਾ ਸਾਫ਼ ਤੇ ਨਿਰਮਲ ਪਹਿਨੋ। ਇਕ ਪਹਿਰ ਰਾਤ ਰਹਿੰਦਿਆਂ ਉਠਕੇ ਸਣੇ ਕੇਸੀਂ ਇਸ਼ਨਾਨ ਕਰੋ। ਦਾਤਣ ਹਰ ਰੋਜ਼ ਕਰੋ। ਆਪਣੀ ਰਸੋਈ ਪਕਾਣ, ਵਰਤਾਣ ਤੇ ਖਾਣ ਵਿੱਚ ਸਦਾ ਸਫ਼ਾਈ ਵਰਤੋਂ। ਗੰਦ ਤੇ ਮੈਲ ਨੂੰ ਤਿਆਗਣ ਵਿੱਚ ਕਦੇ ਆਲਸ ਨਾ ਕਰੋ। ਇਹ ਉਪਦੇਸ਼ ਬਾਬਾ ਰਾਮ ਸਿੰਘ ਲੋਕਾਂ ਨੂੰ ਨਿਤਾ ਪ੍ਰਤੀ ਦਿੰਦੇ ਸਨ। ਇਹ ਇਹਨਾਂ ਉਪਦੇਸ਼ਾਂ ਦਾ ਹੀ ਅਸਰ ਹੈ ਜੁ ਬਾਬਾ ਰਾਮ ਸਿੰਘ ਦੇ ਸਮਕਾਲੀ ਅੰਗਰੇਜ਼ ਅਫ਼ਸਰ ਤੇ ਹੋਰ ਲੋਕ, ਜਿਨ੍ਹਾਂ ਵੀ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸਾਥੀਆਂ ਤੇ ਪੈਰੋਕਾਰਾਂ ਦੇ ਦਰਸ਼ਨ ਕੀਤੇ, ਉਹਨਾਂ ਦੇ ਚਿੱਟੇ ਦੁੱਧ ਬਸਤ੍ਰਾਂ ਤੇ ਸਾਫ਼ ਸੁਚ ਰਹਿਣੀ ਬਹਿਣੀ ਤੋਂ ਅਤਿਅੰਤ ਪਰਭਾਵਤ ਹੋਏ। ਇਕ ਵੱਡੇ ਅੰਗਰੇਜ਼ ਅਫ਼ਸਰ ਨੇ ਆਪਣੀ ਸਰਕਾਰ ਨੂੰ ਬਾਬਾ ਰਾਮ ਸਿੰਘ ਬਾਬਤ ਲਿਖਿਆ, ਕਿ ਉਹ ਜਦੋਂ ਆਪਣੇ ਮੁਸਾਹਿਬਾਂ ਨਾਲ ਬਾਹਰ ਨਿਕਲਦੇ ਹਨ ਤਾਂ ਇਉਂ ਪਰਭਾਵ ਪੈਂਦਾ ਹੈ ਜਿਵੇਂ ਕੋਈ ਵੱਡਾ ਰਾਜਸੀ ਨੇਤਾ ਕਿਸੇ ਦੇਸ਼ ਦਾ ਸਰਦਾਰ ਜਾਂ ਸਿੱਕਦਾਰ ਹੋਵੇ। ਅੱਜ ਵੀ, ਬਾਬਾ ਰਾਮ ਸਿੰਘ ਦਾ ਗ਼ਰੀਬ ਤੋਂ ਗ਼ਰੀਬ ਪੈਰੋਕਾਰ, ਨਾਮਧਾਰੀ ਕੂਕਾ, ਆਪਣੇ ਬਸਤ੍ਰਾਂ ਤੇ ਆਪਣੀ ਰਹਿਣੀ-ਬਹਿਣੀ ਦੀ ਸਫਾਈ ਵਿੱਚ ਆਪਣੇ ਗਵਾਂਢੀਆਂ ਕੋਲੋਂ ਵੱਖਰਾ ਤੇ ਵਧੇਰੇ ਸਰੇਸ਼ਟ ਦਿਸ ਆਉਂਦਾ ਹੈ।

ਭਰਮਾਂ ਵਹਿਮਾਂ ਦਾ ਤਿਆਗ ਕਰੋ। ਇਕੋ ਅਕਾਲ ਪੁਰਖ ਦੀ ਪੂਜਾ ਭਗਤੀ ਤੇ ਉਸੇ ਦੇ ਟੇਕ, ਇਹ ਬਾਬਾ ਰਾਮ ਸਿੰਘ ਦਾ ਉਪਦੇਸ਼ ਸੀ ਤੇ ਉਹ ਸਦਾ ਕਹਿੰਦੇ ਸਨ ਜੁ ਇਹੋ ਗੁਰੂਆਂ ਦਾ ਚਲਾਇਆ ਹੋਇਆ ਸਾਰੇ ਜਗਤ ਲਈ ਕਲਿਆਣਕਾਰੀ, ਸਿੱਖੀ ਮਾਰਗ ਹੈ। ਇਸੇ ਉਪਦੇਸ਼ ਨੂੰ ਦ੍ਰਿੜ੍ਹ ਕਰਨ ਹਿਤ ਬਾਬਾ ਰਾਮ ਸਿੰਘ ਕਹਿੰਦੇ

ਸਨ, ਕਿ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੇ ਗੁਰੂ ਗੋਬਿੰਦ ਸਿੰਘ ਦਾ ਦੱਸਿਆ ਪੰਥ ਇਹੋ ਹੈ। ਇਸ ਵਿਸ਼ੇ ਉੱਤੇ ਬਾਬਾ ਰਾਮ ਸਿੰਘ ਦੇ ਬਚਨਾਂ ਦਾ ਸਾਰ ਇਉਂ ਪ੍ਰਚਲਤ ਹੈ :

ਗੁਰੂ ਗਰੰਥ ਮੇਂ ਜੋ ਕੁਛ ਲਿਖਿਆ।
ਸੋਈ ਧਾਰੋ ਮਨ ਮੈਂ ਸਿੱਖਿਆ।
ਦਸਮ ਗੁਰੂ ਕੀ ਰੀਤ ਸੰਭਾਰੋ।
ਲੋਕ ਦੋਹਨ ਕੋ ਜੋ ਰਖਵਾਰੋ।

ਪਰ ਇਹ ਉਪਦੇਸ਼ ਬਾਬਾ ਰਾਮ ਸਿੰਘ ਦਾ ਕੇਵਲ ਉਹਨਾਂ ਨੂੰ ਹੀ ਨਹੀਂ ਸੀ, ਜੋ ਆਪਣੇ ਆਪ ਨੂੰ ਸਿੱਖ ਅਖਵਾਂਦੇ ਸਨ। ਇਹ ਉਪਦੇਸ਼ ਭਰਮਾਂ ਵਹਿਮਾ ਨੂੰ ਤਿਆਗਣ ਦਾ ਤੇ ਇਕ ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਪੂਜਾ ਤੇ ਟੇਕ ਦਾ ਹੈ। ਉਹ ਸਭ ਪਰਾਣੀਆਂ ਨੂੰ ਸਾਂਝਾ ਉਪਦੇਸ਼ ਦਿੰਦੇ ਸਨ ਤੇ ਬਾਰ ਬਾਰ ਇਸ ਸਿਧਾਂਤ ਉੱਤੇ ਜ਼ੋਰ ਦਿੰਦੇ ਸਨ ਕਿ ਇਹੋ ਉਪਦੇਸ਼ ਜਗਤ ਨੂੰ ਦੇਣ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਦਸਾਂ ਗੁਰੂਆਂ ਨੇ ਅਵਤਾਰ ਧਾਰਿਆ ਸੀ। ਬਾਬਾ ਰਾਮ ਸਿੰਘ ਦੇ ਇਸ ਉਪਦੇਸ਼ ਤੇ ਸਿਧਾਂਤ ਤੋਂ ਪਰਭਾਵਤ ਹੋ ਕੇ ਬਹੁਤ ਸਾਰੇ ਪੜ੍ਹੇ ਲਿਖੇ ਹਿੰਦੂ ਤੇ ਮੁਸਲਮਾਨ ਵੀ ਬਾਬਾ ਰਾਮ ਸਿੰਘ ਦੇ ਪੈਰੋਕਾਰ ਬਣ ਗਏ ਸਨ ਤੇ ਉਹ ਵੀ 'ਕੂਕੇ' ਅਖਵਾਂਦੇ ਸਨ। ਕਿਸੇ ਜਨਮ, ਜਾਤੀ, ਜਾਤ ਪਾਤ ਦਾ ਭਿੰਨ ਭੇਦ ਬਾਬਾ ਰਾਮ ਸਿੰਘ ਦੇ ਇਹਨਾਂ ਉਪਦੇਸ਼ਾਂ ਵਿੱਚ ਨਹੀਂ ਸੀ, ਤੇ ਜੱਟ, ਨਾਈ, ਛੀਂਬੇ, ਖੱਤ੍ਰੀ, ਬਰਾਹਮਣ, ਚੂਹੜੇ, ਚਮਾਰ, ਹਿੰਦੂ, ਮੁਸਲਮਾਨ, ਸਭ ਲੋਕ, ਕੋਈ ਥੋਹੜੇ, ਕੋਈ ਬਹੁਤੇ, ਬਾਬਾ ਰਾਮ ਸਿੰਘ ਦੇ ਸ਼ਰਧਾਲੂ ਤੇ ਪੈਰੋਕਾਰ ਬਣ ਗਏ ਸਨ।

ਤੀਜਾ ਉਪਦੇਸ਼ ਬਾਬਾ ਰਾਮ ਸਿੰਘ ਜੀ ਦਾ ਇਸਤਰੀ ਜਾਤੀ ਦੀ ਉੱਨਤੀ ਤੇ ਇਸਤਰੀ ਮਰਦ ਦੋਹਾਂ ਵਿੱਚ ਵਿੱਦਿਆ ਦੇ ਪਰਚਾਰ ਬਾਰੇ ਸੀ। ਕੁੜੀਆਂ ਮਾਰਨ ਦਾ ਰਿਵਾਜ, ਸਿੱਖ ਰਾਜ ਦੇ ਸਮਾਪਤ ਹੋਣ ਪਿਛੋਂ, ਪੰਜਾਬ ਵਿੱਚ ਪਰਚੱਲਤ ਹੋ ਗਿਆ ਸੀ। ਗੁਰੂਆਂ ਨੇ ਇਹਨਾਂ ਕੁਰੀਤੀਆਂ ਦੇ ਵਿਰੁੱਧ ਬੜਾ ਤਕੜਾ ਪ੍ਰਚਾਰ ਕੀਤਾ ਸੀ। ਇਹੋ ਕੁਰੀਤੀਆਂ ਬਾਬਾ ਰਾਮ ਸਿੰਘ ਦੇ ਸਮੇਂ ਮੁੜ ਪ੍ਰਚਲਤ ਹੋ ਗਈਆਂ ਸਨ, ਤੇ ਬਾਬਾ ਰਾਮ ਸਿੰਘ ਨੇ ਇਹਨਾਂ ਕੁਰੀਤੀਆਂ ਦੇ ਬਰਖਿਲਾਫ਼ ਬੜਾ ਜ਼ੋਰਦਾਰ ਪ੍ਰਚਾਰ ਕੀਤਾ। ਪਿਛੋਂ ਜਾ ਕੇ, ਜਦੋਂ ਅੰਗਰੇਜ਼ ਬਾਬਾ ਰਾਮ ਸਿੰਘ ਨੂੰ ਫੜ ਕੇ ਰੰਗੂਨ ਲੈ ਗਏ, ਤਾਂ ਉਥੋਂ ਵੀ ਬਾਬਾ ਜੀ ਪੰਜਾਬ ਦੇ ਲੋਕਾਂ ਤੇ ਸ਼ਰਧਾਲੂਆਂ ਦੇ ਨਾਮ ਸੁਨੇਹੇ ਪੱਤਰ ਭੇਜਦੇ ਰਹੇ। ਉਹਨਾਂ ਸੁਨੇਹਿਆਂ ਵਿੱਚ ਇਸਤ੍ਰੀ ਜਾਤੀ ਦੀ ਉੱਨਤੀ

ਤੇ ਸਨਮਾਨ ਤੇ ਕੁੜੀਆਂ ਦੀ ਵਿਦਿਆ ਬਾਰੇ ਖਾਸ ਤੌਰ 'ਤੇ ਕਿਹਾ ਹੁੰਦਾ ਸੀ। ਇਕ ਅਜਿਹੇ ਪੱਤਰ ਵਿੱਚ ਬਾਬਾ ਜੀ ਦਾ ਹੁਕਮ ਹੈ :

"ਅੱਗੇ ਜੋ ਲੜਕੀ ਮਾਰੇ, ਤੇ ਲੜਕੀ ਬੇਚ ਦੇਨੇ ਕਾ ਬਡਾ ਪਾਪ ਹੈ। ਕਿਉਂਕਿ ਲੜਕੀਆਂ ਮੇਂ ਬਡੇ ਗੁਣ ਹੈਂ। ਅਨੇਕ ਤਰ੍ਹਾਂ ਦੇ ਸੁਖ ਦੇਂਦੀਆਂ ਹੈਂ। ਇਸਤਰੀਆਂ ਦੇ ਗੁਣ ਕਹੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀਆਂ ਦਾ ਮਾਰਨਾਂ ਗਊ ਤੋਂ ਭੀ ਬਡਾ ਪਾਪ ਹੈ।"

ਫੇਰ ਹੁਕਮ ਲਿਖ ਭੇਜਿਆ :

"ਹੋਰ ਲੜਕੇ ਲੜਕੀਆਂ ਸਭ ਨੂੰ ਅੱਖਰ ਪੜ੍ਹਾ ਦੇਣੇ। ਹੋਰ ਲੜਕੀ ਕਿਸੇ ਨਾ ਮਾਰਨੀ। ਨਾ ਵੱਟਾ ਲੈਣਾ ਤੇ ਨਾ ਲੜਕੀ ਦੇ ਦਾਮ ਲੈਣੇ। ਜੇਹੜਾ ਲੜਕੀ ਮਾਰੇ, ਬੇਚੇ, ਵੱਟਾ ਕਰੇ ਉਸ ਦੇ ਹੱਥ ਦਾ, ਘਰ ਦਾ ਅੰਨ ਨਹੀਂ ਵਰਤਣਾ।"

ਇਕ ਹੋਰ ਚਿੱਠੀ ਵਿੱਚ ਹਿਦਾਯਤ ਕੀਤੀ :

"ਸੋ ਸੰਬੂਹ ਸੰਗਤ ਕੋ ਇਹ ਹੁਕਮ ਹੈ, ਖਾਲਸੇ ਜੀ ਕੋ। ਸਭ ਕੋ ਬਾਣੀ ਕੰਠ ਕਰਨੀ। ਨਾਲੇ ਲੜਕੀਆਂ ਨੇਂ। ਹੋਰ ਸਰਬੱਤ ਬੀਬੀਆਂ ਨੇ ਪਿਛਲੀ ਰਾਤ ਉਠ ਕੇ ਸਭ ਨੇਂ ਇਸ਼ਨਾਨ ਕਰਨਾ। ਲੜਕਿਆਂ ਅਰ ਬੀਬੀਆਂ ਨੇ ਅੱਖਰ ਪੜ੍ਹਨੇ ਘਰ ਬੈਠਕੇ।"

ਚੌਥਾ ਉਪਦੇਸ਼ ਬਾਬਾ ਰਾਮ ਸਿੰਘ ਦਾ ਲੋਕਾਂ ਨੂੰ ਆਤਮਕ ਤੌਰ ਉੱਤੇ ਤਕੜਾ ਤੇ ਸਬਲ ਕਰਨ ਬਾਰੇ ਸੀ। ਬਾਬਾ ਰਾਮ ਸਿੰਘ ਲੋਕਾਂ ਨੂੰ ਨਾਮ ਜਪਣ, ਈਸ਼ਵਰ ਦਾ ਸਿਮਰਨ ਕਰਨ ਤੇ ਸਦਾ ਅਕਾਲ ਪੁਰਖ ਦੇ ਭੈ ਵਿੱਚ ਰਹਿਣ ਦਾ ਉਪਦੇਸ਼ ਦਿੰਦੇ ਸਨ, ਅਤੇ ਨਾਲ ਹੀ ਬੜਾ ਉੱਚਾ ਸੁੱਚਾ ਸਦਾਚਾਰ ਰੱਖਣ ਉੱਤੇ ਜ਼ੋਰ ਦਿੰਦੇ ਸਨ। ਆਪਣੇ ਇਕ ਸੁਨੇਹੇ ਪੱਤ੍ਰ ਵਿੱਚ ਜੋ ਉਹਨਾਂ ਰੰਗੂਨ ਤੋਂ ਪੰਜਾਬ ਵਿੱਚ ਸ਼ਰਧਾਲੂਆਂ ਲਈ ਭੇਜੇ, ਬਾਬਾ ਜੀ ਨੇ ਲਿਖਿਆ :

'ਇਸ਼ਨਾਨ ਪਿਛਲੀ ਰਾਤ ਕਰਨਾ ਬਰ ਜ਼ਰੂਰ, ਗੁਰੂ ਜੀ ਕਾ ਹੁਕਮ ਹੈ। ਸਵਾ ਪਹਿਰ ਰਾਤ ਦਾ ਗੁਰੂ ਜੀ ਨੇ ਵਡਾ ਮਹਾਤਮ ਕਹਿਆ ਹੈ। ਰਾਤ ਕੋ ਬਾਣੀ ਪੜ੍ਹਨੀ। ਦਿਨੇਂ ਭਜਨ ਕਰਨਾ। ਫੇਰ ਤੁਰਦੇ ਫਿਰਦੇ, ਕੰਮ ਕਰਦੇ ਤੇ ਜੇ ਵੇਹਲ ਲਗੇ ਤਾਂ ਇਕਾਂਤ ਬੈਠ ਕੇ ਭਜਨ ਬਾਣੀ ਕਰਨਾ।"

ਇਕ ਹੋਰ ਵੇਲੇ ਦਾ, ਬਾਬਾ ਜੀ ਦਾ ਬਚਨ ਹੈ।

"ਮੈਨੂੰ ਜੋ ਹੁਕਮ ਹੈ ਗੁਰੂ ਸਾਹਿਬ ਦਾ, ਸੋ ਮੈਂ ਲਿਖ ਦਿੰਦਾ ਹਾਂ। ਸਭ ਨੂੰ ਸੁਣਾਇ ਦੇਣਾ। ਜੋ ਕੋਈ ਭੀ ਚੀਜ਼ ਨਾ ਲਵੇ ਕਿਸੇ ਦੀ। ਖੋਹ ਲੈਣਾ, ਚੁਰਾਇ ਲੈਣਾ, ਲੈ ਕੇ ਨਾ ਦੇਣਾ, ਇਹ ਮਹਾਂ ਪਾਪ ਹੈ। ਸੋ ਜੀ, ਇਹ ਬਾਤ ਸਭ ਨੂੰ ਸੁਣਾਇ ਦੇਣੀ, ਜੋ ਬਗਾਨੀ ਚੀਜ਼ ਦਾ ਸਭ ਕੋਈ ਤਿਆਗ ਕਰੇ।"

ਇਕ ਸਿੰਘ ਬਾਬਾ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਰੰਗੂਨ ਗਿਆ ਤਾਂ ਉਸ ਨੂੰ, ਮੁੜਦੇ ਨੂੰ, ਇਹ ਸੁਨੇਹਾ ਪੰਜਾਬ ਦੇ ਸ਼ਰਧਾਲੂਆਂ ਦੇ ਨਾਮ ਦਿਤਾ :

'ਸਭ ਨੂੰ ਬਾਣੀ ਕੰਠ ਕਰਨ ਦਾ ਹੁਕਮ ਸੁਣਾਈਂ। ਜੇ ਪੁਜ ਆਵੇ ਤਾਂ ਪੰਜ ਗਰੰਥੀ ਕੰਠ ਕਰਨ। ਨਹੀਂ ਤਾਂ ਜਪੁ, ਜਾਪ, ਰਹਿਰਾਸ, ਆਰਤੀ, ਸੋਹਿਲਾ, ਸੁਖਮਣੀ, ਆਸਾ ਦੀ ਵਾਰ, ਸਭ ਕੰਠ ਕਰਨ, ਜਨਾਨੇ, ਮਰਦਾਨੇ। ਨਾਲੇ ਪਿਛਲੀ ਰਾਤੇ ਨ੍ਹਾਇ ਕੇ ਪੜ੍ਹਨ। ਨਾਲੇ ਫੇਰ ਬਾਣੀ ਪੜ੍ਹ ਕੇ ਜਿਤਨਾਂ ਬਣ ਆਵੇ, ਭਜਨ ਕਰਨ। ਗੁਰੂ ਜੀ ਦੇ ਅਗੇ ਅਰਦਾਸ ਕਰਨੀ, ਹੱਥ ਜੋੜ ਕੇ। ਬਾਣੀ ਪੜ੍ਹ ਕੇ। ਖਾਲਸਾ ਜੀ, ਗੁਰੂ ਜੀ ਨੇ ਕਿਹਾ ਹੈ : 'ਭਜਹੁ ਗੋਬਿੰਦ ਭੂਲ ਮਤ ਜਾਹੁ'। ਫਿਰ ਗੁਰੂ ਜੀ ਨੇ ਅਨੇਕ ਬਾਰ ਇਹ ਬਾਤ ਲਿਖੀ ਹੈ, ਸਾਰੇ ਗੁਰੂ ਗਰੰਥ ਸਾਹਿਬ ਮੇਂ।"

ਇਕ ਹੋਰ ਪੱਤ੍ਰ, ਜੋ ਬਾਬਾ ਰਾਮ ਸਿੰਘ ਨੇ ਪੰਜਾਬ ਨੂੰ ਭੇਜਿਆ ਉਸ ਵਿੱਚ ਲਿਖਿਆ :

"ਇਹ ਦੇਹਾਂ ਦਾ ਮੇਲਾ ਕੋਈ ਦਿਨ ਹੈ। ਧਨ ਨੂੰ, ਪੁਤਾ ਧੀਆਂ ਨੂੰ, ਦੌਲਤ ਨੂੰ ਛਡ ਛਡ ਕੇ ਪ੍ਰਿਥਵੀ ਚਲੀ ਜਾਂਦੀ ਹੈ। ਏਹੋ ਇਸ ਪਰਾਨੀ ਦੇ ਪਲੇ ਰਹਿੰਦਾ ਹੈ : ਕੁਛ ਪੁਨ ਦਾਨ ਅਰ ਭਜਨ ਬੰਦਗੀ ਹੋਇ ਆਵੇ ਤਾਂ। ਸਰੀਰ ਦਾ ਕੁਛ ਇਤਬਾਰ ਨਹੀਂ ਹੈ। ਗੁਰੂ ਸਾਹਿਬ ਨੇ ਕਹਿਆ ਹੈ, "ਨਹਿ ਬਾਰਕ ਨਹਿ ਜੋਬਨੈ, ਨਹਿ ਬਿਰਧੀ ਕਛੂ ਬੰਧ।"

ਫੇਰ ਲਿਖਿਆ :

"ਹੋਰ, ਬਗਾਨੀ ਅੰਸ ਕਿਸੇ ਨਹੀਂ ਖਾਣੀ, ਨਾ ਲੈਣੀ। ਨਾ ਚੁਰਾ ਕੇ, ਨਾ ਠੱਗੀ ਕਰਕੇ। ਜੇ ਡਿੱਗੀ ਪਈ ਭੀ ਲਭੇ ਤਾਂ ਜਿਸ ਦੀ ਹੋਵੇ ਉਸ ਨੂੰ ਹੋਕਾ ਦੇ ਕੇ ਦੇ ਦੇਵੇ। ਕਰਜਾ ਲੈਣਾ, ਲੈ ਕੇ ਨਾਂ ਦੇਣਾ, ਚੋਰੀ ਧਾੜੇ ਤੇ ਬਡਾ ਪਾਪ ਹੈ। ਸੋ ਖਾਲਸਾ ਜੀ, ਬਗਾਨੀ ਅੰਸ ਦਾ ਤਿਆਗ ਕਰਨਾ ਬਡਾ ਧਰਮ ਹੈ। ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥"

ਹੋਰ, ਇਕ ਵੇਰ ਇਹ ਉਪਦੇਸ਼ ਦਿਤਾ :

"ਅੱਗੇ, ਮਾਸ ਖਾਣ ਬਾਬਤ ਗੁਰੂ ਜੀ ਲਿਖੀ ਹੈ। ਮੱਕੇ ਦੀ ਗੋਸਟ ਵਿੱਚ ਲਿਖਾ ਹੈ। ਮਾਸ ਸੋ ਖਾਇ, ਜਿਸਅ ਜੀ ਕੋ ਖਾਇ ਉਸ ਕੋ ਜਵਾਇ ਦੇਵੈ। ਪਰ ਜਿਨ ਬੰਦਗੀ ਕਰਨੀ ਹੈ ਉਹ ਮਾਸ ਨਾ ਖਾਇ। ਸ਼ਰਾਬ ਕੋ ਭੀ ਮਨੇ ਕੀਆ ਗੁਰੂ ਗਰੰਥ ਸਾਹਿਬ ਜੀ ਮੇਂ। 'ਆਪਣਾ ਪਰਾਇਆ ਨਾ ਸੁਝਈ ਖਸਮ ਧੱਕੇ ਖਾਇ। ਝੂਠਾ ਮੱਧ ਮੂਲ ਨਾ ਪੀਜਈ ਜੇ ਕਾ ਪਾਰ ਵਸਾਇ'। ਤਾ ਤੇ ਦੋਨੋਂ ਨਹੀਂ ਵਰਤਣੇ, ਮਾਸ

ਸ਼ਰਾਬ। ਇਹ ਤਾਂ ਮਲੇਛਾਂ ਦਾ ਖਾਣਾ ਹੈ। ਜੋ ਖਾਊ ਉਸ ਦੀ ਬੁਧ ਮਲੇਛ ਹੋਇ ਜਾਊਗੀ।"

ਸਾਡੇ ਦੇਸ਼ ਵਿੱਚ ਇਹ ਪੁਰਾਣਾ ਖ਼ਿਆਲ ਹੈ, ਜੁ ਲੋਕ ਮਹਾਂ ਪੁਰਖਾਂ, ਸੰਤਾਂ, ਪੀਰਾਂ ਦੀ ਜੂਠ ਖਾਣ ਦਾ ਬੜਾ ਮਹਾਤਮ ਮੰਨਦੇ ਹਨ, ਤੇ ਇਉਂ ਮੰਨਦੇ ਹਨ ਜੁ ਇਹ ਜੂਠਾ ਖਾਣ ਨਾਲ ਆਤਮਾ ਸ਼ੁੱਧ ਹੋ ਜਾਂਦੀ ਹੈ। ਕੁਛ ਸ਼ਰਧਾਲੂਆਂ ਨੇ ਬਾਬਾ ਰਾਮ ਸਿੰਘ ਜੀ ਕੋਲ ਬੇਨਤੀ ਕਰ ਭੇਜੀ ਕਿ ਉਹ ਅਪਣੀ ਕੋਈ ਜੂਠੀ ਚੀਜ਼, ਜਿਸ ਨੂੰ ਕਿ ਸੀਤ ਪ੍ਰਸਾਦ ਕਹਿੰਦੇ ਹਨ, ਉਹਨਾਂ ਸ਼ਰਧਾਲੂਆਂ ਨੂੰ ਭੇਜ ਦੇਣ। ਇਸ ਬੇਨਤੀ ਦੇ ਉੱਤਰ ਵਿੱਚ ਬਾਬਾ ਰਾਮ ਸਿੰਘ ਨੇ ਲਿਖਿਆ :

"ਹੋਰ, ਭਾਈ, ਸੀਤ ਪ੍ਰਸਾਦ ਦੀ ਤਾਂ ਮੈਂ ਬਾਤ ਅਗੇ ਕਈ ਬਾਰ ਲਿਖੀ ਹੈ, ਜੋ ਜੂਠਾ ਨਾ ਕੋਈ ਕਿਸੇ ਦਾ ਖਾਵੇ ਤੇ ਨਾ ਕੋਈ ਕਿਸੇ ਨੂੰ ਦੇਵੇ। ਤੁਸੀਂ ਨਹੀਂ ਸੁਣੀ। ਸੀਤ ਪ੍ਰਸਾਦ ਤਾਂ ਬਚਨ ਮੰਨਣਾਂ ਹੈ। ਗੁਰੂ ਜੀ ਨੇ ਤਾਂ ਇਹ ਸੀਤ ਪ੍ਰਸਾਦ ਕਹਾ ਹੈ। ਅਜ ਦੇ ਸਮੇਂ ਮੇਂ ਤਾਂ ਜੂਠਾ ਟੁੱਕ ਖਾ ਕੇ ਕੋਈ ਨਹੀਂ ਡਿੱਠਾ ਬਬਾਨਾਂ ਉੱਤੇ ਚੜ੍ਹ ਜਾਂਦਾ। ਬਚਨ ਮਨ ਕੇ ਤਾਂ ਅਨੇਕ ਉਧਰੇ ਹੈ। ਸੋ ਜੀ, ਜੋ ਗੁਰੂ ਜੀ ਦਾ ਬਚਨ ਹੈ, ਭਾਈ, ਉਸ ਦੇ ਮੰਨਣ ਦੀ ਕਰੋ।"

ਇਹ ਸਨ ਸ਼ੁਭ ਉਪਦੇਸ਼, ਜਿਨ੍ਹਾਂ ਰਾਹੀਂ ਬਾਬਾ ਰਾਮ ਸਿੰਘ ਨੇ ਆਪਣੇ ਦੇਸ਼ ਤੇ ਜਾਤੀ ਦੇ ਲੋਕਾਂ ਦੀ ਸਰੀਰਕ, ਆਤਮਕ ਤੇ ਭਾਈਚਾਰਕ ਦਸ਼ਾ ਨੂੰ ਉੱਚਾ ਕਰਨ ਦਾ ਜਤਨ ਕੀਤਾ। ਪਰ ਬਾਬਾ ਰਾਮ ਸਿੰਘ ਦਾ ਇਹ ਪ੍ਰਪੱਕ ਨਿਸ਼ਚਾ ਸੀ ਕਿ ਕੋਈ ਦੇਸ਼ ਜਾਤੀ ਪ੍ਰਾਧੀਨਤਾ ਵਿੱਚ ਵਧ ਫੁੱਲ ਨਹੀਂ ਸਕਦੀ ਤੇ ਇਸ ਲਈ ਉਹ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਕੱਢਣ ਦੀਆਂ ਵਿਉਂਤਾ ਸਦਾ ਸੋਚਦੇ ਰਹਿੰਦੇ ਸਨ। ਅੰਗਰੇਜ਼ਾਂ ਦੇ ਰਾਜ ਨੂੰ ਦੇਸ਼ ਵਿਚੋਂ ਖਤਮ ਕਰਨ ਲਈ ਉਹਨਾਂ ਨੇ ਚਾਰ ਸਾਧਨ ਸੋਚੇ ਸਨ। ਪਹਿਲਾ ਤਾਂ ਇਹ ਕਿ ਲੋਕਾਂ ਦਾ ਆਚਰਨ ਤੇ ਆਤਮਕ ਜੀਵਨ ਉੱਚਾ ਕਰਕੇ ਉਹਨਾਂ ਦੇ ਮਨਾਂ ਨੂੰ ਨਿਰਭੈ ਤੇ ਕੁਰਬਾਨੀ ਕਰਨ ਲਈ ਤਿਆਰ ਕੀਤਾ ਜਾਵੇ। ਦੂਜੇ ਇਹ ਕਿ ਲੋਕ ਆਪਣੇ ਨਿਤਾਪ੍ਰਤੀ ਦੇ ਜੀਵਨ ਵਿੱਚ ਬਿਦੇਸ਼ੀ ਰਾਜ ਕਰਨ ਵਾਲਿਆਂ ਦੀ ਚਲਾਈ ਹੋਈ ਕਿਸੇ ਸੰਸਥਾ ਦਾ ਆਸਰਾ ਤੇ ਸਹਾਰਾ ਨਾ ਢੂੰਡਣ। ਤੀਜੇ, ਲੋਕ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਥੇਬੰਦ ਹੋ ਜਾਣ, ਤੇ ਚੌਥੇ, ਲੋਕ ਹਥਿਆਰਾਂ ਦੀ ਵਰਤੋਂ ਫੌਜੀ ਢੰਗ ਨਾਲ ਸਿੱਖ ਲੈਣ। ਦੇਸ਼ ਦੀ ਆਜ਼ਾਦੀ ਦੇ ਪ੍ਰੋਗਰਾਮ ਨੂੰ ਇਉਂ ਸੋਚ ਕੇ ਉਲੀਕ ਲੈਣਾ, ਤੇ ਉਸ ਉੱਤੇ ਚੁੱਪ ਚਪਾਤੇ ਤੇ ਸੁਚੱਜੇ ਢੰਗ ਨਾਲ ਅਮਲ ਵੀ ਸ਼ੁਰੂ ਕਰ ਦੇਣਾ ਕਿਸੇ ਆਮ ਦਿਮਾਗ ਦਾ ਕੰਮ ਨਹੀਂ ਸੀ, ਤੇ ਨਾ ਹੀ ਕੋਈ ਸਾਧਾਰਣ ਬਿਰਤੀਆ ਵਾਲਾ ਆਦਮੀ

ਅਜੇਹੀਆਂ ਮਹਾਨ ਵਿਉਂਤਾਂ ਸੋਚ ਸਕਦਾ ਸੀ। ਇਹਨਾਂ ਚੌਹ ਸਾਧਨਾਂ ਵਚੋਂ ਪਹਿਲੇ ਸਾਧਨ ਦੀ ਪੂਰਤੀ ਲਈ ਜੋ ਉਪਦੇਸ਼ ਬਾਬਾ ਜੀ ਨੇ ਦਿੱਤੇ ਉਹ ਪਿਛੇ ਦੱਸ ਆਏ ਹਾਂ। ਹੁਣ ਦੱਸਾਂਗੇ ਜੋ ਬਾਕੀ ਤਿੰਨ ਵਿਉਂਤਾਂ ਨੂੰ ਸਿਰੇ ਚਾੜ੍ਹਨ ਲਈ ਬਾਬਾ ਜੀ ਨੇ ਕੀ ਕੀ ਕੀਤਾ।

ਬਾਬਾ ਰਾਮ ਸਿੰਘ ਨੇ ਆਪਣੇ ਸਭ ਸ਼ਰਧਾਲੂਆਂ ਨੂੰ ਹਿਦਾਇਤ ਕਰ ਦਿੱਤੀ ਕਿ ਉਹ ਅੰਗਰੇਜ਼ਾਂ ਦੇ ਚਲਾਏ ਹੋਏ ਡਾਕ, ਰੇਲ ਤੇ ਕਚਹਿਰੀਆਂ ਦੀ ਵਰਤੋਂ ਬਿਲਕੁਲ ਨਾ ਕਰਨ, ਤੇ ਨਾ ਹੀ ਅੰਗਰੇਜ਼ਾਂ ਦੀਆਂ ਬਰਾਮਦ ਕੀਤੀਆਂ ਹੋਈਆਂ ਬਿਦੇਸ਼ੀ ਚੀਜ਼ਾਂ ਦੀ ਵਰਤੋਂ ਕਰਨ। ਨਾਮਧਾਰੀਆਂ ਨੇ ਸੰਨ ੧੮੬੦ ਦੇ ਲਾਗੇ ਚਾਗੇ ਹੀ ਆਪਣਾ ਸੁਦੇਸ਼ੀ ਡਾਕ ਦਾ ਪ੍ਰਬੰਧ ਮੁਕੰਮਲ ਕਰ ਲਿਆ ਸੀ। ਡਾਕ ਤੇ ਚਿੱਠੀਆਂ ਹਰਕਾਰਿਆਂ ਰਾਹੀਂ ਵਖੋ ਵੱਖਰੇ ਇਲਾਕਿਆਂ ਵਿੱਚ ਭੇਜੀਆਂ ਜਾਂਦੀਆਂ ਸਨ ਤੇ ਇਹ ਹਰਕਾਰੇ ਬਿਨਾਂ ਤਨਖਾਹ ਤੋਂ ਸੇਵਾ ਭਾਵ ਨਾਲ ਹੀ ਡਾਕ ਲਿਆਉਂਦੇ ਲਿਜਾਂਦੇ ਸਨ। ਇਹ ਪ੍ਰਬੰਧ ਅਜੇਹਾ ਪੱਕਾ ਸੀ ਜੁ ਬਿਦੇਸ਼ੀ ਹਾਕਮਾਂ ਨੂੰ ਇਸ ਡਾਕ ਦੇ ਲਿਆਉਣ ਲਿਜਾਣ ਦੇ ਰਾਹਾਂ ਦੀ ਭੀ ਸੂਹ ਨਹੀਂ ਸੀ ਲੱਗਦੀ। ਇਉਂ ਹੀ ਨਾਮਧਾਰੀ, ਬਹੁਤ ਕਰਕੇ, ਸਿੱਧੇ ਰਾਹਾਂ ਪੱਗਡੰਡੀਆਂ ਉਤੋਂ ਦੀ ਪੈਦਲ ਜਾਂ ਘੋੜਿਆਂ 'ਤੇ ਪੰਧ ਕਰਦੇ ਸਨ ਤੇ ਰੇਲਾਂ 'ਤੇ ਨਹੀਂ ਸੀ ਚੜ੍ਹਦੇ। ਕਚਹਿਰੀਆਂ ਵਿੱਚ ਤਾਂ ਨਾਮਧਾਰੀ ਆਪਣੇ ਮੁਕੱਦਮੇਂ ਅੱਜ ਤਕ ਵੀ ਨਹੀਂ ਲਿਜਾਂਦੇ ਤੇ ਆਪਣੇ ਝਗੜੇ ਆਪਣੀਆਂ ਨਿਜੀ ਪੰਚਾਇਤਾਂ ਰਾਹੀਂ ਹੀ ਮੁਕਾ ਲੈਂਦੇ ਹਨ। ਬਿਦੇਸ਼ੀ ਕੱਪੜਾ ਤੇ ਹੋਰ ਬਿਦੇਸ਼ੀ ਚੀਜ਼ਾਂ ਦੀ ਵਰਤੋਂ ਭੀ ਨਾਮਧਾਰੀ ਵਾਹ ਲਗਦੀ ਨਹੀਂ ਕਰਦੇ। ਇਸ ਦਾ ਸਿੱਟਾ ਇਹ ਹੋਇਆ ਕਿ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਨੂੰ ਮੰਨਣ ਵਾਲੇ, ਅੰਗਰੇਜ਼ਾ ਦੀ ਅਧ ਪਚੱਧੀ ਗੁਲਾਮੀ ਵਿੱਚੋਂ ਤਾਂ ਉਸੇ ਵਾਲੇ ਹੀ ਨਿਕਲ ਗਏ। ਪੂਰਨ ਸਵਰਾਜ ਪ੍ਰਾਪਤ ਕਰਨ ਲਈ ਹੁਣ ਇਕ ਹੋਰ ਹੰਭਲਾ ਮਾਰਨ ਦੀ ਹੀ ਲੋੜ ਸੀ ਤੇ ਦੇਸ਼ ਅੰਗਰੇਜ਼ ਦੇ ਰਾਜ ਹੇਠੋਂ ਉਦੋਂ ਹੀ ਨਿਕਲ ਆਉਣਾ ਸੀ। ਪਰ ਕੁਛ ਘਟਨਾਵਾਂ ਬਾਬਾ ਰਾਮ ਸਿੰਘ ਦੇ ਵੱਸ ਤੋਂ ਬਾਹਰ ਦੀਆਂ ਹੋ ਗਈਆਂ, ਜਿਸ ਕਰਕੇ ਬਾਬਾ ਰਾਮ ਸਿੰਘ ਦੀਆਂ ਮਿਥੀਆਂ ਹੋਈਆਂ ਵਿਉਂਤਾਂ ਸਿਰੇ ਨਾ ਚੜ੍ਹ ਸਕੀਆਂ ਤੇ ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ ਵਿੱਚ ਭੇਜ ਦਿੱਤਾ, ਜਿਥੋਂ ਉਹ ਮੁੜ ਕੇ ਆਪਣੇ ਦੇਸ਼ ਨਾ ਆ ਸਕੇ। ਇਹ ਸਾਰੀ ਕਥਾ ਅਗੇ ਚੱਲ ਕੇ ਦੱਸਾਂਗੇ। ਪਹਿਲਾਂ ਇਹ ਦੱਸ ਲਈਏ, ਜੁ ਬਾਬਾ ਜੀ ਨੇ ਲੋਕਾਂ ਨੂੰ ਕਿਵੇਂ ਜਥੇਬੰਦ ਕੀਤਾ ਤੇ ਫੌਜੀ ਤਾਕਤ ਬਨਾਉਣ ਲਈ ਕੀ ਉਪਰਾਲਾ ਕੀਤਾ।

ਜਿਥੇ-ਜਿਥੇ ਲੋਕ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਨੂੰ ਗ੍ਰਹਿਣ ਕਰਕੇ ਉਹਨਾਂ ਦੇ ਸ਼ਰਧਾਲੂ ਬਣਦੇ ਗਏ, ਉਹਨਾਂ ਇਲਾਕਿਆਂ ਵਿੱਚ ਸ਼ਰਧਾਲੂਆਂ ਨੂੰ ਜਥੇਬੰਦ ਕਰਨ ਹਿਤ, ਤੇ ਬਾਕੀ ਜਨਤਾ ਵਿੱਚ ਧਰਮ ਦਾ ਤੇ ਬਾਬਾ ਰਾਮ ਸਿੰਘ ਦੇ ਉਦੇਸ਼ਾਂ ਦਾ ਪ੍ਰਚਾਰ ਕਰਨ ਹਿਤ, ਬਾਬਾ ਰਾਮ ਸਿੰਘ ਨੇ ਆਪਣੇ ਨਾਇਬ ਨੀਯਤ ਕੀਤੇ ਜਿਨ੍ਹਾਂ ਨੂੰ ਸੂਬਾ ਕਰ ਕੇ ਬੁਲਾਉਂਦੇ ਸਨ। ਅਜੇਹੇ ਬਾਈ ਸੂਬੇ ਬਾਬਾ ਜੀ ਨੇ ਪੰਜਾਬ ਵਿੱਚ, ਤੇ ਪੰਜਾਬੋਂ ਬਾਹਰ ਵੀ ਨੀਯਤ ਕੀਤੇ। ਮੁਗ਼ਲ ਪਾਤਸ਼ਾਹਾਂ ਵੇਲੇ, ਸੂਬਾ ਓਹੋ ਕੁਛ ਹੁੰਦਾ ਸੀ ਜੋ ਅਜ ਕਲ ਗਵਰਨਰ ਹੈ, ਤੇ ਸ਼ਹਿਨਸ਼ਾਹ ਅਕਬਰ ਨੇ ਆਪਣੇ ਅਧੀਨ ਭਾਰਤ ਦੇਸ਼ ਨੂੰ ਬਾਈ ਇਲਾਕਿਆਂ ਅਰਥਾਤ ਸੂਬਿਆਂ ਵਿਚ ਵੰਡਿਆ ਹੋਇਆ ਸੀ। ਉਸ ਸਮੇਂ ਤੋਂ ਬਾਈਆਂ ਸੂਬਿਆਂ ਦਾ ਭਾਵ ਸਾਰਾ ਭਾਰਤ ਵਰਸ਼ ਲਿਆ ਜਾਣ ਲਗ ਪਿਆ। ਤੀਜੇ ਗੁਰੂ ਅਮਰਦਾਸ ਜੀ ਨੇ ਵੀ ਧਰਮ ਦੇ ਪ੍ਰਚਾਰ ਹਿਤ ਬਾਈ ਮੁਖੀ ਨੀਯਤ ਕੀਤੇ ਸਨ, ਜਿਨ੍ਹਾਂ ਨੂੰ ਬਾਈ ਮੰਜੀਆਂ ਕਹਿੰਦੇ ਹਨ। ਭਾਵੇਂ ਇਹਨਾਂ ਬਾਈਂ ਮੰਜੀਆਂ ਦੇ ਅਧਿਕਾਰ ਵਿੱਚ ਸਾਰਾ ਭਾਰਤ ਦੇਸ਼ ਸ਼ਾਮਿਲ ਨਹੀਂ ਸੀ, ਪਰ ਬਾਈ ਮੰਜੀਆਂ ਨੀਯਤ ਕਰਨ ਦਾ ਅੰਤ੍ਰੀਵ ਭਾਵ ਏਹੋ ਸੀ ਜੁ ਜਿਸ ਧਰਮ ਮਾਰਗ ਦਾ ਪ੍ਰਚਾਰ ਗੁਰੂ ਮਹਾਰਾਜ ਕਰਨਾ ਚਾਹੁੰਦੇ ਹਨ, ਉਸ ਦਾ ਨਿਸ਼ਾਨਾ ਇਸ ਧਰਮ ਨੂੰ ਸਾਰੇ ਭਾਰਤ ਵਰਸ਼ ਵਿੱਚ ਪ੍ਰਚਲਤ ਕਰਨ ਦਾ ਹੈ। ਬਾਬਾ ਰਾਮ ਸਿੰਘ ਨੇ ਆਪਣੇ ਸੂਬਿਆਂ ਦੀ ਜੋ ਬਾਈ ਗਿਣਤੀ ਰੱਖੀ, ਉਸ ਦਾ ਤਾਤਪ੍ਰਜ ਭੀ ਇਹੋ ਸੀ ਜੁ ਜਿਸ ਦੇਸ਼ ਤੇ ਜਾਤੀ ਦੀ ਆਤਮਕ ਉੱਨਤੀ, ਸਮਾਜਕ ਸੁਧਾਰ, ਤੇ ਰਾਜਸੀ ਸਵਰਾਜ, ਉਹਨਾਂ ਦਾ ਮੰਤਵ ਹੈ ਉਹ ਦੇਸ਼ ਸਾਰਾ ਭਾਰਤ ਵਰਸ਼ ਹੈ ਤੇ ਉਹ ਜਾਤੀ, ਸਾਰੇ ਭਾਰਤ ਵਰਸ਼ ਦੇ ਵਸਨੀਕ ਹਨ। ਉਂਜ, ਜੋ ਸੂਬੇ ਬਾਬਾ ਜੀ ਨੇ ਸਥਾਪਤ ਕੀਤੇ ਉਹ ਉਹਨਾਂ ਇਲਾਕਿਆਂ ਵਿੱਚ ਹੀ ਹੋਣੇ ਸਨ, ਜਿਥੇ ਕਿ ਬਾਬਾ ਜੀ ਦਾ ਪ੍ਰਚਾਰ ਤੇ ਸ਼ਰਧਾ ਜੜ੍ਹਾਂ ਪਕੜ ਚੁਕੇ ਸਨ। ਆਰੰਭ ਵਿੱਚ ਬਾਬਾ ਜੀ ਦੇ ਪ੍ਰਚਾਰ ਦਾ ਅਸਰ ਬਹੁਤ ਕਰ ਕੇ ਪੰਜਾਬ ਦੇ ਲੁਧਿਆਣਾ, ਹੁਸ਼ਿਆਰਪੁਰ, ਸਿਆਲਕੋਟ ਤੇ ਅੰਮ੍ਰਿਤਸਰ ਦੇ ਇਲਾਕਿਆਂ ਵਿੱਚ ਹੋਇਆ ਪਰ ਛੇਤੀ ਹੀ ਉਹਨਾਂ ਦੀ ਮਹਿਮਾ ਤੇ ਪ੍ਰਭਾਵ ਦੂਰ ਦੂਰ ਤਕ ਫੈਲ ਗਏ। ਸੰਨ ੧੮੬੩ ਈਸਵੀ ਵਿੱਚ ਸੂਬੇ ਨੀਯਤ ਹੋਏ ਤੇ ਸੰਨ ੧੮੬੪ ਵਿੱਚ ਬਾਈਆਂ ਹੀ ਸੂਬਿਆਂ ਨੇ ਆਪਣਾ ਕੰਮ ਬਾਓ ਬਾਈ ਸੰਭਾਲ ਲਿਆ ਸੀ। ਪੰਜਾਬ ਦੇਸ਼ ਤੋਂ ਬਾਹਰ, ਕਾਬਲ ਵਿੱਚ ਭਾਈ ਬਿਸ਼ਨ ਸਿਘ ਸੂਬਾ ਨੀਯਤ ਹੋਇਆ ਸੀ। ਤੇ ਗਵਾਲੀਅਰ, ਮੱਧ ਪ੍ਰਦੇਸ਼, ਵਿੱਚ ਭਾਈ ਨਰੈਣ ਸਿੰਘ। ਇਉਂ ਹੀ ਬਨਾਰਸ ਵਿੱਚ ਭਾਈ ਕਾਹਨ ਸਿੰਘ ਤੇ ਨੀਪਾਲ

ਵਿੱਚ ਭਾਈ ਸੁਰਜੂ ਸਿੰਘ ਜੀ ਨੀਯਤ ਹੋਏ। ਸੂਬੇ ਧਰਮ ਦਾ ਪ੍ਰਚਾਰ ਭੀ ਕਰਦੇ ਸਨ, ਤੇ ਸ਼ਰਧਾਲੂਆਂ ਦਾ ਭਾਈਚਾਰਕ ਤੇ ਰਾਜਸੀ ਸੰਗਠਨ ਭੀ ਕਰਦੇ ਸਨ। ਇਉਂ ਇਕ ਆਤਮਾ ਕਰਕੇ ਨਰੋਈ, ਸਰੀਰ ਕਰ ਕੇ ਸਬਲ ਤੇ ਭਾਈਚਾਰਕ ਤੌਰ ਉੱਤੇ ਉੱਨਤ ਕੌਮ ਦੀ ਨੀਂਹ ਰਖੀ ਜਾ ਰਹੀ ਸੀ, ਜੋ ਕਿ ਥੋੜ੍ਹੇ ਸਮੇਂ ਵਿੱਚ ਹੀ ਬਿਦੇਸ਼ੀ ਰਾਜ ਦੇ ਚੁੰਗਲ ਵਿਚੋਂ ਨਿਕਲ ਕੇ ਆਪਣਾ ਰਾਜ ਸਥਾਪਤ ਕਰਨ ਦਾ ਦਾਈਆ ਰੱਖਦੀ ਸੀ।

ਉਨ੍ਹੀਵੀਂ ਸਦੀ ਵਿੱਚ ਜਦ ਅੰਗਰੇਜ਼ਾਂ ਦਾ ਰਾਜ ਭਾਰਤ ਦੇਸ਼ ਵਿੱਚ ਸਥਾਪਤ ਹੋਇਆ, ਉਸ ਵੇਲੇ ਬਾਕੀ ਸੰਸਾਰ ਦੀ ਰਾਜਸੀ ਦਸ਼ਾ ਤੇ ਕੌਮਾਂਤਰੀ ਵਾਤਾਵਰਣ ਕੁਝ ਅਜੇਹਾ ਹੀ ਸੀ ਕਿ ਉਹ ਭਾਰਤ ਉੱਤੇ ਤੇ ਹੋਰ ਪੂਰਬੀ ਦੇਸ਼ਾਂ ਉੱਤੇ ਪੱਛਮੀ ਦੇਸ਼ਾਂ ਦੇ ਸਾਮਰਾਜ ਦਾ ਸਹਾਈ ਸੀ। ਕਿਸੇ ਪੂਰਬੀ ਦੇਸ਼ ਜਾਂ ਜਾਤੀ ਦਾ ਪੱਛਮੀ ਲੋਕਾਂ ਦੇ ਰਾਜ ਹੇਠੋਂ ਨਿਕਲ ਕੇ ਸਵਤੰਤ੍ਰ ਹੋਣ ਦਾ ਇਕੋ ਇਕ ਰਾਹ ਸੀ। ਉਹ ਇਹ ਕਿ, ਤਲਵਾਰ ਦੇ ਜ਼ੋਰ 'ਤੇ ਫੌਜੀ ਬਲ ਨਾਲ ਬਿਦੇਸ਼ੀ ਰਾਜ ਖਤਮ ਕਰ ਦਿੱਤਾ ਜਾਵੇ। ਅੰਗਰੇਜ਼ ਭਾਰਤ ਦੇ ਜਿਸ ਜਿਸ ਹਿੱਸੇ ਉੱਤੇ ਵੀ ਕਬਜ਼ਾ ਕਰਦੇ ਗਏ, ਉਥੇ ਉਥੇ ਦੇ ਲੋਕਾਂ ਨੂੰ ਹੀ ਸ਼ਸਤ੍ਰਹੀਨ ਬਣਾਉਂਦੇ ਗਏ, ਤੇ ਦੇਸ਼ੀ ਰਾਜਿਆ ਤੇ ਰਜਵਾੜਿਆਂ ਦੀ ਫ਼ੌਜੀ ਤਾਕਤ ਢਿੱਲੀ ਕਰਦੇ ਗਏ। ਇਉਂ ਹੀ ਅੰਗਰੇਜ਼ਾ ਦਾ ਰਾਜ ਭਾਰਤ ਉੱਤੇ ਤੇ ਭਾਰਤ ਵਾਸੀਆਂ ਉੱਤੇ ਕਾਇਮ ਰਹਿ ਸਕਦਾ ਸੀ। ਬਾਬਾ ਰਾਮ ਸਿੰਘ ਇਸ ਨੁਕਤੇ ਨੂੰ ਬੜੀ ਅੱਛੀ ਤਰ੍ਹਾਂ ਸਮਝਦੇ ਸਨ। ਇਸ ਲਈ ਉਹਨਾਂ ਨੇ ਫੌਜੀ ਸ਼ਕਤੀ ਇਕੱਠੀ ਕਰਨ ਵਲ ਵੀ ਧਿਆਨ ਦਿੱਤਾ ਤਾਂ ਜੋ ਲੋੜ ਪਈ ਤੇ ਬਿਦੇਸ਼ੀ ਰਾਜ ਉੱਤੇ ਆਖਰੀ ਹਮਲਾ ਕੀਤਾ ਜਾਵੇ ਤੇ ਸਵੈਰਾਜ ਸਥਾਪਤ ਕਰ ਕੇ ਉਸ ਦੀ ਰੱਖਿਆ ਭਲੀ ਭਾਂਤ ਕੀਤੀ ਜਾ ਸਕੇ। ਆਪਣੇ ਆਲੇ ਦੁਆਲੇ ਦੇ ਸਭ ਹਾਲਾਤ ਉੱਤੇ ਗ਼ੌਰ ਕਰਕੇ, ਬਾਬਾ ਰਾਮ ਸਿੰਘ ਨੇ ਮਹਾਰਾਜਾ ਕਸ਼ਮੀਰ ਤੇ ਮਹਾਰਾਜਾ ਨੀਪਾਲ ਵੱਲ ਆਪਣੇ ਦੂਤ ਭੇਜੇ ਤੇ ਉਹਨਾਂ ਨਾਲ ਸਭ ਗੱਲਬਾਤ ਮਿਥੀ। ਗੱਲ ਇਉਂ ਨਿਬੜੀ ਕਿ ਇਹ ਦੋਵੇਂ ਮਹਾਰਾਜੇ ਆਪਣੇ-ਆਪਣੇ ਰਾਜ ਵਿੱਚ ਬਾਬਾ ਰਾਮ ਸਿੰਘ ਜੀ ਦੇ ਸ਼ਰਧਾਲੂ ਸਿੰਘਾਂ ਦੀਆਂ ਪਲਟਨਾਂ ਖੜ੍ਹੀਆਂ ਕਰਨ ਤੇ ਉਹਨਾਂ ਨੂੰ ਵੀ ਫ਼ੌਜੀ ਸਿਖਿਆ ਦੇ ਕੇ ਹਥਿਆਰਬੰਦ ਕਰਨ। ਸਮਾਂ ਆਉਣ ਉੱਤੇ ਇਹ ਪਲਟਨਾਂ ਹੀ ਦੇਸ਼ ਦੀ ਸਵਤੰਤਰਤਾ ਨੂੰ ਜਿੱਤਣ ਤੇ ਬਚਾਉਣ ਲਈ ਵਰਤੀਆਂ ਜਾ ਸਕਦੀਆਂ ਸਨ। ਉਂਜ ਅੰਗਰੇਜ਼ਾਂ ਦੀਆਂ ਫ਼ੌਜਾ ਤੇ ਪੁਲਸ ਵਿੱਚ ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ਾਂ ਨੂੰ ਅਪਨਾਉਣ ਵਾਲੇ ਤੇ ਉਹਨਾਂ ਲਈ ਸ਼ਰਧਾ ਰੱਖਣ ਵਾਲੇ ਬਹੁਤ ਸਾਰੇ ਆਦਮੀ ਸਨ। ਸਮਾਂ ਆਉਣ ਉੱਤੇ ਇਹ ਲੋਕ ਦੇਸ਼ ਦੀ

ਸਵਤੰਤਰਤਾ ਜਿੱਤਣ ਵਿੱਚ ਨਿਰਸੰਸੈ ਸਹਾਈ ਹੁੰਦੇ। ਇਉਂ ਬਾਬਾ ਰਾਮ ਸਿੰਘ ਨੇ ਦੇਸ਼ ਤੇ ਜਾਤੀ ਨੂੰ ਸਵਤੰਤਰ ਕਰਾਉਣ ਦੀ ਵਿਉਂਤ ਥੋੜ੍ਹੇ ਸਾਲਾਂ ਵਿੱਚ ਹੀ ਉਲੀਕ ਕੇ ਚਾਲੂ ਵੀ ਕਰ ਲਈ ਤੇ ਜੇ ਕੁਛ ਵਿਘਨ, ਜਿਨ੍ਹਾਂ ਦਾ ਕਿ ਵਿਸਥਾਰ ਅੱਗੇ ਆਵੇਗਾ, ਨਾ ਪੈ ਜਾਂਦਾ ਤਾਂ ਉਨ੍ਹੀਵੀਂ ਸਦੀ ਦੀ ਅੰਤਮੀ ਚੌਥਾਈ ਦੇ ਆਰੰਭ ਹੋਣ ਤਕ, ਪਹਿਲਾਂ ਉੱਤਰ ਪੱਛਮੀ ਭਾਰਤ, ਤੇ ਫੇਰ ਸਾਰਾ ਭਾਰਤ ਹੀ ਸਵਤੰਤਰ ਹੋ ਚੁੱਕਾ ਹੁੰਦਾ, ਤੇ ਭਾਰਤ ਦੇ ਵਸਨੀਕ ਇਕ ਉੱਚੀ ਆਤਮਕ ਪੱਧਰ ਉੱਤੇ ਪੁੱਜਣ ਦੇ ਰਾਹ ਉੱਤੇ ਤੁਰ ਪਏ ਹੁੰਦੇ। ਨਾਲ ਹੀ ਸਮਾਜਿਕ ਤੌਰ ਉੱਤੇ ਦੇਸ਼ ਵਾਸੀ ਇਕ ਬੜਾ ਉੱਚਾ, ਭਰਮ-ਰਹਿਤ ਤੇ ਅਗਾਂਹ ਵਧੂ ਭਾਈਚਾਰਾ ਸਥਾਪਤ ਕਰ ਲੈਂਦੇ। ਇਹਨਾਂ ਮਹਾਨ ਕਾਰਜਾਂ ਦੀ ਅਸਫਲਤਾ ਦੇ ਕੀ ਕਾਰਣ ਸਨ ? ਕਿਨ੍ਹਾਂ ਵਿਘਨਾਂ ਕਰਕੇ ਬਾਬਾ ਰਾਮ ਸਿੰਘ ਦੇ ਗੌਰਵ-ਪੂਰਤ ਸੁਪਨੇ ਸਾਮਰਤਖ ਨਾ ਹੋ ਸਕੇ? ਇਹ ਕਾਰਣ ਤੇ ਇਹ ਵਿਘਨ ਬਾਬਾ ਰਾਮ ਸਿੰਘ ਦੇ ਜੀਵਨ ਦਾ ਅੰਤਮ ਭਾਗ ਹਨ ਜਿਨ੍ਹਾਂ ਦਾ ਸੰਖੇਪ ਜਿਹਾ ਵਰਣਨ ਹੁਣ ਕਰਦੇ ਹਾਂ।

ਇਹਨਾਂ ਕਾਰਣਾਂ ਤੇ ਵਿਘਨਾਂ ਵਿਚੋਂ ਵੱਡਾ ਕਾਰਣ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦਾ ਉਹਨਾਂ ਦੇ ਇੰਦੀਏ ਨੂੰ ਨਾ ਸਮਝ ਸਕਣਾ ਤੇ ਜਥੇਬੰਦੀ ਦੇ ਬੰਧਨਾਂ ਦੀ ਵਿਸ਼ੇਸ਼ਤਾ ਦੇ ਲਾਭ ਨਾ ਜਾਣ ਸਕਣਾ ਸੀ। ਉਹਨਾਂ ਨੇ ਕਾਹਲੀ ਵਿੱਚ, ਬਿਨਾਂ ਸਮਾਂ ਵਿਚਾਰੇ ਤੇ ਆਪਣੇ ਆਗੂ ਦੇ ਹੁਕਮਾਂ ਦੀ ਪਾਲਨਾ ਕਰਨ ਦੇ, ਕੁਝ ਅਜੇਹੀਆਂ ਕਾਰਵਾਈਆਂ ਕਰ ਦਿਤੀਆਂ, ਜਿਸ ਕਰਕੇ ਅੰਗਰੇਜ਼ਾਂ ਨੂੰ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸ਼ਰਧਾਲੂਆਂ ਨੂੰ ਦਬਾਉਣ ਦਾ ਮੌਕਾ ਮਿਲ ਗਿਆ।

ਗਊ ਤੇ ਬ੍ਰਾਹਮਣ ਭਾਰਤ ਦੀ ਸੰਸਕ੍ਰਿਤੀ ਦੇ ਚਿਰੰਕਾਲ ਤੋਂ ਚਿੰਨ੍ਹ ਮੰਨੇ ਗਏ ਹਨ। ਗਊ, ਮਨੁੱਖ ਦੇ ਅਧੀਨ ਜੀਵਾਂ ਦਾ ਜੋ ਕਿ ਮਨੁੱਖਾਂ ਦੇ ਨਿਰਬਾਹ ਤੇ ਉਪਜੀਵਕਾ ਵਿੱਚ ਸਹਾਈ ਹਨ, ਪ੍ਰਤਿਨਿਧ ਮੰਨਿਆ ਜਾਂਦਾ ਹੈ। ਬ੍ਰਾਹਮਣ, ਵਿਦਿਆ, ਤਿਆਗ ਤੇ ਆਤਮਕ ਸਾਧਨ ਕਰਨ ਵਾਲਿਆਂ ਦਾ ਪ੍ਰਤਿਨਿਧ ਮੰਨਿਆ ਜਾਂਦਾ ਹੈ। ਜਦੋਂ ਬ੍ਰਾਹਮਣੀ ਮੱਤ ਵਿੱਚ ਕੁਰੀਤੀਆਂ ਤੇ ਗਿਲਾਨੀ ਆ ਗਈ ਤਾਂ ਬ੍ਰਾਹਮਣਾਂ ਦਾ ਪ੍ਰਾਚੀਨ ਸਮਿਆਂ ਵਾਲਾ ਉੱਚਾ ਜੀਵਨ ਨਾ ਰਿਹਾ, ਤੇ ਸਿੱਖ ਮੱਤ ਦੇ ਅਸਰ ਤੇ ਪ੍ਰਚਾਰ ਹੇਠਾਂ "ਗਊ ਗ਼ਰੀਬ", "ਗਊ ਬ੍ਰਾਹਮਣ" ਦੀ ਥਾਂ ਪ੍ਰਚੱਲਤ ਹੋ ਗਏ। ਭਾਵ ਇਹ ਸੀ ਜੁ ਜੀਵਾਂ ਉੱਤੇ ਦਯਾ ਤੇ ਗ਼ਰੀਬ ਦੀ ਰੱਖਿਆ ਗੁਰੂਆਂ ਦੇ ਦਰਸਾਏ ਹੋਏ ਮਾਰਗ ਉੱਤੇ ਚੱਲਣ ਵਾਲਿਆਂ ਦਾ ਧਰਮ ਨਿਸ਼ਾਨਾ ਬਣ ਗਿਆ। ਬਾਬਾ ਰਾਮ ਸਿੰਘ ਨਿਰਸੰਦੇਹ ਉਸੇ ਪੰਥ ਤੇ ਉਹਨਾਂ ਆਦਰਸ਼ਾਂ ਦਾ ਹੀ ਪ੍ਰਚਾਰ ਕਰਦੇ ਸਨ ਜੋ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਦਸ ਗੁਰੂ ਸਾਹਿਬਾਨ

ਭਾਰਤ ਵਾਸੀਆਂ ਤੇ ਜਗਤ ਨੂੰ ਦੱਸ ਗਏ ਸਨ। ਇਸ ਗੱਲ ਉੱਤੇ, ਕਿ ਉਹ ਕੇਵਲ ਗੁਰੂਆਂ ਦੇ ਦੱਸੇ ਹੋਏ ਧਰਮ ਦਾ ਹੀ ਪ੍ਰਚਾਰ ਕਰਦੇ ਹਨ, ਬਾਬਾ ਰਾਮ ਸਿੰਘ ਹਰ ਵੇਲੇ ਜ਼ੋਰ ਦਿੰਦੇ ਸਨ। ਆਪਣੇ ਜਲਾਵਤਨੀ ਦੇ ਦਿਨਾਂ ਵਿੱਚ ਭੇਜੇ ਹੋਏ ਸੁਨੇਹੇ ਪੱਤ੍ਰਾਂ ਵਿੱਚ ਇਕ ਥਾਂ ਬਾਬਾ ਰਾਮ ਸਿੰਘ ਲਿਖਦੇ ਹਨ :

"ਮੈਂ ਤਾਂ ਜੋ ਬਾਤ ਆਖਦਾ ਹਾਂ, ਸੋ ਗੁਰੂ ਜੀ ਦਾ ਹੁਕਮ ਸੁਨਾਉਂਦਾ ਹਾਂ, ਮੈਂ ਤਾਂ ਬੁਰਵਾਲੇ ਦੇ ਮਾਫ਼ਕ ਹਾਂ। ਰਪਟੀਆਂ ਕੋਈ ਬਡਾ ਆਦਮੀ ਨਹੀਂ ਹੁੰਦਾ।"

ਇਕ ਥਾਂ ਹੋਰ ਕਿਹਾ ਹੈ :

"ਮੈਂ ਤਾਂ ਸੋਈ ਹੁਕਮ ਲਿਖਦਾ ਹਾਂ, ਸੰਗਤ ਨੂੰ ਜੋ ਗੁਰੂ ਜੀ ਦਾ ਹੁਕਮ ਹੈ। ਮੈਂ ਗੁਰੂ ਨਹੀਂ, ਰਪਟੀਏ ਦੀ ਮਾਫ਼ਕ ਹਾਂ ਜੀ। ਅੱਗੇ ਮੰਨਣਾ ਸੰਗਤ ਨੇ ਹੈ, ਮਨੌਣਾ ਗੁਰੂ ਜੀ ਨੇ ਹੈ।"

ਕਿਸੇ ਅਪਣੇ ਸ਼ਰਧਾਲੂ, ਭਾਈ ਸਮੁੰਦ ਸਿੰਘ ਨੂੰ ਹੁਕਮ ਲਿਖ ਕੇ ਭੇਜਿਆ :

"ਭਾਈ ਸਮੁੰਦ ਸਿੰਘ ਜੀ, ਤੈਂ ਭਜਨ ਬਾਣੀ ਸੰਗਤਾਂ ਪਾਸੋਂ ਬਹੁਤ ਕਰਾਉਣੀ। ਤੁਸਾਂ ਦਾ ਭੀ ਬਹੁਤ ਭਲਾ ਹੋਊਗਾ। ਸੱਚ ਕਰ ਕੇ ਮੰਨਣਾ। ਹੋਰ ਭਾਈ ਦਸਾਂ ਪਾਤਸ਼ਾਹੀਆਂ ਤੇ ਪਿਛੇ ਗੁਰੂ ਤਾਂ ਮਹਾਰਾਜ ਜੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ। ਸੋ ਸਦਾ ਹੀ ਇਸਥਿਤ ਹੈ। ਹੋਰ ਗੁਰੂ ਕੋਈ ਨਹੀਂ।"

ਸੋ ਬਾਬਾ ਰਾਮ ਸਿੰਘ ਆਪਣੇ ਉਪਦੇਸ਼ਾਂ ਤੇ ਬਚਨਾਂ ਵਿੱਚ ਗਊ ਗਰੀਬ ਦੀ ਰੱਖਿਆ ਬਾਬਤ ਸਦਾ ਹੀ ਕਹਿੰਦੇ ਰਹਿੰਦੇ ਸਨ। ਇਸ ਪ੍ਰਕਾਰ ਦੇ ਬਚਨ ਬਾਬਾ ਜੀ ਕਈ ਵਾਰ ਕਹਿੰਦੇ : "ਗਊ ਗ਼ਰੀਬ ਦੀ ਰਖਿਆ ਵੱਡਾ ਧਰਮ ਹੈ।" "ਗੁਰੂ ਸਾਹਿਬ ਨੇ ਖਾਲਸੇ ਦੀ ਸਾਜਨਾ, ਗਊ ਗ਼ਰੀਬ ਦੀ ਰੱਖਿਆ ਲਈ ਕੀਤੀ ਹੈ।" "ਜਦੋਂ ਭਾਰਤ ਵਿਚੋਂ ਬਿਦੇਸ਼ੀਆਂ ਦਾ ਰਾਜ ਉੱਠ ਜਾਏਗਾ ਤਾਂ ਧਰਮ ਦਾ ਰਾਜ ਅਸਥਾਪਤ ਹੋਵੇਗਾ ਤੇ ਗਊ ਗ਼ਰੀਬ ਦੀ ਰੱਖਿਆ ਹੋਵੇਗੀ।" ਉਂਜ, ਬਾਬਾ ਰਾਮ ਸਿੰਘ ਜੀ ਗਊ ਨੂੰ ਬੇਜ਼ਬਾਨ ਜੀਵਾਂ ਦਾ ਪ੍ਰਤੀਨਿਧ ਤੇ ਚਿੰਨ੍ਹ ਹੀ ਸਮਝਦੇ ਸਨ, ਕੋਈ ਪੂਜਣ ਯੋਗ ਦੇਵੀ ਦੇਵਤਾ ਨਹੀਂ ਸੀ ਮੰਨਦੇ। ਗਊ, ਜੋ ਕਿ ਬੇਜ਼ਬਾਨ ਜੀਵਾਂ ਦਾ ਚਿੰਨ੍ਹ ਹੈ, ਉਸ ਉੱਤੇ ਦਯਾ ਤੇ ਉਸ ਦੀ ਰੱਖਿਆ ਮਾਨੁੱਖ ਦਾ ਧਰਮ ਹੈ, ਜਿਸ ਦਾ ਭਾਵ ਕਿ ਪ੍ਰਾਣੀ ਮਾਤ੍ਰ ਜੀਵਾਂ ਉੱਤੇ ਦਯਾ ਤੇ ਉਹਨਾਂ ਦੀ ਰੱਖਿਆ ਹੈ। ਇਹੋ ਉਪਦੇਸ਼ ਬਾਬਾ ਰਾਮ ਸਿੰਘ ਦਾ ਸੀ। ਬਿਨਾਂ ਅਕਾਲ ਪੁਰਖ ਵਾਹਿਗੁਰੂ ਤੋਂ ਉਹ ਕਿਸੇ ਦੇਵੀ ਦੇਵਤੇ, ਮਨੁੱਖ ਜਨੌਰ ਨੂੰ ਪੂਜਾ ਯਾ ਸ਼ਰਧਾ ਦੇ ਯੋਗ ਨਹੀਂ ਸੀ ਮਿਥਦੇ। ਹਾਂ, ਜੋ ਗਊ ਤੇ ਬੈਲ ਦੀ ਭਾਰਤ ਦੇਸ਼ ਦੀ ਆਰਥਿਕ ਅਵਸਥਾ ਵਿੱਚ ਅਹਿਮੀਅਤ ਤੇ ਗੌਰਵਤਾ ਹੈ ਉਸ ਦਾ ਬਾਬਾ ਜੀ ਨੂੰ ਭਲੀ

ਪ੍ਰਕਾਰ ਗਿਆਨ ਸੀ। ਆਪਣੀ ਇਕ ਚਿੱਠੀ ਵਿਚ, ਜੋ ਕਿ ਉਨ੍ਹਾਂ ਨੇ ਰੰਗੂਨ ਤੋਂ ਪੰਜਾਬ ਨੂੰ ਭੇਜੀ, ਉਸ ਵਿੱਚ ਬਚਨ ਕੀਤਾ :

"ਹੋਰ ਜੀ, ਅਗੇ ਇਹ ਬਾਤ ਹੈ ਜੋ ਜੇ ਤਾਂ ਗੁਰੂ ਸਾਹਿਬ ਨੇ ਗਊਆਂ ਉੱਤੇ ਰੱਛਿਆ ਕੀਤੀ ਤਾਂ ਕੀਤੀ, ਨਹੀਂ ਤਾਂ ਸਾਰੀ ਪ੍ਰਿਥਮੀ ਬੜਾ ਦੁਖ ਪਾਵੇਗੀ। ਕਿਉਂ ਜੋ ਗਾਂਈ ਤਾਂ ਬਿੱਲੇ (ਅੰਗਰੇਜ਼) ਖਾਇ ਲੈਣਗੇ। ਇਸ ਕਰਕੇ ਨਾ ਬੈਲ ਮਿਲੇਗਾ ਗਰੀਬਾਂ ਨੂੰ, ਨਾ ਬਰਖਾ ਹੋਊਗੀ। ਇਹ (ਬਰਮਾ) ਤਾਂ ਹਿੰਦੂ ਦਾ ਬਡਾ ਦੇਸ਼ ਹੈ। ਏਥੇ ਵੀ ਮੁਕ ਗਈਆਂ ਹੈਂ। ਅਰ ਏਥੇ ਸਾਨੂੰ ਗਾਇ ਲੈ ਕੇ ਦਿੱਤੀ ਸੀ (੧੦੦) ਰੁਪਏ ਨੂੰ। ਦੋ ਸੇਰ ਕਚਾ ਦੁੱਧ ਦਿੰਦੀ ਸੀ। ਹੋਰ ਤਿੰਨ ਤਿੰਨ ਸੌ ਰੁਪੈ ਨੂੰ ਗਊ ਆਉਂਦੀ ਹੈ। ਇਸ ਦੇਸ਼ ਮੇਂ ਬਰਖਾ ਨਾਲ ਧਾਣ ਹੋਇ ਜਾਂਦੇ ਹੈਨ। ਹੋਰ ਖੇਤੀ ਹੁੰਦੀ ਨਹੀਂ। ਇਸ ਕਰਕੇ ਲੰਘਦੀ ਹੈ।"

ਬਾਬਾ ਰਾਮ ਸਿੰਘ ਦੇ ਇਸ ਪ੍ਰਕਾਰ ਦੇ ਬਚਨਾਂ ਤੇ ਉਪਦੇਸ਼ਾਂ ਨੂੰ ਸੁਣ ਸੁਣ ਉਹਨਾਂ ਦੇ ਕਈ ਜੋਸ਼ੀਲੇ ਤੇ ਅੰਧ ਵਿਸ਼ਵਾਸ਼ੀ ਸ਼ਰਧਾਲੂ ਇਉਂ ਸਮਝਣ ਲਗ ਪਏ ਜੋ ਉਹ ਬੁੱਚੜਾਂ ਨੂੰ ਮਾਰ ਮੁਕਾਉਣ ਤਾਂ ਇਹ ਧਰਮ ਦਾ ਕੰਮ ਹੋਵੇਗਾ ਤੇ ਬਾਬਾ ਰਾਮ ਸਿੰਘ ਦੇ ਬਚਨਾ ਦੀ ਪਾਲਨਾਂ ਹੋਵੇਗੀ। ਪਰ ਜਦੋਂ ਵੀ ਕਿਸੇ ਸ਼ਰਧਾਲੂ ਨੇ ਬਾਬਾ ਰਾਮ ਸਿੰਘ ਤੋਂ ਸਿੱਧੇ ਤੌਰ 'ਤੇ ਪੁੱਛਿਆ ਕਿ ਕੀ ਉਹ ਬੁੱਚੜਾ ਨੂੰ ਮਾਰ ਦੇਣ ਤਾਂ ਬਾਬਾ ਜੀ ਨੇ ਸਦਾ ਹੀ ਇਸ ਕੰਮ ਤੋਂ ਵਰਜਿਆ। ਬਾਬਾ ਜੀ ਅਜੇਹੀ ਗੱਲ ਪੁੱਛੇ ਜਾਣ ਉੱਤੇ ਸਦਾ ਹੀ ਇਉਂ ਉੱਤਰ ਦਿੰਦੇ : "ਇਹ ਮਾੜਾ ਕੰਮ ਹੈ।" ਜਾਂ "ਹਥਿਆਰ ਚੁੱਕਣ ਦਾ ਸਮਾਂ ਅਜੇ ਨਹੀਂ ਆਇਆ।" ਪਰ ਬੁੱਚੜਾਂ ਨੂੰ ਗਊ ਬੱਧ ਕਰਦਿਆਂ ਦੇਖ ਕੇ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਕੋਲੋਂ ਜਰਿਆ ਨਹੀਂ ਸੀ ਜਾਂਦਾ। ਇਹ ਕੇਵਲ ਜੋਸ਼ ਤੇ ਅੰਧ-ਵਿਸ਼ਵਾਸ਼ ਹੀ ਨਹੀਂ ਸੀ। ਇਕ ਹੋਰ ਕਾਰਣ ਵੀ ਸੀ, ਜਿਸ ਕਰਕੇ ਨਾਮਧਾਰੀ ਸਿੰਘ ਗਊ ਬੱਧ ਨੂੰ ਖੁਲ੍ਹਮ ਖੁਲ੍ਹਾ ਦੇਖ ਜਰ ਨਹੀਂ ਸੀ ਸਕਦੇ। ਇਹ ਕਾਰਣ ਭਾਰਤ ਵਰਸ਼ ਦੇ ਪਿਛਲੇਰੇ ਇਕ ਹਜ਼ਾਰ ਵਰ੍ਹੇ ਦੇ ਇਤਿਹਾਸ ਦੀ ਆਤਮਾ ਵਿੱਚ ਇਸਥਿਤ ਸੀ।

ਗਊ ਬੱਧ ਕਰਨਾ ਤਾਂ ਇਕ ਪਾਸੇ ਰਿਹਾ, ਹਜ਼ਾਰਾਂ ਵਰ੍ਹਿਆਂ ਤੋਂ ਹਿੰਦੂ ਜਾਤੀ ਆਪਣੇ ਦੇਸ਼ ਵਿੱਚ ਜੀਵ ਹਿੰਸਾ ਨੂੰ ਹੀ ਮਾੜਾ ਕੰਮ ਸਮਝਦੀ ਰਹੀ ਸੀ। ਜਦੋਂ ਗਿਆਰ੍ਹਵੀਂ ਸਦੀ ਈਸਵੀ ਵਿੱਚ ਮੁਸਲਮਾਨ ਭਾਰਤ ਵਿੱਚ ਆਏ ਤੇ ਉਹਨਾਂ ਨੇ ਆਪਣਾ ਰਾਜ ਹਿੰਦੂਆਂ ਉੱਤੇ ਕਾਇਮ ਕਰ ਲਿਆ, ਤਾਂ ਮੁਸਲਮਾਨਾਂ ਨੇ ਆਪਣੇ ਅਧੀਨ ਇਲਾਕਿਆਂ ਵਿਚ ਗਊ ਮਾਰਨ ਦੀ ਖੁਲ੍ਹ ਦੇ ਦਿੱਤੀ। ਹੁੰਦੇ ਹੁੰਦੇ ਇਹ ਹੋ ਗਿਆ, ਜੁ ਕਿਸੇ ਇਲਾਕੇ ਉੱਤੇ ਮੁਸਲਮਾਨੀ ਜ਼ੋਰ ਤੇ ਪ੍ਰਭਾਵ ਹੋਣ ਦੀ ਇਹ

ਨਿਸ਼ਾਨੀ ਸਮਝੀ ਜਾਣ ਲਗੀ ਕਿ ਉਥੇ ਗਊ ਮਾਰਨ ਦੀ ਖੁਲ੍ਹ ਹੋਵੇ। ਜਿਥੇ ਬੁੱਚੜ ਗਊਆਂ ਨਾ ਮਾਰ ਸਕਣ ਉਥੇ ਸਮਝਿਆ ਜਾਂਦਾ ਸੀ ਜੁ ਇਥੇ ਹਿੰਦੂਆਂ ਦਾ ਜ਼ੋਰ ਤੇ ਰਾਜ ਭਾਗ ਕਾਇਮ ਹੈ। ਇਉਂ ਇਕ ਹਜ਼ਾਰ ਵਰ੍ਹੇ ਤਕ, ਭਾਰਤ ਦੇਸ਼ ਦੇ ਵੱਖ ਵੱਖਰੇ ਇਲਾਕਿਆ ਵਿੱਚ ਸਮੇਂ ਸਮੇਂ ਵੇਲੇ ਦੇ ਹਾਕਮਾਂ ਵਲੋਂ ਗਊ-ਬੱਧ ਦੀ ਖੁਲ੍ਹ ਜਾਂ ਮਨਾਹੀ ਹੁੰਦੀ ਰਹੀ। ਅੰਗਰੇਜ਼ਾਂ ਨੇ ਜਦੋਂ ਉਨੀਵੀਂ ਸਦੀ ਵਿੱਚ ਭਾਰਤ ਵਰਸ਼ ਉੱਤੇ ਸਣੇ ਸਣੇ ਕਬਜ਼ਾ ਕੀਤਾ ਤਾਂ ਜਿਥੇ ਵੀ ਉਹਨਾਂ ਦੇ ਪੈਰ ਪੱਕੇ ਹੁੰਦੇ ਗਏ, ਉਹ ਸਰਕਾਰੀ ਬੁੱਚੜ ਖਾਨੇ ਖੋਲ੍ਹਦੇ ਗਏ ਤੇ ਗਊ ਬੱਧ ਲਈ ਬੁੱਚੜਾਂ ਨੂੰ ਸਰਕਾਰੀ ਤੌਰ 'ਤੇ ਆਗਿਆ ਦਿੰਦੇ ਰਹੇ। ਜਦੋਂ ਅਠਾਰ੍ਹਵੀਂ ਸਦੀ ਵਿੱਚ ਸਿੱਖਾਂ ਨੇ ਮੁਸਲਮਾਨਾਂ ਦਾ ਰਾਜ ਖ਼ਤਮ ਕਰਕੇ, ਆਪਣਾ ਰਾਜ ਸਥਾਪਤ ਕਰ ਲਿਆ ਸੀ ਤਾਂ ਉਦੋਂ ਆਪਣੇ ਸਾਰੇ ਰਾਜ ਤੇ ਇਲਾਕਿਆਂ ਵਿੱਚ ਗਊ-ਬੱਧ ਦੀ ਮਨਾਹੀ ਕਰ ਦਿੱਤੀ ਸੀ। ਆਪਣੇ ਰਾਜ ਸਥਾਪਤ ਕਰਨ ਤੋਂ ਪਹਿਲਾਂ, ਜਦੋਂ ਵੀ ਸਿੱਖਾਂ ਨੇ ਕਦੇ ਮੁਸਲਮਾਨਾਂ ਜਾਂ ਮੁਸਲਮਾਨ ਹਾਕਮਾਂ ਨਾਲ ਕੋਈ ਸੁਲਾਹ ਦੀ ਗਲਬਾਤ ਜਾਂ ਸੰਧੀ ਕੀਤੀ, ਤਾਂ ਹਮੇਸ਼ਾ ਪਹਿਲੀ ਸ਼ਰਤ ਇਹ ਰੱਖੀ ਜੁ ਗਊ-ਬੱਧ ਰੋਕ ਦਿੱਤਾ ਜਾਵੇ। ਗਊ-ਬੱਧ ਦਾ ਰੋਕਣਾ ਤੇ ਰੁਕਵਾਉਣਾ ਇਸ ਗੱਲ ਦਾ ਸਬੂਤ ਤੇ ਚਿਨ੍ਹ ਸੀ ਜੁ ਬਿਦੇਸ਼ੀਆਂ ਦਾ ਰਾਜ ਤੇ ਗ਼ਲਬਾ ਭਾਰਤ ਵਾਸੀਆ ਜਾਂ ਦੇਸ ਉਤੋਂ ਉਠ ਗਿਆ ਹੈ। ਗਊ-ਬੱਧ ਸਰਕਾਰੀ ਤੌਰ ਉੱਤੇ ਪ੍ਰਵਾਨ ਕਰਨਾ ਇਸ ਗੱਲ ਦਾ ਸਬੂਤ ਤੇ ਚਿਨ੍ਹ ਸੀ ਜੁ ਭਾਰਤ ਦੇਸ਼ ਤੇ ਭਾਰਤ ਵਾਸੀ ਪ੍ਰਾਧੀਨ ਹਨ। ਜਦੋ ੧੮੪੯ ਵਿੱਚ , ਅੰਗਰੇਜ਼ਾਂ ਨੇ ਪੰਜਾਬ ਦੇਸ਼ ਨੂੰ ਆਪਣੇ ਅਧਿਕਾਰ ਹੇਠਾਂ ਲੈ ਕੇ ਇਥੇ ਸਿੱਖ ਰਾਜ ਦਾ ਖ਼ਾਤਮਾ ਕਰ ਦਿੱਤਾ ਤਾਂ ਉਹਨਾਂ ਨੇ ਪਹਿਲਾ ਕੰਮ ਇਹ ਕੀਤਾ ਜੁ ਕਈ ਥਾਵਾਂ ਉੱਤੇ ਗਊ-ਬੱਧ ਦੀ ਸਰਕਾਰੀ ਤੌਰ ਉੱਤੇ ਆਗਿਆ ਦੇ ਦਿੱਤੀ। ਪੰਜਾਬੀਆਂ ਤੇ ਸਿੱਖਾਂ ਨੂੰ ਇਹ ਗੱਲ ਨਿਸ਼ਚੇ ਕਰਵਾਉਣ ਲਈ ਜੁ ਹੁਣ ਉਹਨਾਂ ਦਾ ਆਪਣਾ ਰਾਜ ਨਹੀਂ ਤੇ ਉਹ ਹੁਣ ਅੰਗਰੇਜ਼ਾਂ ਤੇ ਬਿਦੇਸ਼ੀਆਂ ਦੇ ਪ੍ਰਾਧੀਨ ਹਨ, ਅੰਮ੍ਰਿਤਸਰ ਦੇ ਮਹਾਨ ਤੀਰਥ ਉੱਤੇ ਵੀ ਬੁੱਚੜ ਖਾਨਾ ਖੋਹਲ ਦਿੱਤਾ। ਇਹ ਬੁੱਚੜ ਖਾਨਾ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਨੇੜੇ ਹੀ ਖੋਹਲਿਆ ਗਿਆ, ਜਿਸ ਦਾ ਭਾਵ ਇਹ ਹੀ ਲਿਆ ਗਿਆ ਜੁ ਸਿਖ ਤੇ ਹਿੰਦੂ ਪੰਜਾਬੀ ਹੁਣ ਸਮਝ ਲੈਣ ਜੁ ਉਹ ਫਰੰਗੀਆਂ ਦੇ ਪ੍ਰਾਧੀਨ ਹਨ, ਤੇ ਉਹਨਾਂ ਦਾ ਧਾਰਮਿਕ ਸਵੈਮਾਨ ਵੀ ਬਿਦੇਸ਼ੀ ਸਰਕਾਰ ਨਹੀਂ ਰਹਿਣ ਦੇਣਾ ਚਾਹੁੰਦੀ। ਇਹ ਗੱਲ ਕਿਸੇ ਵੀ ਅਣਖ ਵਾਲੇ ਪੰਜਾਬੀ ਨੂੰ ਉਭਾਰਨ ਲਈ ਕਾਫ਼ੀ ਸੀ, ਪਰ ਨਾਮਧਾਰੀ ਸਿੰਘ ਤਾਂ ਬਾਬਾ ਰਾਮ ਸਿੰਘ ਦੀ ਸਿਖਿਆ ਸੰਗਤ ਨਾਲ ਬੜੇ ਜੋਸ਼ੀਲੇ ਤੇ ਅਣਖੀਲੇ ਹੋ ਗਏ ਸਨ, ਤੇ ਪੰਜਾਬ ਤੇ

ਬਾਕੀ ਦੇਸ਼ ਉੱਤੇ ਬਿਦੇਸ਼ੀ ਰਾਜ ਨੂੰ ਇਕ ਬੜਾ ਵੱਡਾ ਉਪੱਦਰਵ ਸਮਝਦੇ ਸਨ। ਇਹਨਾਂ ਕਾਰਨਾਂ ਕਰਕੇ ਨਾਮਧਾਰੀਆਂ ਤੇ ਅੰਗਰੇਜ਼ਾਂ ਵਿਚਕਾਰ ਟੱਕਰ, ਨਿਸ਼ਚਿਤ ਸਮੇਂ ਤੋਂ ਪਹਿਲਾਂ ਤੇ ਬਾਬਾ ਰਾਮ ਸਿੰਘ ਦੀ ਇੱਛਾ ਦੇ ਉਲਟ ਹੀ ਹੋ ਗਈ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਅੰਗਰੇਜ਼ੀ ਸਰਕਾਰ ਦੀ ਚਲਾਈ ਹੋਈ ਦੇਸ਼ ਭਗਤੀ ਤੇ ਆਤਮਕ ਜਾਗ੍ਰਿਤ ਦੀ ਲਹਿਰ ਨੂੰ ਉਸਦੇ ਜਵਾਨ ਹੋਣ ਤੋਂ ਪਹਿਲਾਂ ਹੀ ਸੰਘ ਘੁੱਟ ਕੇ ਮਾਰ ਦਿੱਤਾ ਤੇ ਬਾਬਾ ਰਾਮ ਸਿੰਘ ਨੂੰ ਤੇ ਉਹਨਾਂ ਦੇ ਨਿਕਟ ਵਰਤੀਆਂ ਤੇ ਸੂਬਿਆਂ ਨੂੰ ਦੇਸ ਨਿਕਾਲਾ ਦੇ ਦਿੱਤਾ, ਤੇ ਉਹ ਮੁੜ ਜੀਉਂਦੇ ਆਪਣੇ ਦੇਸ਼ ਨਾ ਆ ਸਕੇ। ਇਹ ਘਟਨਾਵਾਂ ਇਸ ਪ੍ਰਕਾਰ ਹੋਈਆਂ।

ਸੰਨ ੧੮੬੩ ਈਸਵੀ ਤਕ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦੀ ਗਿਣਤੀ ਕਾਫ਼ੀ ਵਧ ਚੁੱਕੀ ਸੀ, ਤੇ ਇਸ ਸਾਲ ਦੀ ਵਿਸਾਖੀ ਤੋਂ ਪਹਿਲਾਂ ਬਾਬਾ ਰਾਮ ਸਿੰਘ ਨੇ ਥਾਂ-ਥਾਂ ਖ਼ਬਰ ਭੇਜ ਦਿੱਤੀ ਜੁ ਉਹ ਵਿਸਾਖੀ ਉੱਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜਾਣਗੇ। ਅੰਗਰੇਜ਼ਾਂ ਦਾ ਰਾਜ ਅਜੇ ਪੰਜਾਬ ਵਿੱਚ ਨਵਾਂ-ਨਵਾਂ ਹੀ ਆਇਆ ਸੀ ਤੇ ਅਜੇ ਛੇ ਸੱਤ ਸਾਲ ਹੀ ਹੋਏ ਸਨ ਕਿ ੧੮੫੭ ਦਾ ਗ਼ਦਰ ਹੋ ਕੇ ਹਟਿਆ ਸੀ, ਜਿਸ ਵਿੱਚ ਅੰਗਰੇਜ਼ਾਂ ਦਾ ਰਾਜ ਖ਼ਤਮ ਹੁੰਦਾ-ਹੁੰਦਾ ਹੀ ਬਚਿਆ ਸੀ। ਬਾਬਾ ਰਾਮ ਸਿੰਘ, ਜਿਹੜੇ ਕਿ ਉਹਨਾਂ ਦਿਨਾਂ ਵਿੱਚ ਭਾਈ ਰਾਮ ਸਿੰਘ ਕਰਕੇ ਸਦੀਂਦੇ ਸਨ, ਥਾਂ-ਥਾਂ ਆਪਣੇ ਪ੍ਰਚਾਰਕ ਜੱਥੇ ਲਈ ਫਿਰਦੇ ਸਨ ਤੇ ਇਸ ਗੱਲ ਦਾ ਧੜਕੂ ਅੰਗਰੇਜ਼ਾਂ ਦੇ ਮਨ ਉੱਤੇ ਬੈਠ ਗਿਆ ਸੀ। ਸੰਨ ੧੮੬੩ ਦੀ ਵਿਸਾਖੀ ਨੂੰ ਬਾਬਾ ਰਾਮ ਸਿੰਘ ਜਦੋਂ ਅੰਮ੍ਰਿਤਸਰ ਪੁੱਜੇ ਤਦ ਉਹਨਾਂ ਨਾਲ ਉਹਨਾਂ ਦੇ ਹਜ਼ਾਰਾਂ ਸ਼ਰਧਾਲੂ ਸਨ। ਅੰਗਰੇਜ਼ ਹਾਕਮਾਂ ਦੇ ਦਿਲ ਵਿੱਚ ਬਾਬਾ ਰਾਮ ਸਿੰਘ ਦੀ ਸ਼ਕਤੀ ਦਾ ਬੜਾ ਡੂੰਘਾ ਪ੍ਰਭਾਵ ਪਿਆ, ਤੇ ਉਹਨਾਂ ਨੇ ਉੱਤੇ ਰਪੋਰਟਾਂ ਕੀਤੀਆਂ ਕਿ ਬਾਬਾ ਰਾਮ ਸਿੰਘ ਦੀ ਦਿਨੋਂ ਦਿਨ ਵਧ ਰਹੀ ਸ਼ਕਤੀ ਬਿਦੇਸ਼ੀ ਰਾਜ ਲਈ ਇਕ ਭਾਰੀ ਖ਼ਤਰਾ ਹੈ। ਅੰਮ੍ਰਿਤਸਰ ਵਿਸਾਖੀ ਮਨਾਣ ਪਿਛੋਂ, ਬਾਬਾ ਰਾਮ ਸਿੰਘ ਆਪਣੇ ਜਥੇ ਸਮੇਤ ਹਰੀਕੇ ਪੱਤਣ ਲੰਘ ਕੇ ਫ਼ੀਰੋਜ਼ਪੁਰ ਵਲ ਚਲੇ ਗਏ ਤੇ ਉਸ ਇਲਾਕੇ ਵਿੱਚ ਆਪਣਾ ਪ੍ਰਚਾਰ ਅਰੰਭ ਦਿਤਾ। ਪਹਿਲੀ ਜੂਨ ਸੰਨ ੧੮੬੩ ਈਸਵੀ ਨੂੰ ਬਾਬਾ ਰਾਮ ਸਿੰਘ ਨੇ ਜ਼ਿਲ੍ਹਾ ਫ਼ੀਰੋਜ਼ਪੁਰ ਦੇ ਪਿੰਡ ਪੋਟਿਆਂ ਵਿੱਚ ਇਕ ਭਾਰੀ ਦੀਵਾਨ ਕੀਤਾ, ਜਿਸ ਉੱਤੇ ਨਾਮਧਾਰੀਆਂ ਦੀਆਂ ਦੋਹਾਂ ਪਾਰਟੀਆਂ ਦਾ ਆਪੋ ਵਿੱਚ ਦੰਗਾ ਹੋ ਗਿਆ ਤੇ ਬਹੁਤ ਸਾਰੇ ਸਿੰਘਾਂ ਨੂੰ ਸੱਟਾਂ ਤੇ ਜ਼ਖ਼ਮ ਲਗੇ। ਬਾਬਾ ਰਾਮ ਸਿੰਘ ਨੇ ਵਿੱਚ ਪੈ ਕੇ ਲੜਾਈ ਹਟਾ ਦਿੱਤੀ ਤੇ ਲੜਨ ਵਾਲੀਆਂ ਧਿਰਾਂ ਨੂੰ ਕਿਹਾ 'ਆਪੋ ਵਿਚੀ ਭਰਾ ਮਾਰੀ ਕਿਉਂ ਕਰਦੇ ਹੋ। ਡਾਢੇ ਨਾਲ ਵਾਹ ਪਵੇਗਾ ਤਾਂ

ਯੁੱਧ ਦਾ ਚਾਅ ਭੀ ਪੂਰਾ ਕਰ ਲੈਣਾ।" ਇਹ ਗੱਲ ਵੀ ਨਿਸ਼ਚਿਤ ਹੈ ਜੁ ਜੱਥੇ ਥਾਂ-ਥਾਂ ਹਨੇਰੇ-ਹਨੇਰੇ ਕਵਾਇਦਾਂ ਤੇ ਹਥਿਆਰਾਂ ਦੀ ਵਰਤੋਂ ਸਿਖ ਰਹੇ ਸਨ, ਤਾਂ ਜੁ ਲੋੜ ਪੈਣ ਉੱਤੇ ਬਿਦੇਸ਼ੀ ਰਾਜ ਨੂੰ ਖ਼ਤਮ ਕਰਨ ਦਾ ਉਪਰਾਲਾ ਕੀਤਾ ਜਾਵੇ। ਪਰ ਆਮ ਲੋਕਾਂ ਦੇ ਮਨ, ਸਿੱਖ ਰਾਜ ਦੇ ਖ਼ਤਮ ਹੋ ਜਾਣ ਉੱਤੇ, ਨਿਤਾਣੇ ਤੇ ਭੈ ਭੀਤ ਹੋ ਚੁੱਕੇ ਸਨ। ਜਿਨ੍ਹਾਂ ਦੇ ਜੀਵਨ ਨੂੰ ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ਾਂ ਤੇ ਸੰਗਤ ਦੀ ਪਾਣ ਨਹੀਂ ਸੀ ਚੜ੍ਹੀ, ਉਹ ਬਿਦੇਸ਼ੀ ਹਾਕਮਾਂ ਦੀ ਪ੍ਰਾਧੀਨਤਾ ਤੇ ਈਨ ਮੰਨਣ ਵਿੱਚ ਹੀ ਸੁਖ ਦਾ ਅਨੁਭਵ ਕਰਦੇ ਸਨ। ਅਜੇਹੇ ਲੋਕਾਂ ਨੇ ਅੰਗਰੇਜ਼ ਹਾਕਮਾਂ ਕੋਲ ਰਪੋਰਟਾਂ ਕੀਤੀਆਂ ਤੇ ਚੁਗਲੀਆਂ ਖਾਧੀਆਂ ਕਿ ਬਾਬਾ ਰਾਮ ਸਿੰਘ ਛੇਤੀ ਹੀ ਦੇਸ ਵਿਚੋਂ ਬਿਦੇਸ਼ੀ ਰਾਜ ਮੁਕਾਉਣ ਦੇ ਬਾਨ੍ਹਣੂ ਬੰਨ੍ਹ ਰਿਹਾ ਹੈ। ਇਕ ਤਾਂ ਅੰਗਰੇਜ਼ ਸੰਨ ੧੮੫੭ ਦੇ ਗ਼ਦਰ ਤੋਂ ਡਰੇ ਹੋਏ ਸਨ, ਤੇ ਦੂਜੇ ਇਹ ਗੱਲ ਸੀ ਵੀ ਠੀਕ, ਜੇ ਬਾਬਾ ਰਾਮ ਸਿੰਘ ਨੂੰ ਥੋਹੜਾ ਸਮਾਂ ਹੋਰ ਨਿਰਵਿਘਨ ਕੰਮ ਕਰਨ ਲਈ ਮਿਲ ਜਾਂਦਾ ਤਾਂ ਉਹ ਬਿਦੇਸ਼ੀ ਰਾਜ ਨੂੰ ਜ਼ਰੂਰ ਮੁਕਾ ਦਿੰਦੇ ਤੇ ਜਾਤੀ ਨੂੰ ਤੇ ਦੇਸ਼ ਵਾਸੀਆਂ ਨੂੰ ਬੜੀ ਉੱਚੀ ਧਾਰਮਿਕ ਤੇ ਸਮਾਜਿਕ ਪੱਧਰ ਉੱਤੇ ਲੈ ਜਾਂਦੇ। ਇਹਨਾਂ ਦਿਨਾਂ ਵਿੱਚ ਵੀ ਪਿੰਡੋਂ ਪਿੰਡ ਤੇ ਇਲਾਕੇ ਇਲਾਕੇ, ਕਿ ਜਿਥੇ ਕਿਤੇ ਵੀ ਬਾਬਾ ਰਾਮ ਸਿੰਘ ਦਾ ਪ੍ਰਭਾਵ ਤੇ ਉਹਨਾਂ ਲਈ ਸ਼ਰਧਾ ਸੀ, ਇਕ ਗੁਰਮੁਖੀ ਵਿੱਚ ਲਿਖੀ ਹੋਈ ਚਿੱਠੀ ਫਿਰ ਰਹੀ ਸੀ, ਜਿਸ ਦਾ ਸਾਰ-ਅੰਸ਼ ਇਹ ਸੀ, ਕਿ ਬਾਬਾ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਹੋਏ ਉਪਦੇਸ਼ਾਂ ਤੇ ਉਦੇਸ਼ਾਂ ਦੀ ਪੂਰਤੀ ਕਰਨਗੇ ਤੇ ਦੇਸ਼ ਵਿਚੋਂ ਬਿਦੇਸ਼ੀ ਸਾਮਰਾਜ ਨੂੰ ਯੁੱਧ ਕਰਕੇ ਮੁਕਾਉਣ ਦਾ ਸਮਾਂ ਸੰਨ ੧੮੬੪ ਈਸਵੀ ਇਸ ਗਸ਼ਤੀ ਚਿਠੀ ਵਿੱਚ ਨਿਸ਼ਚਿਤ ਕੀਤਾ ਹੋਇਆ ਸੀ, ਤੇ ਸਾਰੇ ਲੋਕਾਂ ਨੂੰ ਇਹ ਵਿਸ਼ਵਾਸ਼ ਦਿਵਾਇਆ ਗਿਆ ਸੀ ਜੁ ਛੇਤੀ ਹੀ ਦੇਸ਼ ਵਿੱਚ ਸਵੈਰਾਜ ਅਸਥਾਪਤ ਕਰ ਦਿੱਤਾ ਜਾਵੇਗਾ, ਜੋ ਕਿ ਬਾਬਾ ਰਾਮ ਸਿੰਘ ਦੀ ਰਾਹਨੁਮਾਈ ਵਿੱਚ ਧਰਮ ਤੇ ਸੁਖ ਸ਼ਾਂਤੀ ਦਾ ਰਾਜ ਹੋਵੇਗਾ। ਮੂਰਖ ਤੇ ਦੋਖੀ ਲੋਕਾਂ ਨੇ ਇਹਨਾਂ ਚਿੱਠੀਆਂ ਦੀਆਂ ਨਕਲਾਂ ਤੇ ਹੋਰ ਗੱਲਾਂ ਵਧਾ ਵਧਾ ਕੇ ਅੰਗਰੇਜ਼ਾਂ ਕੋਲ ਚੁਗਲੀਆਂ ਕੀਤੀਆਂ, ਜਿਸ ਕਰਕੇ ਭਾਈ ਰਾਮ ਸਿੰਘ ਨੂੰ ਆਪਣੇ ਪਿੰਡ ਭੈਣੀ ਵਿੱਚ ਸੰਨ ੧੮੬੪ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਅਸੂ, ਸੰਮਤ ਬਿਕ੍ਰਮੀ ੧੯੨੨, ਮੁਤਾਬਕ ਅਕਤੂਬਰ, ਸੰਨ ੧੮੬੫ ਈਸਵੀ ਨੂੰ ਇਕ ਚਿੱਠੀ ਬਾਬਾ ਰਾਮ ਸਿੰਘ ਨੇ ਭਗਤ ਹੀਰਾ ਨੰਦ ਨੂੰ ਹਜ਼ਰੋ ਭੇਜੀ, ਜਿਸ ਵਿੱਚ ਇਉਂ ਲਿਖਿਆ ਹੈ :

"ਵੀਹ ਸਾਲ (ਸੰਮਤ ਬਿਕ੍ਰਮੀ ੧੯੨੦) ਦੇ ਚੜ੍ਹਦੇ ਸਾਰ ਹੀ ਸਰਕਾਰ ਨੇ ਮੈਨੂੰ ਰੋਕ ਕਰ ਛਡੀ ਹੈ। ਮੈਂ ਤਾਂ ਆਪਦੇ ਚਰਨਾਂ ਵਿੱਚ ਆਵਣਾ ਜ਼ਰੂਰੀ ਹੀ ਥਾ ਜੀ।

ਬਹੁਤਿਆਂ ਲੋਕਾਂ ਨੇ ਸਰਕਾਰ ਵਿੱਚ ਮੇਰੇ ਨਾਮ ਉੱਤੇ ਚਿੱਠੀਆਂ ਪਾਈਆਂ। ਸਰਕਾਰ ਨੂੰ ਇਜ ਆਖਿਆ ਜੋ ਬਹੁਤੇ ਲੋਕ ਰਾਮ ਸਿੰਘ ਨਾਲ ਹੋ ਗਏ ਹਨ। ਤੁਸਾਂ ਨਾਲ ਸਾਹਮਣਾ ਕਰਨਗੇ। ਤੁਸੀਂ ਇਹਨਾਂ ਦਾ ਬੰਦੋਬਸਤ ਰਖੋ।"

ਇਉਂ ਬਾਬਾ ਰਾਮ ਸਿੰਘ ਭੈਣੀ ਵਿੱਚ ਨਜ਼ਰਬੰਦ ਹੋ ਗਏ, ਪਰ ਉਹਨਾਂ ਦੇ ਸ਼ਰਧਾਲੂ ਭੈਣੀ ਵਿੱਚ ਹੀ ਇਕੱਠੇ ਹੋਣ ਲੱਗ ਪਏ ਤੇ ਧਰਮ ਪ੍ਰਚਾਰ ਤੇ ਰਾਜਸੀ ਜਥੇਬੰਦੀ ਦਾ ਕੰਮ, ਚੁੱਪ ਚੁਪੀਤੇ, ਪਰ ਪਹਿਲਾਂ ਵਾਂਗਰ ਹੀ, ਜਾਰੀ ਰਿਹਾ।

ਆਉਣ ਵਾਲੇ ਤਿੰਨਾਂ ਚੌਹਾਂ ਸਾਲਾਂ ਵਿੱਚ ਬਾਬਾ ਰਾਮ ਸਿੰਘ ਤਾਂ ਭੈਣੀ ਵਿੱਚ ਨਜ਼ਰਬੰਦ ਰਹੇ। ਨਾਮਧਾਰੀਆਂ ਵਿੱਚ ਜੋਸ਼ ਵਧਦਾ ਰਿਹਾ, ਪਰ ਜਥੇਬੰਦੀ ਢਿੱਲੀ ਪੈਂਦੀ ਗਈ। ਸੰਨ ੧੮੬੫ ਤੇ ਸੰਨ ੧੮੬੬ ਈਸਵੀ ਵਿਚ ਕੁਝ ਜੋਸ਼ੀਲੇ ਕੂਕਿਆਂ ਨੇ ਕਈਆਂ ਜ਼ਿਲ੍ਹਿਆਂ ਵਿੱਚ ਕਬਰਾਂ ਤੇ ਮੜ੍ਹੀਆਂ, ਜਿਨ੍ਹਾਂ ਦੀ ਕਿ ਵਹਿਮੀ ਲੋਕ ਪੂਜਾ ਕਰਦੇ ਸਨ, ਢਾਹ ਸੁੱਟੀਆਂ ਤੇ ਇਉਂ ਅੰਗਰੇਜ਼ੀ ਹਾਕਮਾਂ ਦੀਆਂ ਅੱਖਾਂ ਵਿੱਚ ਚੜ੍ਹ ਗਏ। ਸੰਨ ੧੮੬੭ ਈਸਵੀ ਦੇ ਹੋਲੇ ਮਹੱਲੇ ਉੱਤੇ ਬਾਬਾ ਰਾਮ ਸਿੰਘ ਨੂੰ ਅਨੰਦਪੁਰ ਸਾਹਿਬ ਆਉਣ ਦੀ ਆਗਿਆ ਸਰਕਾਰ ਨੇ ਦੇ ਦਿੱਤੀ, ਤੇ ਉਥੇ ਹਜ਼ਾਰਾਂ ਸ਼ਰਧਾਲੂ ਬਾਬਾ ਰਾਮ ਸਿੰਘ ਦੇ ਦਰਸ਼ਨਾਂ ਨੂੰ ਇਕੱਠੇ ਹੋਏ। ਗੁਰਦੁਆਰਾ ਕੇਸ ਗੜ੍ਹ ਦੇ ਦਰਸ਼ਨ ਕਰਨ ਸਮੇਂ ਪੁਜਾਰੀਆਂ ਨਾਲ ਕੁਛ ਮਤ ਭੇਦ ਵੀ ਬਾਬਾ ਜੀ ਦਾ ਹੋ ਗਿਆ, ਪਰ ਉਹ ਸਦਾ ਆਪਣੀ ਅਗਾਧ ਭਗਤੀ ਤੇ ਸ਼ਰਧਾ ਸਿਖ ਗੁਰੂ ਸਾਹਿਬਾਨ ਤੇ ਸਿੱਖੀ ਦੀ ਰਹੁ ਰੀਤ ਉੱਤੇ ਦੱਸਦੇ ਰਹੇ। ਇਸ ਹੋਲੇ ਮਹੱਲੇ ਦੇ ਮੇਲੇ ਉੱਤੇ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਦਾ ਬਹੁਤ ਪ੍ਰਚਾਰ ਹੋਇਆ ਤੇ ਬਾਬਾ ਰਾਮ ਸਿੰਘ ਦਾ ਬੜਾ ਪ੍ਰਭਾਵ ਲੋਕਾਂ ਉੱਤੇ ਪਿਆ। ਇਕ ਖੁਫ਼ੀਆ ਪੁਲਸ ਦਾ ਮੁਸਲਮਾਨ ਅਫ਼ਸਰ, ਜਿਸ ਨੂੰ ਅੰਗਰੇਜ਼ਾਂ ਨੇ ਇਸ ਮੇਲੇ ਉੱਤੇ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸ਼ਰਧਾਲੂਆਂ ਦੀ ਸੂਹ ਰੱਖਣ ਲਈ ਭੇਜਿਆ ਹੋਇਆ ਸੀ, ਆਪਣੀ ਖੁਫ਼ੀਆ ਰਪੋਰਟ ਵਿੱਚ ਇਉਂ ਲਿਖਦਾ ਹੈ।

"ਇਸ ਮੇਲੇ ਦੇ ਮੌਕੇ ਉੱਤੇ ਕੋਈ ਪੰਜਾਹ ਕੁ ਨਵੇਂ ਕੂਕੇ ਬਣੇ। ਮੁਸਲਮਾਨਾਂ ਵਿਚੋਂ ਵੀ ਕੁਝ ਆਦਮੀ ਤੇ ਤ੍ਰੀਮਤਾਂ ਕੂਕੇ ਬਣੇ ਹੋਏ ਹਨ। ਇਹਨਾਂ ਨੂੰ ਭਾਈ ਰਾਮ ਸਿੰਘ ਤੇ ਉਨ੍ਹਾਂ ਦੇ ਸੂਬਿਆਂ ਦਾ ਇਹੋ ਉਪਦੇਸ਼ ਹੈ, ਕਿ ਇਸਲਾਮ ਤੇ ਸਿਖ ਧਰਮ ਅਸਲ ਵਿੱਚ ਇਕੋ ਹੀ ਹਨ। ਇਹਨਾਂ ਤੋਂ ਬਿਨਾਂ ਉਹ ਮੁਸਲਮਾਨ ਜੋ ਕੂਕੇ ਨਹੀਂ ਬਣੇ, ਉਹ ਵੀ ਮੰਨਦੇ ਹਨ ਕਿ ਕੂਕਿਆਂ ਦਾ ਧਾਰਮਿਕ ਰਹੁ ਰੀਤ ਤੇ ਆਚਰਣ ਬਹੁਤ ਉੱਚੇ ਹਨ। ਭਾਈ ਰਾਮ ਸਿੰਘ ਤੜਕੇ ਤਿੰਨ ਵਜੇ ਉਠ ਕੇ ਇਸ਼ਨਾਨ ਕਰਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ। ਉਸਦੇ ਉਪਦੇਸ਼ ਬੜੇ ਉੱਚੇ ਤੇ ਸ਼ੁਭ ਹਨ।"

ਸੰਨ ੧੮੬੭ ਵਿੱਚ ਅੰਗਰੇਜ਼ਾਂ ਨੂੰ ਵਿਸ਼ਵਾਸ ਹੋ ਗਿਆ ਕਿ ਬਾਬਾ ਰਾਮ ਸਿੰਘ ਹੁਣ ਕੇਵਲ ਧਾਰਮਿਕ ਪ੍ਰਚਾਰ ਹੀ ਕਰਦਾ ਹੈ, ਤੇ ਓਸੇ ਸਾਲ ਬਾਬਾ ਰਾਮ ਸਿੰਘ ਦੀ ਨਜ਼ਰਬੰਦੀ ਹਟਾ ਦਿੱਤੀ ਗਈ। ਅਕਤੂਬਰ, ਸੰਨ ੧੮੬੭, ਦੇ ਦੁਸਹਿਰੇ ਉੱਤੇ ਭੈਣੀ ਵਿੱਚ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦਾ ਬੜਾ ਭਾਰੀ ਇਕੱਠ ਹੋਇਆ, ਤੇ ਇਸ ਸਮੇਂ ਬਾਬਾ ਰਾਮ ਸਿੰਘ ਨੇ ਆਪਣੇ ਰਾਜਸੀ ਨਿਸ਼ਾਨਿਆ ਤੇ ਵਿਉਂਤਾਂ ਬਾਰੇ ਖੁਲ੍ਹੀਆਂ ਗੱਲਾਂ ਲੋਕਾਂ ਨਾਲ ਕੀਤੀਆਂ। ਉਸ ਵੇਲੇ ਰੂਸ ਦੇ ਹਿੰਦੁਸਤਾਨ ਉੱਤੇ ਹੱਲਾ ਕਰਨ ਬਾਬਤ ਆਮ ਅਫਵਾਹਾਂ ਸਨ ਤੇ ਬਾਬਾ ਰਾਮ ਸਿੰਘ ਦਾ ਵਿਚਾਰ ਅਜੇਹੇ ਸਮੇਂ ਤੋ ਲਾਭ ਉਠਾ ਕੇ ਪੰਜਾਬ ਵਿਚੋਂ ਤੇ ਬਾਕੀ ਦੇਸ਼ ਵਿਚੋਂ ਅੰਗਰੇਜ਼ਾਂ ਦੇ ਰਾਜ ਨੂੰ ਮੁਕਾ ਦੇਣ ਦਾ ਸੀ।

ਸੰਨ ੧੮੬੭ ਵਿੱਚ ਜਦੋਂ ਬਾਬਾ ਰਾਮ ਸਿੰਘ ਉਤੋਂ ਨਜ਼ਰਬੰਦੀ ਹੱਟ ਗਈ ਤਾ ਕੂਕਿਆਂ ਦਾ ਪਹਿਲਾਂ ਸੁਤੰਤ੍ਰ ਇਕੱਠ ਅਕਤੂਬਰ, ੧੮੬੭ ਵਿੱਚ ਦੁਸਹਿਰੇ ਵਾਲੇ ਦਿਨ ਭੈਣੀ ਹੋਇਆ, ਤੇ ਜਿਸ ਗਿਣਤੀ ਵਿੱਚ ਤੇ ਸ਼ਰਧਾ ਨਾਲ ਨਾਮਧਾਰੀ ਸਿੱਖ ਓਦੋਂ ਬਾਬਾ ਰਾਮ ਸਿੰਘ ਦੇ ਦਰਸ਼ਨਾਂ ਲਈ ਇਕੱਠੇ ਹੋਏ, ਉਸ ਤੋਂ ਇਹ ਸਪਸ਼ਟ ਹੋ ਗਿਆ ਜੁ ਬਿਦੇਸ਼ੀ ਸਰਕਾਰ ਦੀ ਕੈਰੀ ਅੱਖ ਕਰਨ ਨਾਲ ਬਾਬਾ ਰਾਮ ਸਿੰਘ ਦੀ ਮਾਨ ਪ੍ਰਤਿਸ਼ਟਾ ਬਹੁਤ ਵਧ ਗਈ ਹੈ। ਬਾਬਾ ਰਾਮ ਸਿੰਘ ਨੇ ਆਪਣੇ ਸ਼ਰਧਾਲੂਆਂ ਨੂੰ ਅਗਲੀ ਦਿਵਾਲੀ ਉੱਤੇ ਸ੍ਰੀ ਅੰਮ੍ਰਿਤਸਰ ਇਕੱਠੇ ਹੋਣ ਲਈ ਹੁਕਮ ਦਿੱਤਾ, ਜਿਸ ਦੀ ਪਾਲਣਾ ਵਿੱਚ ਕੂਕੇ ਹਜ਼ਾਰਾਂ ਦੀ ਗਿਣਤੀ ਵਿੱਚ ਅੰਮ੍ਰਿਤਸਰ ਇਕੱਠੇ ਹੋਏ। ਵੱਡੇ-ਵੱਡੇ ਅੰਗਰੇਜ਼ ਅਫ਼ਸਰ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸ਼ਰਧਾਲੂਆਂ ਦੀ ਦੇਖ ਭਾਲ ਕਰਨ ਪਹਿਲਾਂ ਹੀ ਪੁਜੇ ਹੋਏ ਸਨ, ਤੇ ਉਹਨਾਂ ਸਾਰਿਆਂ ਨੇ ਆਪਣੀ ਅੱਖੀਂ ਦੇਖਿਆ ਜੁ ਬਾਬਾ ਰਾਮ ਸਿੰਘ ਲਈ ਸ਼ਰਧਾ ਤੇ ਸਤਿਕਾਰ ਸਭ ਸੰਗਤਾਂ ਤੇ ਸਿੱਖਾਂ ਵਿੱਚ, ਭਾਵੇਂ ਉਹ ਕੂਕੇ ਹਨ ਜਾਂ ਨਹੀਂ, ਬਹੁਤ ਵਧ ਗਿਆ ਹੈ। ਜਦੋਂ ਬਾਬਾ ਰਾਮ ਸਿੰਘ ਗੁਰਦਵਾਰਾ ਅਟੱਲ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਯਾਤ੍ਰਾ ਨੂੰ ਆਏ ਤਾਂ ਬੇਅੰਤ ਦਰਸ਼ਕਾਂ ਤੇ ਸ਼ਰਧਾਲੂਆਂ ਦੀ ਭੀੜ ਹੋ ਗਈ ਤੇ ਦੋਹਾਂ ਗੁਰੂ ਅਸਥਾਨਾਂ ਤੋਂ ਬਾਬਾ ਜੀ ਨੂੰ ਸਿਰੋਪਾ ਦਿੱਤੇ ਗਏ। ਬਾਬਾ ਰਾਮ ਸਿੰਘ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਭੇਟ ਲੈ ਕੇ ਹਾਜ਼ਰ ਹੋਏ ਤਾਂ ਪੁਜਾਰੀਆਂ ਨਾਲ ਉਸੇ ਕਿਸਮ ਦਾ ਮਤ ਭੇਦ ਹੋ ਗਿਆ ਜੋ ਕਿ ਅਨੰਦਪੁਰ ਸਾਹਿਬ, ਤਖਤ ਕੇਸਗੜ੍ਹ ਸਾਹਿਬ ਉੱਤੇ ਹੋਇਆ ਸੀ। ਇਸ ਲਈ ਬਾਬਾ ਰਾਮ ਸਿੰਘ ਦੀ ਉਥੇ ਅਰਦਾਸ ਨਾ ਹੋ ਸਕੀ। ਸਰਕਾਰੀ ਰਪੋਰਟਾਂ ਦਸਦੀਆਂ ਹਨ ਜੁ ਇਸ ਸਮੇਂ ਉੱਤੇ ਕੋਈ ਦੋ ਹਜ਼ਾਰ ਸਿੱਖਾਂ ਨੇ ਬਾਬਾ ਰਾਮ ਸਿੰਘ ਦੇ ਜੱਥੇ ਤੋਂ ਅੰਮ੍ਰਿਤ ਛਕਿਆ।

ਹੁਣ ਅਜਿਹਾ ਸਮਾਂ ਆ ਗਿਆ ਕਿ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦਾ ਜੋਸ਼ ਬਹੁਤ ਵਧ ਗਿਆ ਤੇ ਉਹਨਾਂ ਦੀ ਜਥੇਬੰਦੀ ਢਿੱਲੀ ਪੈਣ ਲੱਗੀ। ਬਿਨਾਂ

ਬਾਬਾ ਰਾਮ ਸਿੰਘ ਤੋਂ ਹੁਕਮ ਲਏ, ਜਾਂ ਉਨ੍ਹਾਂ ਦੇ ਹੁਕਮ ਮੰਨਣ ਦੇ, ਕੂਕੇ ਥਾਓਂ ਥਾਈਂ ਜੋਸ਼ ਵਿੱਚ ਆ ਗਏ ਤੇ ਅਜਿਹੀਆਂ ਕਾਰਵਾਈਆਂ ਆਰੰਭ ਦਿਤੀਆਂ, ਜਿਨ੍ਹਾਂ ਨੇ ਬਾਬਾ ਰਾਮ ਸਿੰਘ ਦੀਆਂ ਸਭ ਵਿਉਂਤਾਂ ਨੂੰ ਨਿਸ਼ਫਲ ਬਣਾ ਦਿੱਤਾ। ਸਾਰੇ ਪੰਜਾਬ ਵਿੱਚ, ਥਾਂ-ਥਾਂ, ਕੂਕਿਆਂ ਨੇ ਕਬਰਾਂ ਤੇ ਮੜ੍ਹੀਆਂ ਢਾਉਣੀਆਂ ਆਰੰਭ ਦਿੱਤੀਆਂ, ਜਿਸ ਕਾਰਣ ਸਰਕਾਰ ਨੂੰ ਉਹਨਾਂ ਉੱਤੇ ਹੱਥ ਪਾਉਣ ਦਾ ਮੌਕਾ ਮਿਲਦਾ ਗਿਆ ਤੇ ਆਮ ਜਨਤਾ ਵਿੱਚ ਵੀ ਕੂਕਿਆਂ ਲਈ ਸ਼ਰਧਾ ਭਾਵਨਾ ਘਟਦੀ ਗਈ। ਇਸ ਸਮੇਂ, ਸੰਨ ੧੮੬੮ ਈਸਵੀ ਵਿੱਚ, ਪਿੰਡ ਥਰਾਜਵਾਲੇ ਜ਼ਿਲ੍ਹਾ ਫੀਰੋਜ਼ਪੁਰ ਦੀ ਘਟਨਾ ਹੋਈ, ਜਿਸ ਵਿੱਚ ਕਿ ਚਾਲੀ ਕੁ ਕੂਕੇ ਫੜੇ ਗਏ, ਜਿਨ੍ਹਾਂ ਵਿਚੋਂ ਛੇ ਸੱਤ ਕੈਦ ਕਰ ਦਿੱਤੇ ਗਏ। ਗੱਲ ਇਉਂ ਹੋਈ ਜੁ ਕੂਕੇ ਪਿੰਡ ਥਰਾਜਵਾਲਾਂ ਵਿੱਚ, ਇਕ ਭਾਈ ਮਸਤਾਨ ਸਿੰਘ ਦੀ ਜਥੇਦਾਰੀ ਹੇਠਾਂ ਇਕੱਠੇ ਹੋਏ ਸਨ, ਪਰ ਕੁਛ ਪੁਲਸੀਏ, ਘੋੜੀਆਂ ਉੱਤੇ ਚੜ੍ਹੇ ਹੋਏ ਉਨ੍ਹਾਂ ਦੇ ਮਗਰ ਮਗਰ ਫਿਰਦੇ ਸਨ। ਕੁਛ ਕੂਕਿਆਂ ਨੇ ਇਸ ਤੋਂ ਚਿੜ ਕੇ ਉਹਨਾਂ ਨੂੰ ਕੁਛ ਮੰਦਾ ਚੰਗਾ ਆਖਿਆ, ਜਿਸ ਕਾਰਣ ਜ਼ਿਲ੍ਹੇ ਦੇ ਅੰਗਰੇਜ਼ ਅਫ਼ਸਰ ਵਹੀਰ ਲੈ ਕੇ ਕੂਕਿਆਂ ਦੇ ਜੱਥੇ ਉੱਤੇ ਚੜ੍ਹ ਆਏ। ਉਸ ਸਮੇਂ ਭਾਈ ਮਸਤਾਨ ਸਿੰਘ ਨੇ ਕੁਛ ਮੁਸਲਮਾਨ ਪੁਲਸੀਆਂ ਨੂੰ ਉਪਦੇਸ਼ ਕੀਤਾ ਜੁ ਉਹ ਅੰਗਰੇਜ਼ ਦਾ ਸੰਗ ਛਡਕੇ ਕੂਕਿਆਂ ਨਾਲ ਰਲ ਜਾਣ, ਕਿਉਂ ਜੁ ਬਿਦੇਸ਼ੀ ਰਾਜ ਨੂੰ ਮੁਕਾਉਣ ਤੇ ਸਵੈਰਾਜ ਸਥਾਪਤ ਕਰਨ ਦੇ ਪ੍ਰਬੰਧ ਹੋ ਚੁੱਕੇ ਹਨ ਤੇ ਛੇਤੀ ਹੀ ਅੰਗਰੇਜ਼ਾਂ ਦਾ ਜੋਰਾ ਤੋਰਾ ਦੇਸ਼ ਉੱਤੋਂ ਉਠ ਜਾਵੇਗਾ।

ਬਾਬਾ ਰਾਮ ਸਿੰਘ ਆਪਣੇ ਪੈਰੋਕਾਰਾਂ ਦੀਆਂ ਅਜੇਹੀਆਂ ਬੇਸਮਝੀਆਂ ਉੱਤੇ ਖ਼ੁਸ਼ ਨਹੀਂ ਸਨ ਤੇ ਜਾਣਦੇ ਸਨ, ਜੋ ਇਨ੍ਹਾਂ ਗੱਲਾਂ ਦਾ ਬਾਬਾ ਜੀ ਦੀਆਂ ਵਿਚਾਰੀਆਂ ਹੋਈਆਂ ਮਹਾਨ ਵਿਉਂਤਾਂ ਉੱਤੇ ਚੰਗਾ ਅਸਰ ਨਹੀਂ ਪੈ ਰਿਹਾ। ਉਹ ਸਮਝਦੇ ਸਨ ਜੁ ਜਿਉਂ ਜਿਉਂ ਲੋਕਾਂ ਦਾ ਜੋਸ਼ ਜਥੇਬੰਦੀਆਂ ਦੀਆਂ ਹੱਦਾਂ ਤੋਂ ਬਾਹਰ ਹੋ ਹੋ ਫੁੱਟਦਾ ਹੈ, ਤਿਉਂ ਤਿਉਂ ਅੰਗਰੇਜ਼ ਦੇਸ਼ ਉੱਤੇ ਆਪਣੇ ਰਾਜ ਦੀ ਤਕੜਾਈ ਕਰੀ ਜਾਂਦੇ ਹਨ ਤੇ ਇਉਂ ਸਵੈਰਾਜ ਦੀ ਪ੍ਰਾਪਤੀ ਤੇ ਸਥਾਪਤੀ ਦੇ ਰਾਹ ਵਿੱਚ ਔਕੜਾਂ ਵਧ ਰਹੀਆਂ ਹਨ। ਇਉਂ ਸੋਚ ਕੇ, ਬਾਬਾ ਰਾਮ ਸਿੰਘ ਨੇ ਆਪਣੀਆਂ ਵਿਉਂਤਾਂ ਦੀ ਪੂਰਤੀ ਦਾ ਕੰਮ ਬਹੁਤ ਤੇਜ਼ ਕਰ ਦਿੱਤਾ। ਸੰਨ ੧੮੬੯ ਵਿੱਚ ਬਾਬਾ ਰਾਮ ਸਿੰਘ ਨੇ ਆਪਣੇ ਦੋ ਗੁਪਤ ਦੂਤ ਜੰਮੂ ਤੇ ਕਸ਼ਮੀਰ ਦੇ ਮਹਾਰਾਜਾ ਰਣਬੀਰ ਸਿੰਘ ਕੋਲ ਭੇਜੇ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਹਾਰਾਜਾ ਨੇ ਇਕ ਸਿੰਘਾਂ ਦੀ ਪਲਟਨ ਜੰਮੂ ਤੇ ਸ੍ਰੀ ਨਗਰ ਵਿੱਚ ਖੜੀ ਕਰਨੀ ਮੰਨ ਲਈ। ਇਸ ਪਲਟਨ ਦੀ ਤਨਖ਼ਾਹ ਬਾਕੀ ਰਿਆਸਤ ਦੀਆਂ ਪਲਟਨਾਂ ਦੇ ਸਪਾਹੀਆਂ ਨਾਲੋਂ

ਇਕ ਰੁਪਈਆ ਮਹੀਨਾ ਵੱਧ ਸੀ ਤੇ ਇਸ ਵਿੱਚ ਉਹ ਹੀ ਭਾਰਤੀ ਹੋ ਸਕਦੇ ਸਨ ਜਿਨ੍ਹਾਂ ਨੂੰ ਬਾਬਾ ਰਾਮ ਸਿੰਘ ਆਪਣੇ ਹੱਥੀਂ ਲਿਖਤੀ-ਪੱਤ੍ਰ ਯਾ ਸਰਟੀਫਿਕੇਟ ਦੇਣ। ਇਹ ਪਲਟਨ ਖੜੀ ਹੋ ਗਈ ਤੇ ਇਨ੍ਹਾਂ ਨੂੰ ਹਥਿਆਰ ਵਰਦੀ ਦੇ ਕੇ ਕਵਾਇਦ ਸਿਖਾਲ ਦਿੱਤੀ ਗਈ, ਪਰ ਅੰਗਰੇਜ਼ ਇਸ ਵੇਲੇ ਬਾਬਾ ਰਾਮ ਸਿੰਘ ਤੇ ਕੂਕਿਆਂ ਤੋਂ ਭੈ ਭੀਤ ਤੇ ਖ਼ਬਰਦਾਰ ਹੋ ਚੁੱਕੇ ਸਨ, ਤੇ ਕੂਕਿਆਂ ਦੀ ਆਵਾਜਾਈ ਤੇ ਕੰਮਾਂ-ਕਾਰਾਂ ਉੱਤੇ ਬੜੀ ਕਰੜੀ ਨਿਗਰਾਨੀ ਰੱਖ ਰਹੇ ਸਨ। ਛੇਤੀ ਹੀ ਵੱਡੇ ਲਾਟ ਦਾ ਹੁਕਮ ਮਹਾਰਾਜਾ ਜੰਮੂ ਤੇ ਕਸ਼ਮੀਰ ਨੂੰ ਪੁਜ ਗਿਆ ਤੇ ਮਹਾਰਾਜਾ ਨੇ ਸੰਨ ੧੮੭੧ ਈਸਵੀ ਵਿੱਚ ਇਹ ਪਲਟਨ ਤੋੜ ਦਿੱਤੀ।

ਸੰਨ ੧੮੭੦ ਈਸਵੀ ਵਿੱਚ ਬਾਬਾ ਰਾਮ ਸਿੰਘ ਨੇ ਆਪਣੇ ਦੋ ਨਿਕਟਵਰਤੀ ਸੂਬੇ ਰਾਜਦੂਤ ਥਾਪ ਕੇ ਨੀਪਾਲ ਦੇ ਵੱਡੇ ਵਜ਼ੀਰ ਪਾਸ ਖਟਮੰਡੂ ਭੇਜੇ। ਇਹ ਵੱਡਾ ਵਜ਼ੀਰ ਹੀ ਅਸਲ ਵਿਚ ਨੀਪਾਲ ਦੇ ਦੇਸ਼ ਦਾ ਹੁਕਮਰਾਨ ਸੀ। ਇਹ ਮਿਸ਼ਨ ਬਾਬਾ ਰਾਮ ਸਿੰਘ ਦਾ ਸਫਲ ਰਿਹਾ ਤੇ ਨੀਪਾਲ ਦੇ ਵੱਡੇ ਵਜ਼ੀਰ ਨੇ ਬਾਬਾ ਰਾਮ ਸਿੰਘ ਦੀਆਂ ਭਾਰਤ ਵਿਚੋਂ ਬਿਦੇਸ਼ੀ ਰਾਜ ਨੂੰ ਮੁਕਾਉਣ ਦੀਆਂ ਵਿਉਂਤਾਂ ਨੂੰ ਪ੍ਰਵਾਨ ਕਰ ਲਿਆ। ਇਹਨਾਂ ਦਿਨਾਂ ਵਿੱਚ ਹੀ ਬਾਬਾ ਰਾਮ ਸਿੰਘ ਨੇ ਰਿਆਸਤ ਹੈਦਰਾਬਾਦ ਤੇ ਲਖਨਊ ਵਿੱਚ ਰਹਿਣ ਵਾਲੇ ਫੌਜੀਆਂ ਵੱਲ ਆਪਣੇ ਗੁਪਤ ਦੂਤ ਭੇਜੇ ਤੇ ਉਹਨਾਂ ਨੇ ਬਾਬਾ ਰਾਮ ਸਿੰਘ ਦੀਆਂ ਵਿਉਂਤਾ ਨੂੰ ਸਿਰੇ ਚੜ੍ਹਾਉਣਾ ਮੰਨ ਲਿਆ।

ਇਉਂ ਬਾਬਾ ਰਾਮ ਸਿੰਘ ਦੀਆਂ ਤਿਆਰੀਆਂ ਭਾਰਤ ਵਿਚੋਂ ਬਿਦੇਸ਼ੀ ਰਾਜ ਨੂੰ ਮੁਕਾ ਕੇ ਸਵੈਰਾਜ ਸਥਾਪਤ ਕਰਨ ਦੀਆਂ ਦਿਨੋਂ ਦਿਨ ਮੁਕੰਮਲ ਹੋ ਰਹੀਆਂ ਸਨ ਕਿ ਅੰਮ੍ਰਿਤਸਰ ਤੇ ਰਾਏਕੋਟ ਦੇ ਬੁੱਚੜਾਂ ਦਾ ਕਤਲ ਤੇ ਮਲੇਰਕੋਟਲਾ ਦੀ ਦੁਰਘਟਨਾ ਜੋਸ਼ੀਲੇ ਕੂਕਿਆਂ ਦੇ ਹੱਥੋਂ ਵਾਪਰ ਗਈ ਤੇ ਇਉਂ ਅੰਗਰੇਜ਼ਾਂ ਨੂੰ ਬਾਬਾ ਰਾਮ ਸਿੰਘ ਦੀਆਂ ਮਹਾਨ ਵਿਉਂਤਾਂ ਨੂੰ ਠੱਪਣ ਦਾ ਮੌਕਾ ਮਿਲ ਗਿਆ।

ਇਹਨਾਂ ਦੁਰਘਟਨਾਂ ਦੇ ਬਹੁਤੇ ਵਿਸਥਾਰ ਦੀ ਲੋੜ ਨਹੀਂ। ੧੪ ਜੂਨ, ਸੰਨ ੧੮੭੦ ਦੀ ਰਾਤ ਨੂੰ ਕੁਛ ਕੂਕਿਆਂ ਨੇ ਨਿਹੰਗ ਸਿੰਘਾਂ ਦਾ ਭੇਸ ਬਦਲਕੇ ਅੰਮ੍ਰਿਤਸਰ ਦੇ ਬੁੱਚੜ ਖ਼ਾਨੇ ਦੇ ਚਾਰ ਬੁੱਚੜ ਕਤਲ ਕਰ ਦਿੱਤੇ ਅਤੇ ਤਿੰਨ ਫੱਟੜ ਕਰ ਸੁੱਟੇ। ਇਨ੍ਹਾਂ ਕਤਲਾਂ ਦੇ ਸ਼ੱਕ ਵਿੱਚ ਕੁਛ ਬੇਦੋਸ਼ ਨਿਹੰਗ ਸਿੰਘ ਫੜੇ ਗਏ ਤੇ ਉਹਨਾਂ ਨੂੰ ਫਾਂਸੀ ਦਾ ਹੁਕਮ ਭੀ ਮਿਲ ਗਿਆ, ਪਰ ਪਿਛੋਂ ਅਸਲੀ ਦੋਸ਼ੀਆਂ ਦਾ ਪਤਾ ਲੱਗ ਗਿਆ ਤੇ ਨਿਹੰਗ ਸਿੰਘ ਛੁਟ ਗਏ। ੧੬ ਜੁਲਾਈ, ਸੰਨ ੧੮੭੧ ਈਸਵੀ, ਨੂੰ ਰਾਏਕੋਟ ਵਿੱਚ ਕੂਕਿਆਂ ਦੇ ਜਥੇ ਨੇ ਦੋ ਬੁੱਚੜ ਕਤਲ ਕਰ ਦਿੱਤੇ ਤੇ ਅੱਠ ਫੱਟੜ। ਇਸ ਦੋਸ਼ ਵਿੱਚ ਭੀ ਦੋਸ਼ੀ ਕੂਕਿਆਂ ਨੂੰ ਫਾਂਸੀ ਦੀਆਂ ਸਜ਼ਾਵਾਂ ਹੋਈਆਂ। ੧੫ ਜਨਵਰੀ, ਸੰਨ ੧੮੭੨ ਈਸਵੀ ਨੂੰ ਕੂਕਿਆਂ ਦੇ ਇਕ ਜੱਥੇ ਨੇ

ਮਲੇਰਕੋਟਲੇ ਉੱਤੇ ਹਲਾ ਬੋਲ ਦਿੱਤਾ, ਤੇ ਉਥੋਂ ਸਰਕਾਰੀ ਅਸਲਾਹ ਖ਼ਾਨੇ ਵਿੱਚੋਂ ਹਥਿਆਰ ਲੈਣ ਦਾ ਨਿਸ਼ਫਲ ਯਤਨ ਕੀਤਾ। ਇਹ ਜੱਥਾ ਦੂਜੇ ਦਿਨ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਜਿਸ ਨੂੰ ਕਿ ਲੁਧਿਆਣੇ ਦੇ ਡਿਪਟੀ ਕਮਿਸ਼ਨਰ, ਮਿਸਟਰ ਕਾਵਲ ਨੇ ੧੭ ਜਨਵਰੀ, ਸੰਨ ੧੮੭੮ ਨੂੰ, ਬਿਨਾਂ ਕਿਸੇ ਕਾਨੂੰਨ ਵਿਚਾਰਨ ਦੇ ਤੋਪਾਂ ਮੂਹਰੇ ਬੰਨ੍ਹ ਕੇ ਉਡਾ ਦਿੱਤਾ। ੧੯ ਜਨਵਰੀ, ਸੰਨ ੧੮੭੨ ਨੂੰ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਕੁਛ ਸੂਬਿਆਂ ਨੂੰ ਗ੍ਰਿਫਤਾਰ ਕਰਕੇ, ਪੰਜਾਬੋਂ ਬਾਹਰ ਜਲਾਵਤਨ ਕਰ ਦਿੱਤਾ ਗਿਆ ਤੇ ਬਾਬਾ ਰਾਮ ਸਿੰਘ ਆਪਣੇ ਸੂਬਿਆਂ ਸਮੇਤ ਅਲਾਹਬਾਦ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤੇ ਗਏ। ੧੯ ਜਨਵਰੀ, ਸੰਨ ੧੮੭੨ ਨੂੰ ਭੈਣੀ ਵਿੱਚ ਬਾਬਾ ਜੀ ਦੇ ਡੇਰੇ ਦੀ ਤਲਾਸ਼ੀ ਲਈ ਗਈ ਤੇ ਬਾਬਾ ਜੀ ਦੇ ਬਿਰਧ ਪਿਤਾ ਤੇ ਉਹਨਾਂ ਦੇ ਛੋਟੇ ਭਰਾ ਬੁਧ ਸਿੰਘ ਤੇ ਇਕ ਦੋ ਹੋਰ ਆਦਮੀਆਂ ਤੋਂ ਬਿਨਾਂ ਸਭ ਨੂੰ ਭੈਣੀ ਵਿਚੋਂ ਕੱਢ ਦਿੱਤਾ ਗਿਆ ਤੇ ਡੇਰੇ ਅੱਗੇ ਪੁਲਸ ਦੀ ਚੌਕੀ ਬਿਠਾ ਦਿੱਤੀ ਗਈ, ਜੋ ਕਿ ਸੰਨ ੧੮੨੫ ਤੱਕ ਕਾਇਮ ਰਹੀ।

੧੯ ਜਨਵਰੀ, ਸੰਨ ੧੮੭੨ ਈਸਵੀ ਨੂੰ ਬਾਬਾ ਰਾਮ ਸਿੰਘ ਆਪਣੇ ਚਾਰ ਸੂਬਿਆਂ ਸਮੇਤ ਅਲਾਹਬਾਦ ਦੇ ਕਿਲ੍ਹੇ ਵਿੱਚ ਕੈਦ ਕੀਤੇ ਗਏ ਤੇ ਅਪ੍ਰੈਲ, ਸੰਨ ੧੮੭੨ ਵਿੱਚ ਬਾਬਾ ਰਾਮ ਸਿੰਘ ਨੂੰ ਬਰ੍ਹਮਾ ਵਿੱਚ, (ਰੰਗੂਨ) ਸਾਰੀ ਉਮਰ ਲਈ ਜਲਾਵਤਨ ਕਰ ਦਿੱਤਾ ਤੇ ਉਹਨਾਂ ਦੇ ਸਾਥੀਆਂ ਨੂੰ ਚਿਨਾਰ ਦੇ ਕਿਲ੍ਹੇ, ਮੌਰਮਈ ਤੇ ਕਾਲੇ ਪਾਣੀ ਕੈਦ ਕਰ ਦਿੱਤਾ। ਜਿਸ ਬੰਗਲੇ ਵਿੱਚ ਆਖ਼ਰੀ ਮੁਗ਼ਲ ਸ਼ਹਿਨਸ਼ਾਹ ਬਹਾਦੁਰ ਸ਼ਾਹ ਨਜ਼ਰਬੰਦ ਰਿਹਾ ਸੀ, ਉਸੇ ਬੰਗਲੇ ਵਿੱਚ ਬਾਬਾ ਰਾਮ ਸਿੰਘ ਆਪਣੀ ਆਯੂ ਦੇ ਅੰਤਮ ਬਾਰ੍ਹਾਂ ਵਰ੍ਹੇ ਨਜ਼ਰਬੰਦ ਰਹੇ। ਇਹਨਾਂ ਦਿਨਾਂ ਵਿੱਚ ਬਾਬਾ ਜੀ ਦੇ ਸ਼ਰਧਾਲੂ ਬੜੀਆਂ ਔਕੜਾਂ ਕੱਟ ਕੇ ਉਹਨਾਂ ਦੇ ਦਰਸ਼ਨਾਂ ਨੂੰ ਰੰਗੂਨ ਜਾਂਦੇ ਰਹੇ ਤੇ ਉਥੋਂ ਉਹਨਾਂ ਦੇ ਸੁਨੇਹੇ ਪੱਤਰ ਵੀ ਪੰਜਾਬ ਵਾਸੀਆਂ ਦੇ ਨਾਮ ਲਿਆਉਂਦੇ ਰਹੇ। ਉਨ੍ਹਾਂ ਸੁਨੇਹੇ ਪੱਤਰਾਂ ਨੂੰ ਜਿਨ੍ਹਾਂ ਨੂੰ ਕਿ ਬਾਬਾ ਜੀ ਆਪਣੀ ਨਿਮਰਤਾ ਦੇ ਕਾਰਨ ਸਿੰਘਾਂ ਵਲ ਅਰਦਾਸਾਂ ਕਹਿੰਦੇ ਸਨ, ਵਾਚਣ ਤੋਂ ਪਤਾ ਲੱਗਦਾ ਹੈ ਜੁ ਆਪ ਇਸ ਜਲਾਵਤਨੀ ਦੇ ਸਮੇਂ ਵਿੱਚ ਬੜੀਆਂ ਚੜ੍ਹਦੀਆਂ ਕਲਾਂ ਵਿਚ ਰਹੇ ਤੇ ਆਪਣਾ ਸਾਰਾ ਜਾਗਰਿਤ ਸਮਾਂ ਵਾਹਿਗੁਰੂ ਅਕਾਲ ਪੁਰਖ ਦੇ ਭਜਨ ਤੇ ਗੁਰਬਾਣੀ ਦੇ ਵਿਚਾਰ ਕਰਨ 'ਤੇ ਖ਼ਰਚ ਕਰਦੇ ਰਹੇ। ਅੰਤ ਸਮੇਂ ਤੱਕ ਉਹਨਾਂ ਦੇ ਮਨ ਉੱਤੇ ਦੋ ਇਛਾਵਾਂ ਪ੍ਰਬਲ ਪ੍ਰਭਾਵ ਪਾਂਦੀਆਂ ਰਹੀਆਂ। ਇਕ, ਜੁ ਸਿੱਖ, ਪੰਜਾਬ ਵਾਸੀ, ਤੇ ਹਿੰਦੀ, ਆਤਮਕ ਤੇ ਧਾਰਮਿਕ ਤੌਰ ਉੱਤੇ ਇਤਨੇ ਸੁੱਚੇ ਤੇ ਬੁਲੰਦ ਹੋ ਜਾਣ ਜਿਤਨੇ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪ੍ਰਾਣੀ ਮਾਤਰ ਸਭ ਸੰਸਾਰ ਦੇ ਮਨੁੱਖਾਂ ਨੂੰ ਕਰਨਾ ਲੋਚਦੇ ਸਨ। ਦੂਜੀ ਇਹ ਕਿ, ਭਾਰਤ ਵਰਸ਼

ਬਿਦੇਸ਼ੀ ਰਾਜ ਹੇਠੋਂ ਨਿਕਲ ਆਵੇ ਤਾਂ ਇਸ ਦੇਸ਼ ਵਿੱਚ ਸਵੈਰਾਜ ਅਸਥਾਪਤ ਹੋ ਜਾਵੇ। ਹੋਰ, ਈਸ਼ਵਰ ਸਿਮਰਨ ਨੂੰ ਜੀਵਨ ਦਾ ਤੱਤ ਤਾਂ ਉਹ ਸਦਾ ਹੀ ਮੰਨਦੇ ਤੇ ਪ੍ਰਚਾਰਦੇ ਰਹੇ ਸਨ ਤੇ ਇਸ ਉਪਦੇਸ਼ ਉੱਤੇ ਉਹ ਆਪ ਸਵਾਸ ਸਵਾਸ ਚਲਦੇ ਰਹੇ।

ਇਹ ਸੱਤਰਾਂ ਲਿਖਣ ਵਾਲੇ ਦੇ ਇਕ ਪਰਮ ਸਨੇਹੀ ਪੰਜਾਬ ਵਿੱਚ ਇਕ ਉੱਚ ਕੋਟੀ ਦੇ ਅਫ਼ਸਰ ਹਨ, ਜਿਨ੍ਹਾਂ ਦੀ ਮਾਤਾ ਜੀ ਦੀ ਅਵਸਥਾ ਇਸ ਵੇਲੇ (ਸੰਨ ੧੯੫੨) ਕੋਈ ਪਚਾਸੀਆਂ ਵਰ੍ਹਿਆਂ ਦੀ ਹੈ। ਉਹਨਾਂ ਨੇ ਦੱਸਿਆ ਹੈ ਜੋ ਜਿਸ ਵੇਲੇ ਕੋਈ ਪੰਦਰਾਂ ਵਰ੍ਹਿਆਂ ਦੀ ਆਯੂ ਵਿੱਚ ਜਦ ਉਹਨਾਂ ਦਾ ਵਿਆਹ ਉੜਮੁੜ ਟਾਂਡੇ, ਜ਼ਿਲ੍ਹਾ ਹੁਸ਼ਿਆਰਪੁਰ, ਵਿੱਚ ਇਕ ਖੱਤਰੀ ਘਰਾਣੇ ਵਿੱਚ ਹੋ ਗਿਆ, ਤਾਂ ਉਹਨਾਂ ਦੇ ਪਤੀ ਉਹਨਾਂ ਨੂੰ ਰੰਗੂਨ ਲੈ ਗਏ ਜਿਥੇ ਕਿ ਉਹ ਕਾਰੋਬਾਰ ਕਰਦੇ ਸਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦਿਨਾਂ ਵਿੱਚ ਬਾਬਾ ਰਾਮ ਸਿੰਘ ਜੀ ਰੰਗੂਨ ਵਿੱਚ ਹੀ ਨਜ਼ਰਬੰਦ ਸਨ, ਪਰ ਉਹਨਾਂ ਨੂੰ ਰੰਗੂਨ ਸ਼ਹਿਰ ਦੀ ਹੱਦ ਦੇ ਅੰਦਰ ਅੰਦਰ ਪਹਿਲਾਂ ਆਗਿਆ ਲੈ ਕੇ, ਗੋਰਾ ਸਿਪਾਹੀਆਂ ਦੀ ਗਾਰਦ ਹੇਠ, ਫਿਰਨ ਤੁਰਨ ਦੀ ਖੁਲ੍ਹ ਮਿਲੀ ਹੋਈ ਸੀ। ਇਸ ਮਾਤਾ ਜੀ ਦੇ ਪਤੀ ਬਾਬਾ ਰਾਮ ਰਾਏ ਜੀ ਦੀ ਗੱਦੀ ਦੇ ਸ਼ਰਧਾਲੂ ਸਿੱਖ ਮਤ ਉੱਤੇ ਭਰੋਸਾ ਰੱਖਣ ਵਾਲੇ ਸਨ। ਇਸ ਕਰਕੇ, ਬਾਬਾ ਰਾਮ ਸਿੰਘ ਜੀ ਬੁਧਵਾਰ ਦੇ ਬੁਧਵਾਰ ਇਨ੍ਹਾਂ ਦੇ ਘਰ ਪਰਸ਼ਾਦ ਛਕਣ ਆ ਜਾਂਦੇ ਸਨ। ਮਾਤਾ ਜੀ ਦਸਦੇ ਹਨ, ਕਿ ਉਹ ਅਸ਼ਨਾਨ ਕਰਕੇ ਤੇ ਜਪੁਜੀ ਸਾਹਿਬ ਦਾ ਪਾਠ ਕਰਕੇ ਬਾਬਾ ਜੀ ਲਈ ਪਰਸ਼ਾਦ ਤਿਆਰ ਕਰਦੇ ਸਨ। ਮੂੰਗੀ ਦੀ ਦਾਲ, ਥੋਹੜੀ ਜਿਹੀ ਖੀਰ ਤੇ ਛੋਟੇ-ਛੋਟੇ ਦੋ ਫੁਲਕੇ, ਬਸ ਇਹ ਭੋਜਨ ਸੀ ਬਾਬਾ ਜੀ ਦਾ ਨਿਤਾਪ੍ਰਤਿ। ਇਨ੍ਹਾਂ ਸਤਰਾਂ ਦੇ ਲਿਖਾਰੀ ਦੀ ਪੁੱਛ ਉੱਤੇ ਮਾਤਾ ਜੀ ਨੇ ਦਸਿਆ ਜੁ ਬਾਬਾ ਜੀ ਦਾ ਦਾੜ੍ਹਾ ਚਿੱਟਾ ਦੁੱਧ ਤੇ ਸਰੀਰ ਪਤਲਾ ਤੇ ਸਿੱਧਾ ਸੀ। ਉਨ੍ਹਾਂ ਦਾ ਚੇਹਰਾ ਇਤਨਾ ਤੇਜਮਈ ਸੀ ਕਿ ਉਨ੍ਹਾਂ ਦੇ ਸਾਹਮਣੇ ਝਾਕਿਆ ਨਹੀਂ ਸੀ ਜਾਂਦਾ। ਬੁਧਵਾਰ ਦੇ ਬੁਧਵਾਰ ਪਰਸ਼ਾਦ ਛਕਣ ਪਿਛੋਂ ਉਹ ਸਦਾ ਏਹੋ ਜਹੇ ਬਚਨ ਕਹਿਆ ਕਰਦੇ ਸਨ : "ਵਾਹਿਗੁਰੂ ਵਾਹਿਗੁਰੂ ਜਪੋ। ਜਨਮ ਸੰਵਰੇਗਾ। ਫਰੰਗੀਆਂ ਦਾ ਰਾਜ ਦੇਸ਼ ਉਤੋਂ ਮੁੱਕ ਜਾਵੇਗਾ। ਫੇਰ ਸਮਾਂ ਪਾ ਕੇ ਦੇਸ਼ ਉੱਤੇ ਧਰਮ ਦਾ ਰਾਜ ਹੋਵੇਗਾ ਤੇ ਦੇਸ਼ ਵਾਸੀ ਸੁਖੀ ਵੱਸਣਗੇ।" ਇਹ ਮਾਤਾ ਜੀ ਕਹਿੰਦੇ ਹਨ ਜੁ ਬਾਬਾ ਜੀ ਦਾ ਦੇਹਾਂਤ ਰੰਗੂਨ ਵਿੱਚ ਉਹਨਾਂ ਦੇ ਸਾਹਮਣੇ ਹੀ ਹੋਇਆ।

ਬਾਬਾ ਜੀ ਦਾ ਦੇਹਾਂਤ ਸੰਨ ੧੮੮੫ ਵਿਚ ਹੋਇਆ, ਅੰਗਰੇਜ਼ ਸਰਕਾਰ ਦੀਆਂ ਰਿਪੋਰਟਾਂ ਤੋਂ ਪ੍ਰਗਟ ਹੁੰਦਾ ਹੈ।

ਨਿਊਟਨ

ਸਰ ਈਜ਼ਕ ਨਿਊਟਨ, ਅਠ੍ਹਾਰਵੀਂ ਸਦੀ ਮਸੀਹੀ ਵਿੱਚ, ਇਕ ਬੜਾ ਮਹਾਨ ਸਾਇੰਸਦਾਨ ਹੋਇਆ ਹੈ ਜਿਸ ਨੇ ਵਿਗਿਆਨ ਦੇ ਮਹਾਨ ਸਿਧਾਂਤ, ਆਕੱਰਖਸ਼ਨ-ਸਿਧਾਂਤ ਨੂੰ ਨਿਰਮਤ ਕਰਕੇ, ਵਿਸ਼ਵ ਬਾਰੇ ਸਾਇੰਸਦਾਨਾਂ ਦੇ ਜੋ ਖ਼ਿਆਲ ਸਨ, ਉਨ੍ਹਾਂ ਦੀ ਰੂਪ ਰੇਖਾ ਬਦਲ ਕੇ ਸੁਲਝਾ ਦਿੱਤੀ। ਆਕਰੱਖਸ਼ਨ-ਸਿਧਾਂਤ ਇਹ ਹੈ ਜੁ ਪ੍ਰਕ੍ਰਿਤੀ ਦਾ ਹਰ ਪ੍ਰਮਾਣੂ ਆਪਣੇ ਅੰਦਰ ਇਕ ਖਿੱਚ, ਇਕ ਆਕੱਰਖਸ਼ਨ-ਸ਼ਕਤੀ ਰੱਖਦਾ ਹੈ, ਜਿਸ ਦੁਆਰਾ ਕਿ ਹਰ ਪ੍ਰਮਾਣੂ, ਹਰ ਜ਼ੱਰਾ, ਹਰ ਦੂਸਰੇ ਪ੍ਰਮਾਣੂ ਨੂੰ ਆਪਣੇ ਵੱਲ ਖੈਂਚ ਪਾਉਂਦਾ ਹੈ। ਇਸ ਖੈਂਚ ਦੀ ਉੱਤੇਜਨਾ ਹਰ ਪ੍ਰਮਾਣੂ ਦੀ ਸਥੂਲਤਾ ਤੇ ਆਕਾਰ ਉੱਤੇ ਨਿਰਭਰ ਹੈ, ਤੇ ਉਸ ਖੈਂਚ ਦਾ ਪ੍ਰਭਾਵ ਦੂਜੇ ਪ੍ਰਮਾਣੂਆਂ ਉੱਤੇ ਉਹਨਾਂ ਦੇ ਆਪਸੀ ਫ਼ਾਸਲੇ ਉੱਤੇ ਨਿਰਭਰ ਹੈ। ਹਰ ਵਸਤੂ, ਹਰ ਦੂਜੀ ਵਸਤੂ ਨੂੰ ਆਪਣੇ ਵੱਲ ਖਿੱਚਦੀ ਹੈ, ਤੇ ਇਸ ਖੈਂਚ ਦਾ ਮੇਚ ਤੋਲ ਹਰ ਵਸਤੂ ਦੇ ਸਥੂਲ ਆਕਾਰ ਤੇ ਉਹਨਾਂ ਦੇ ਆਪਸੀ ਫ਼ਾਸਲੇ ਉੱਤੇ ਨਿਰਭਰ ਹੈ। ਵਿਸ਼ਵ ਵਿਚ ਧਰਤੀ, ਚੰਦ, ਤਾਰੇ, ਸੂਰਜ ਜੋ ਆਪਣੀ-ਆਪਣੀ ਥਾਂ ਉੱਤੇ ਖੜੇ ਜਾਂ ਆਪਣੇ-ਆਪਣੇ ਨਿਸ਼ਚਿਤ ਰਾਹਾਂ ਉੱਤੇ, ਬਿਨਾਂ ਵਾਲ ਭਰ ਅਦਲ ਬਦਲ ਦੇ ਚੱਲ ਰਹੇ ਹਨ, ਇਹ ਉਸ ਆਕਰੱਖਸ਼ਨ-ਸ਼ਕਤੀ ਕਰ ਕੇ ਹੀ ਹੈ। ਇਸ ਆਕਰੱਖਸ਼ਨ ਸਿਧਾਂਤ ਦੇ ਨਿਰਮਤ ਹੋਣ ਨਾਲ ਸਾਰੇ ਵਿਸ਼ਵ ਦੀਆਂ ਭੂਗੋਲਾਂ, ਜਿਯੋਤੀਆਂ, ਧਰਤੀਆਂ, ਚੰਦ, ਸੂਰਜ, ਤਾਰੇ, ਆਦਿ ਦਾ ਇਸ ਮਹਾਨ ਤੇ ਅਹਿੱਲ ਨਿਯਮ ਵਿੱਚ ਬੱਧੇ ਹੋਣ ਦੇ ਕਾਰਣ ਦੀ ਸੋਝੀ ਬੁਧਿਵਾਨਾਂ ਨੂੰ ਹੋ ਆਈ। ਕੀ ਇਸ ਸਿਧਾਂਤ ਦੇ ਸੁਭਾਓ ਦਾ ਸਿੱਟਾ ਇਹ ਹੋਇਆ, ਕਿ ਸ੍ਰਿਸ਼ਟੀ ਦੇ ਨਿਯਮ ਬੱਧ ਰੂਪ ਨੂੰ ਪਛਾਨਣ ਲਈ ਕਿਸੇ ਬਾਹਰਲੀ ਪਾਰਬ੍ਰਹਮ ਸ਼ਕਤੀ ਨੂੰ ਮਿਥਣ ਦੀ ਲੋੜ ਨਾ ਰਹੀ? ਪਹਿਲੋਂ ਪਹਿਲ, ਜਦੋਂ ਇਸ ਸਿਧਾਂਤ ਦੀ ਵਿਸ਼ਾਲ ਤੇ ਹਮਾਗੀਰ ਇਸਥਿਤੀ ਬਾਰੇ ਚਾਨਣ ਹੋਣਾ ਆਰੰਭ ਹੋਇਆ ਤਾਂ ਸਰਵ ਸਾਧਾਰਣ ਮਨਾਂ ਉੱਤੇ ਜੋ ਪ੍ਰਭਾਵ ਪਿਆ ਉਹ ਇਹ ਹੀ ਸੀ ਕਿ ਜੇ ਸ੍ਰਿਸ਼ਟੀ ਦਾ ਹਰ ਪ੍ਰਮਾਣੂ ਆਪਣੇ ਅੰਦਰ ਖੇਖ ਤੇ

ਇਸਥਿੱਤ ਖਿੱਚ ਦੇ ਕਾਰਣ ਹੀ ਵਿਸ਼ਵ ਵਿੱਚ ਵਿਚਰ ਰਿਹਾ ਹੈ ਤਾਂ ਕਿਸੇ ਹੋਰ ਬਾਹਰਲੀ ਤੇ ਓਪਰੀ ਸਰਵ ਸ਼ਕਤੀਮਾਨ ਸੱਤਾ ਨੂੰ ਮਿਥਣ ਦੀ ਲੋੜ ਹੈ? ਪਰ ਜਿਸ ਵੇਲੇ ਧੀਰਜ ਤੇ ਦੀਰਘ ਵੀਚਾਰ ਨਾਲ ਨਿਊਟਨ ਦੇ ਇਸ ਸਿਧਾਂਤ ਦੀਆਂ ਜੜ੍ਹਾਂ ਤੇ ਮੂਲ ਦੀ ਅਸਲੀਅਤ ਨੂੰ ਘੋਖਿਆ ਗਿਆ ਤਾਂ ਸਿਆਣੇ ਇਸ ਸਿੱਟੇ ਉੱਤੇ ਪੁੱਜੇ ਜੋ ਇਸ ਸਿਧਾਂਤ ਦੇ ਨਿਰਮਤ ਹੋਣ ਦਾ ਸਦਕਾ, ਈਸ਼ਵਰੀ ਅਕਾਲ ਪੁਰਖੀ ਸੱਤਾ ਦੀ ਆਭਾ ਤੇ ਸਿੰਘਾਸਣ ਹੋਰ ਵੀ ਉਚੇਰਾ ਤੇ ਤੇਜਮਈ ਹੋ ਗਏ ਹਨ। ਵੌਲਟੇਅਰ, ਜੋ ਕਿ ਅਠਾਰ੍ਹਵੀਂ ਸਦੀ ਦੇ ਫਰਾਂਸ ਵਿੱਚ ਇਕ ਪ੍ਰਸਿੱਧ ਨਾਸਤਕ ਤੇ ਪ੍ਰਕ੍ਰਿਤੀ-ਵਾਦੀ ਹੋਇਆ ਹੈ, ਉਸ ਨੇ ਲਿਖਿਆ :

"ਹੇ ਪਾਰਬ੍ਰਹਮ ਸਰਵ ਸ਼ਕਤੀਮਾਨ ਸ਼ਕਤੀ ਦੀ ਨਿਕਟਵਰਤੀ, ਤ੍ਰਿਨ ਕਾਲ ਸੱਤ, ਭੌਤਕ ਸ਼ਕਤੀਓ, ਤੁਸੀਂ ਜੋ ਅਕਾਲ ਪੁਰਖ ਦੀਆਂ ਨੇਤਰ ਜਿਯੋਤੀਆਂ ਵਿਚੋਂ ਪ੍ਰਗਟ ਹੋ ਕੇ ਉਸ ਅਕਾਲ ਪੁਰਖ ਦੇ ਸਿੰਘਾਸਣ ਦੀ ਰਖਸ਼ਾ ਕਰਦੀਆਂ ਹੋ, ਕੀ ਤੁਹਾਨੂੰ ਮਹਾਨ ਨਿਊਟਨ ਉੱਤੇ ਈਰਖਾ ਨਹੀਂ ਆਉਂਦੀ ?"

ਵੌਲਟੇਅਰ ਵਰਗੇ ਪ੍ਰਕ੍ਰਿਤੀਵਾਦੀ ਕੋਲੋਂ ਨਿਊਟਨ ਨੂੰ ਇਹ ਪ੍ਰਸੰਸਾ ਮਿਲਣੀ ਕਿ ਨਿਊਟਨ ਦੇ ਸਿਧਾਂਤ ਨੇ ਪਾਰਬ੍ਰਹਮ ਅਕਾਲ ਪੁਰਖ ਦੀ ਹੋਂਦ ਤੇ ਆਭਾ ਨੂੰ ਵਧੇਰੇ ਸਥਿਰ ਤੇ ਨਿਸ਼ਚਿਤ ਕਰ ਦਿੱਤਾ ਹੈ, ਕੋਈ ਛੋਟੀ ਜਿਹੀ ਗੱਲ ਨਹੀਂ। ਉਂਜ ਦੋ ਸਦੀਆਂ ਪਹਿਲਾਂ ਪੰਜਾਬ ਦੇਸ਼ ਵਿੱਚ ਗੁਰੂ ਨਾਨਕ ਨੇ ਆਕਰੱਖਸ਼ਨ ਸਿਧਾਂਤ ਦੀ ਆਤਮਾ ਦੀ ਰੂਪ ਰੇਖਾ ਨੂੰ ਅਨੁਭਵ ਕਰ ਲਿਆ ਤੇ ਵਰਣਨ ਕਰ ਦਿੱਤਾ ਸੀ। ਇਹ ਵਿਸ਼ਵ ਦੇ ਧਰਤੀ, ਸੂਰਜ, ਚੰਦ, ਤਾਰੇ ਆਦਿ ਜੋ ਇਕ ਅਟੁੱਟ ਤੇ ਅਥਚਲ ਨਿਯਮ ਵਿੱਚ ਜੁਗਾਦਿ ਤੋਂ ਚਲ ਰਹੇ ਹਨ, ਇਹ ਆਪਣੇ ਅੰਤ੍ਰ-ਆਤਮਾ ਸਥਿਤ ਧਰਮ ਦੇ ਕਾਰਣ ਹੀ ਤਾਂ ਹਨ, ਇਹੋ ਆਕਰੱਖਸ਼ਨ ਸਿਧਾਂਤ ਦਾ ਸਾਰ-ਅੰਸ਼ ਹੈ। ਪਰ ਇਸ ਅੰਤ੍ਰ-ਆਤਮਾ ਸਥਿਤ ਧਰਮ ਦੀ ਸੱਤਾ ਤੇ ਆਧਾਰ ਕੋਈ ਹੋਰ ਸਵੰਭਵ ਸ਼ਕਤੀ ਹੈ, ਜੋ ਅਕਾਲ ਪੁਰਖ, ਨਿਰਭਓ, ਨਿਰਵੈਰ, ਅਜੂਨੀ, ਸੈਭੰ ਹੈ। ਇਉਂ ਗੁਰੂ ਨਾਨਕ ਨੇ ਕਿਹਾ :

'ਭੈ ਵਿਚ ਸੂਰਜ, ਭੈ ਵਿਚ ਚੰਦ।
ਕੋਹ ਕਰੋੜੀ ਚਲਤ ਨਾ ਅੰਤ॥'

ਆਪਣੇ ਸਵੈ-ਧਰਮ ਬੱਧ ਸੂਰਜ ਤੇ ਚੰਦ ਕਈ ਬੇਅੰਤ ਕੋਹਾਂ ਚਲਦੇ ਤੇ ਘੁੰਮਦੇ ਹਨ, ਪਰ ਉਹਨਾਂ ਦਾ ਸਵੈ-ਧਰਮ ਕਿਸੇ ਬਾਹਰਲੀ ਪਾਰਬ੍ਰਹਮ ਸ਼ਕਤੀ ਦੇ ਭੈ ਵਿੱਚ ਸਥਿਤ ਹੋ ਕੇ ਕਾਇਮ ਹੈ।

ਨਿਊਟਨ ਕੇਵਲ ਬੌਧਕ ਵਿਚਾਰਵਾਨ ਹੀ ਨਹੀਂ, ਸਗੋਂ ਇਕ ਤਕੜਾ ਖੋਜੀ ਵੀ ਸੀ। ਦ੍ਰਿਸ਼ਟ ਵਿਗਿਆਨ ਵਿੱਚ ਨਿਊਟਨ ਦੀਆਂ ਖੋਜਾਂ ਅੱਜ ਵੀ ਮਹੱਤਵਪੂਰਨ

ਮਿਥੀਆਂ ਜਾਂਦੀਆਂ ਹਨ। ਉਹ ਹਿਸਾਬ ਤੇ ਗਣਤ ਵਿਦਿਆ ਦਾ ਭੀ ਇਕ ਬੜਾ ਭਾਰੀ ਪੰਡਤ ਸੀ ਤੇ ਗਣਤ ਵਿਦਿਆ ਦੀ ਅਨੰਤ ਗਣਤ ਸ਼ਾਖਾ (Infinite Calculus) ਦੀ ਕਾਢ ਕੱਢਣ ਵਾਲਾ ਸੀ।

ਇਉਂ ਨਿਊਟਨ ਸੰਸਾਰ ਭਰ ਦੇ ਫ਼ਿਲਾਸਫ਼ਰਾਂ, ਸਾਇੰਸਦਾਨਾਂ, ਖੋਜੀਆਂ ਤੇ ਗਣਤ-ਵਿਦਿਆ ਦੇ ਪੰਡਤਾਂ ਵਿੱਚ ਇਕ ਉੱਚ ਕੋਟੀ ਦਾ ਵਿਦਵਾਨ ਗਿਣਿਆ ਜਾਂਦਾ ਹੈ।

ਈਜ਼ਕ ਨਿਊਟਨ ੨੫ ਦਸੰਬਰ, ਸੰਨ ੧੬੪੨ ਨੂੰ ਇੰਗਲੈਂਡ ਦੇ ਇਕ ਅਪ੍ਰਸਿੱਧ ਗਰਾਮ, ਵੂੱਲਸਥੋਰਪ, ਵਿੱਚ ਜਨਮਿਆ। ਉਹ ਜਨਮ ਤੋਂ ਹੀ ਕਮਜ਼ੋਰ ਤੇ ਰੋਗੀ ਸਰੀਰ ਵਾਲਾ ਸੀ, ਪਰ ਫੇਰ ਵੀ ਉਹ ਚੁਰਾਸੀ ਵਰ੍ਹੇ ਦੀ ਆਯੂ ਤੱਕ ਜੀਊਂਦਾ ਰਿਹਾ। ਉਸ ਦਾ ਪਿਤਾ, ਉਸ ਦੇ ਜਨਮ ਤੋਂ ਕੁਝ ਮਹੀਨੇ ਪਹਿਲਾਂ ਤੇ ਆਪਣੇ ਵਿਆਹ ਤੋਂ ਕੁਝ ਮਹੀਨੇ ਪਿਛੋਂ, ਹੀ ਮਰ ਗਿਆ। ਨਿਊਟਨ ਅਜੇ ਤਿੰਨ ਸਾਲਾਂ ਦਾ ਵੀ ਨਹੀਂ ਸੀ ਹੋਇਆ, ਜਦ ਉਸ ਦੀ ਮਾਤਾ ਨੇ ਨਵਾਂ ਵਿਆਹ ਕਰ ਲਿਆ ਤੇ ਨਿਊਟਨ ਆਪਣੀ ਦਾਦੀ ਕੋਲ ਪਲਦਾ ਰਿਹਾ, ਜਿਸ ਨੇ ਕਿ ਉਸ ਨੂੰ ਲਾਗੇ ਦੇ ਪਿੰਡ ਦੀ ਪਾਠਸ਼ਾਲਾ ਵਿੱਚ ਪੜ੍ਹਨ ਪਾ ਦਿੱਤਾ। ਉਥੇ ਹੀ ਨਿਊਟਨ ਨੇ ਥੋਹੜਾ ਬਹੁਤ ਲਿਖਣ ਪੜ੍ਹਨ ਦੀ ਜਾਚ ਸਿੱਖੀ। ਨਿਊਟਨ ਜਦੋਂ ਬਾਰਾਂ ਵਰ੍ਹਿਆਂ ਦਾ ਹੋ ਗਿਆ ਤਾਂ ਉਸ ਨੂੰ ਲਾਗੇ ਦੇ ਸ਼ਹਿਰ ਵਿੱਚ ਪੜ੍ਹਨ ਪਾ ਦਿੱਤਾ ਗਿਆ, ਪਰ ਨਿਊਟਨ ਦਾ ਮਾਂ ਦਾ ਇਰਾਦਾ ਉਸ ਦੀ ਕੋਈ ਬਹੁਤੀ ਲੰਮੀ ਚੌੜੀ ਪੜ੍ਹਾਈ ਕਰਵਾਉਣ ਦਾ ਨਹੀਂ ਸੀ। ਉਹ ਨਿਊਟਨ ਨੂੰ ਕੇਵਲ ਥੋਹੜਾ ਬਹੁਤ ਹਿਸਾਬ ਕਿਤਾਬ ਰੱਖਣ ਦੀ ਜਾਚ ਹੀ ਸਿਖਾਲਣੀ ਚਾਹੁੰਦੀ ਸੀ, ਤਾਂ ਜੁ ਨਿਊਟਨ ਆਪਣੇ ਪਿਊ ਦੀ ਛੱਡੀ ਹੋਈ ਜਾਇਦਾਦ ਦੀ ਦੇਖ ਭਾਲ ਕਰ ਸਕੇ।

ਨਿਊਟਨ ਆਪਣੀ ਪਾਠਸ਼ਾਲਾ ਵਿੱਚ ਕੋਈ ਬੜਾ ਹੁਸ਼ਿਆਰ ਵਿਦਿਆਰਥੀ ਨਹੀਂ ਸੀ ਸਮਝਿਆ ਜਾਂਦਾ। ਨਿਊਟਨ ਆਪ ਲਿਖਦਾ ਹੈ ਕਿ ਉਹ ਆਪਣੀ ਜਮਾਤ ਵਿੱਚ ਸਭ ਨਾਲੋਂ ਢਾਡੀ ਮੁੰਡਾ ਹੁੰਦਾ ਸੀ। ਪਰ ਇਕ ਦਿਨ ਇਕ ਅਜੇਹੀ ਘਟਨਾ ਹੋਈ, ਜਿਸ ਨਾਲ ਕਿ ਨਿਊਟਨ ਦੀ ਪੜ੍ਹਨ ਦੀ ਇੱਛਾ ਤੀਬਰ ਹੋ ਉਠੀ। ਨਿਊਟਨ ਦਾ ਇਕ ਜਮਾਤੀ ਬੜਾ ਫਸਾਦੀ ਤੇ ਦੰਗਈ ਸੀ। ਇਕ ਦਿਨ ਉਸ ਦੰਗਈ ਨੇ, ਬਿਨਾਂ ਕਿਸੇ ਕਾਰਣ ਦੇ, ਨਿਊਟਨ ਦੇ ਢਿੱਡ ਵਿੱਚ ਜ਼ੋਰ ਦੀ ਮੁੱਕਾ ਕੱਢ ਮਾਰਿਆ। ਨਿਊਟਨ ਉਸ ਨਾਲੋਂ ਬਹੁਤ ਮਾੜਾ ਸੀ, ਇਸ ਲਈ ਮੋੜਵਾਂ ਘਸੁੱਨ ਮਾਰਨ ਨੂੰ ਅਸਮਰਥ ਸੀ। ਪਰ ਨਿਊਟਨ ਦੇ ਦਿਲ ਵਿੱਚ ਬਦਲਾ ਲੈਣ ਦੀ ਇੱਛਾ ਪਰਬਲ ਹੋ ਉਠੀ। ਇਉਂ ਨਿਊਟਨ ਨੇ ਆਪਣੇ ਮਨ ਵਿੱਚ ਦ੍ਰਿੜ੍ਹ ਨਿਸ਼ਚਾ

ਕਰ ਲਿਆ ਜੁ ਉਹ ਪੜ੍ਹਾਈ ਵਿੱਚ ਉਸ ਦੰਗਈ ਨੂੰ ਮਾਤ ਪਾ ਦੇਵਾਗਾ। ਨਿਊਟਨ ਤਦ ਤੋਂ ਬੜੇ ਧਿਆਨ ਨਾਲ ਪੜ੍ਹਨ ਲਿਖਣ ਵਿੱਚ ਜੁੱਟ ਗਿਆ ਤੇ ਛੇਤੀ ਹੀ ਆਪਣੀ ਜਮਾਤ ਦੇ ਸਾਰੇ ਮੁੰਡਿਆਂ ਨਾਲੋਂ ਮੋਹਰੀ ਹੋ ਗਿਆ। ਉਸ ਦੰਗਈ ਦਾ ਨਿਊਟਨ ਦੇ ਢਿੱਡ ਵਿੱਚ ਮਾਰਿਆ ਹੋਇਆ ਘਸੁੰਨ ਨਿਊਟਨ ਨੂੰ ਬੜਾ ਲਾਭਕਾਰੀ ਸਾਬਤ ਹੋਇਆ।

ਨਿਊਟਨ ਦੇ ਮਨ ਦਾ ਕੁਦਰਤੀ ਝੁਕਾਅ ਯੰਤ੍ਰਾਂ, ਕਲਾਂ ਤੇ ਮਸ਼ੀਨਾਂ ਵਲ ਸੀ। ਜਦੋਂ ਵੀ ਉਸ ਨੂੰ ਆਪਣੀ ਜਮਾਤ ਵਿਚੋਂ ਪੜ੍ਹਨ ਲਿਖਣ ਤੋਂ ਵੇਹਲ ਮਿਲਦਾ ਤਾਂ ਉਹ ਇਕ ਪੰਸਾਰੀ ਦੀ ਹੱਟੀ ਵਿੱਚ ਜਾਂ ਵਿਗਿਆਨਸ਼ਾਲਾ ਵਿੱਚ ਚਲਾ ਜਾਂਦਾ ਤੇ ਉਥੇ ਪਦਾਰਥ-ਵਿਦਿਆ ਦੇ ਤਜਰਬੇ ਕਰਨ ਵਿੱਚ ਰੁਝ ਜਾਂਦਾ, ਜਾਂ ਕਲਾ ਮਸ਼ੀਨਾਂ ਬਨਾਉਣ ਲਗ ਜਾਂਦਾ। ਕਿਹਾ ਜਾਂਦਾ ਹੈ ਜੋ ਉਸ ਨੇ ਇਕ ਪਾਣੀ ਨਾਲ ਚੱਲਣ ਵਾਲੀ ਘੜੀ ਉਹਨਾਂ ਦਿਨਾਂ ਵਿੱਚ ਬਣਾਈ ਜੋ ਘੰਟਿਆਂ ਮਿੰਟਾਂ ਤਕ ਦਾ ਹਿਸਾਬ ਠੀਕ ਰਖਦੀ ਸੀ। ਉਸ ਨੇ ਤਾਰਾਂ ਦੇ ਸਪ੍ਰਿੰਗਾਂ ਨਾਲ ਇਕ ਛੋਟਾ ਜਿਹਾ ਗਡੀਹਰਾ ਭੀ ਬਣਾਇਆ ਜੋ ਕਿ ਚਾਬੀ ਦੇਣ ਨਾਲ ਆਪੇ ਆਪ ਨੱਠਣ ਲਗ ਜਾਂਦਾ ਸੀ। ਅੱਜ ਕਲ ਜੋ ਕਲਾਂ ਨਾਲ ਚਲਣ ਵਾਲੇ ਖਿਲੌਣੇ ਕਈ ਮੁਲਕਾਂ ਵਿਚ ਬਣਾਏ ਤੇ ਸਾਰੀ ਦੁਨੀਆਂ 'ਚ ਵਿਕਦੇ ਹਨ, ਉਹਨਾਂ ਦੇ ਬਨਾਉਣ ਦਾ ਢੰਗ ਉਹੋ ਹੈ ਜੋ ਨਿਊਟਨ ਨੇ ਆਪੂੰ-ਆਪ ਚਲਣ ਵਾਲੇ ਗਡੀਹਰੇ ਨੂੰ ਬਨਾਉਣ ਵੇਲੇ ਵਰਤਿਆ ਸੀ। ਉਹਨਾਂ ਦਿਨਾਂ ਵਿੱਚ ਨਿਊਟਨ ਨੇ ਇਕ ਪੌਣ-ਚੱਕੀ ਵੀ ਬਣਾਈ, ਜੋ ਕਿ ਲੋਹੇ ਦੇ ਬਣੇ ਹੋਏ ਚੂਹੇ ਦੇ ਭਾਰ ਨਾਲ ਚਲਦੀ ਸੀ। ਉਸ ਚੂਹੇ ਦਾ ਨਾਮ ਨਿਊਟਨ ਨੇ ਚੱਕਰਵਾਲ ਯਾ ਚੱਕੀਵਾਲਾ ਰੱਖਿਆ, ਕਿਉਂ ਜੋ ਚੂਹੇ ਵੀ ਦਾਣੇ ਖਾ ਜਾਂਦਾ ਹੈ ਤੇ ਚੱਕਰਵਾਲ ਪੀਹਣ ਲਈ ਆਏ ਦਾਨਿਆਂ ਵਿਚੋਂ ਚੁਰਾ ਕੇ ਖਾ ਲੈਂਦਾ ਹੈ। ਇਕ ਵਾਰ ਨਿਊਟਨ ਨੇ ਕਾਗਜ਼ਾਂ ਦਾ ਇਕ ਗੋਲ ਗੁੱਡਾ ਬਣਾਇਆ ਤੇ ਉਸ ਵਿੱਚ ਇਕ ਬੰਦ ਦੀਵਾ ਰੱਖ ਦਿੱਤਾ ਤੇ ਰਾਤ ਨੂੰ ਉਹ ਗੁੱਡਾ ਅਸਮਾਨ ਉੱਤੇ ਦੀਵੇ ਨੂੰ ਬਾਲ ਕੇ ਛਡ ਦਿੱਤਾ। ਇਹ ਉਹੋ ਚੀਜ਼ ਹੈ ਜਿਸ ਨੂੰ ਅਸੀਂ ਪੰਜਾਬੀ ਵਿੱਚ 'ਬੁਰਜ ਬਾੜ੍ਹਨਾ' ਕਹਿੰਦੇ ਹਾਂ। ਪਰ ਉਸ ਵੇਲੇ ਇਹ ਇਕ ਬਿਲਕੁਲ ਨਵੀਂ ਗੱਲ ਸੀ। ਆਲੇ ਦੁਆਲੇ ਦੇ ਲੋਕਾਂ ਨੇ ਇਹੋ ਸਮਝਿਆ ਜੁ ਕੋਈ ਤਾਰਾ ਅਕਾਸ਼ ਵਿੱਚ ਟੁੱਟਾ ਹੈ ਤੇ ਨਿਊਟਨ, ਪੇਂਡੂ ਲੋਕਾਂ ਨੂੰ ਇਉਂ ਭਲੇਖੇ ਵਿੱਚ ਪਾ ਕੇ, ਆਪਣੀ ਕਾਰਸਤਾਨੀ ਉੱਤੇ ਬੜਾ ਖੁਸ਼ ਹੋਇਆ।

ਨਿਊਟਨ ਦੀਆਂ ਮਨੋ ਬ੍ਰਿਤੀਆਂ ਦਾ ਮੁਢਲਾ ਝੁਕਾਅ ਯੰਤ੍ਰਾਂ, ਮਸ਼ੀਨਾਂ ਵਲ ਹੀ ਗਣਤ-ਵਿਦਿਆ ਵਲ ਸੀ। ਇਸ ਲਈ ਇਹ ਗੱਲ ਅਚੰਭਾ ਜਾਪੇਗੀ, ਜੁ ਉਹਨਾਂ ਦਿਨਾਂ ਵਿੱਚ ਹੀ, ਜਦੋਂ ਨਿਊਟਨ ਸਕੂਲ ਵਿੱਚ ਪੜ੍ਹਦਾ ਸੀ, ਉਸ ਦੀ

ਰੁਚੀ ਰਾਗ ਵਿਦਿਆ ਵਲ ਵਿਸ਼ੇਸ਼ ਕਰਕੇ ਹੋ ਗਈ। ਉਹਨਾਂ ਦਿਨਾਂ ਵਿਚ ਹੀ ਕੁਝ ਨਵੇਂ ਗੀਤ ਤੇ ਸੰਗੀਤ ਲਿਖੇ, ਜਿਹੜੇ ਕਿ ਅੱਜ ਕੱਲ ਬਹੁ-ਮੁੱਲੇ ਤੇ ਦੁਰਲੱਭ ਸਮਝੇ ਜਾਂਦੇ ਹਨ।

ਯੰਤ੍ਰਾਂ ਤੇ ਮਸ਼ੀਨਾਂ ਦੀ ਕਾਢ ਕੱਢਣ ਲਈ ਮੂਰਤਾਂ, ਆਕਾਰ ਵਾਹੁਣ ਤੇ ਡਰਾਇੰਗ ਦਾ ਹੁਨਰ ਆਉਣਾ ਜ਼ਰੂਰੀ ਸੀ। ਨਿਊਟਨ ਨੇ ਇਹ ਹੁਨਰ ਆਪਣੇ ਆਪ, ਬਿਨਾਂ ਕਿਸੇ ਦੀ ਸਿਖਲਾਈ ਦੇ, ਸਿੱਖਣਾ ਆਰੰਭ ਦਿੱਤਾ ਤੇ ਥੋੜ੍ਹੇ ਸਮੇਂ ਵਿੱਚ ਹੀ, ਉਸ ਦੇ ਰਹਿਣ ਵਾਲੇ ਕਮਰੇ ਦੀਆਂ ਕੰਧਾਂ, ਉਸ ਦੀਆਂ ਆਪਣੀਆਂ ਖਿੱਚੀਆਂ ਹੋਈਆਂ ਮੂਰਤਾਂ ਤੇ ਆਪਣੇ ਵਾਹੇ ਹੋਏ ਆਕਾਰਾਂ ਨਾਲ ਭਰ ਗਈਆਂ।

ਇਉਂ ਪੰਦਰਾਂ ਵਰ੍ਹਿਆਂ ਦੀ ਆਯੂ ਤੱਕ, ਨਿਊਟਨ ਆਪਣੇ ਸ਼ਹਿਰ ਦੇ ਸਕੂਲ ਵਿੱਚ ਪੜ੍ਹਦਾ ਰਿਹਾ। ਉਸ ਵੇਲੇ ਉਸ ਦੀ ਮਾਤਾ ਦਾ ਨਵਾਂ ਪਤੀ ਵੀ ਮਰ ਗਿਆ ਤੇ ਉਸ ਦੀ ਮਾਤਾ ਲਈ ਨਿਊਟਨ ਦੇ ਸਕੂਲ ਦੀਆਂ ਫੀਸਾਂ ਦੇਣੀਆਂ ਕਠਨ ਹੋ ਗਈਆਂ। ਨਿਊਟਨ ਦੀ ਮਾਤਾ ਨਿਊਟਨ ਨੂੰ ਤੇ ਆਪਣੇ ਦੂਜੇ ਪਤੀ ਤੋਂ ਜਨਮੇ ਨਿਊਟਨ ਦੇ ਮਤਰੇਕੇ ਭਰਾ ਨੂੰ ਨਾਲ ਲੈ ਕੇ ਆਪਣੇ ਪੁਰਾਣੇ ਪਿੰਡ ਵੂੱਲਸਥੋਰਪ ਵਿੱਚ ਮੁੜ ਆ ਵੱਸੀ ਤੇ ਨਿਊਟਨ ਨੂੰ ਜੱਦੀ ਜਾਇਦਾਤ ਦੀ ਸੰਭਾਲ ਉੱਤੇ ਲਗਾ ਦਿਤਾ। ਇਉਂ ਨਿਊਟਨ ਖੇਤੀ ਬਾੜੀ ਕਰਨ ਤੇ ਲਾਗੇ ਦੇ ਸ਼ਹਿਰ ਵਿਚ, ਜਿਥੇ ਕਿ ਨਿਊਟਨ ਦਾ ਸਕੂਲ ਸੀ, ਆਪਣੇ ਖੇਤਾਂ ਦਾ ਦਾਣਾ ਨੀਰਾ ਵੇਚਣ ਦੇ ਆਹਰ ਵਿਚ ਰੁਝ ਗਿਆ। ਪਰ ਅਜਿਹੇ ਰੁਖੇ ਕੰਮ ਵਿੱਚ ਨਿਊਟਨ ਦਾ ਮਨ ਕਿਥੇ ਖੁਭਣਾ ਸੀ। ਹਰ ਹਫਤੇ ਨਿਊਟਨ ਦੀ ਮਾਂ ਉਸ ਨੂੰ ਨੀਰਾ, ਦਾਣਾ, ਮੱਖਣ, ਸ਼ਹਿਦ ਆਦਿ ਵੇਚਣ ਲਈ ਸ਼ਹਿਰ ਭੇਜਿਆ ਕਰੇ ਤੇ ਇਉਂ ਜਾਣ ਕੇ ਜੁ ਨਿਊਟਨ ਅਜੇ ਨਿਆਣਾ ਹੈ, ਉਸ ਦੇ ਨਾਲ ਇਕ ਪੁਰਾਣਾ ਨੌਕਰ ਵੀ ਭੇਜ ਦਿਆ ਕਰੇ। ਸ਼ਹਿਰ ਪਹੁੰਚਦਿਆਂ ਹੀ ਨਿਊਟਨ ਆਪਣੇ ਸਕੂਲ ਦੇ ਪੁਸਤਕਾਲੇ ਵਲ ਨੱਸ ਜਾਇਆ ਕਰੇ ਤੇ ਉਥੇ ਜਾ ਕੇ ਕੋਈ ਪੁਸਤਕ ਪੜ੍ਹਨ ਲੱਗ ਜਾਇਆ ਕਰੇ ਤੇ ਨੌਕਰ ਚੀਜ਼ਾਂ ਦੀ ਵੇਚ ਵੱਟਕ ਕਰਦਾ ਰਹੇ। ਕਈ ਵਾਰ ਨਿਊਟਨ ਰਾਹ ਵਿੱਚ ਹੀ ਕੋਈ ਪੁਸਤਕ ਲੈ ਕੇ ਕਿਸੇ ਬ੍ਰਿਛ ਹੇਠਾਂ ਪੜ੍ਹਨ ਬੈਠ ਜਾਇਆ ਕਰੇ ਤੇ ਨੌਕਰ ਜਦੋਂ ਵੇਚ ਵੱਟਕ ਕਰ ਕੇ ਮੁੜੇ ਤਾਂ ਨਿਊਟਨ ਉਸੇ ਬ੍ਰਿਛ ਹੇਠਾਂ, ਜਿਥੇ ਕਿ ਉਸ ਨੂੰ ਪੜ੍ਹਦਿਆਂ ਛੱਡ ਗਿਆ ਸੀ, ਉਥੇ ਹੀ ਬੈਠਾ ਤੇ ਪੜ੍ਹ ਰਿਹਾ ਆ ਦੇਖੇ। ਫੇਰ ਉਹ ਦੋਵੇਂ, ਨਿਊਟਨ ਤੇ ਨੌਕਰ, ਇਕੱਠੇ ਘਰ ਮੁੜ ਆਉਣ।

ਆਪਣੇ ਪਿੰਡ ਵੂਲਸਥੋਰਪ ਵਿੱਚ ਨਿਊਟਨ ਯੰਤਰ ਕਲਾਂ ਬਨਾਉਣ ਵਿੱਚ ਰੁੱਝਾ ਰਹਿੰਦਾ ਸੀ। ਇਹਨਾਂ ਦਿਨਾਂ ਵਿੱਚ ਨਿਊਟਨ ਨੇ ਆਪਣੇ ਘਰ ਦੀ ਕੰਧ ਉੱਤੇ

ਇਕ ਧੁੱਪ ਘੜੀ ਬਣਾ ਕੇ ਲਗਾਦੀ, ਜੋ ਅੱਜ ਤੱਕ ਉਥੇ ਨਿਊਟਨ ਦੀ ਯਾਦਗਾਰ ਸਮਝ ਕੇ ਰੱਖੀ ਹੋਈ ਹੈ, ਨਿਊਟਨ ਦੇ ਸ਼ਰਧਾਲੂ ਦੂਰ ਦੂਰ ਤੋਂ ਉਸ ਧੁੱਪ ਘੜੀ ਨੂੰ ਦੇਖਣ ਆਉਂਦੇ ਹਨ।

ਅੰਤ ਨੂੰ ਨਿਊਟਨ ਦੀਆਂ ਅਰੁੱਕ ਰੁਚੀਆਂ ਪਠਨ ਪਾਠਨ ਵੱਲ ਦੇਖ ਕੇ ਉਸ ਦੀ ਮਾਤਾ ਨੇ ਉਸ ਨੂੰ ਮੁੜ ਪੜ੍ਹਨ ਪਾਉਣ ਦਾ ਵਿਚਾਰ ਕੀਤਾ। ਇਹ ਗੱਲ ਇਉਂ ਹੋਈ। ਇਕ ਦਿਨ ਨਿਊਟਨ ਦੇ ਚਾਚੇ ਨੇ ਦੇਖਿਆ ਜੁ ਨਿਊਟਨ ਇਕ ਕਿਤਾਬ ਹੱਥ ਵਿੱਚ ਲਈ ਅਪਣੇ ਖੇਤ ਵਿੱਚ ਮਗਨ ਖੜਾ ਹੈ। ਉਸ ਦੇ ਚਾਚੇ ਨੇ ਇਹ ਦੇਖ ਕੇ ਜੁ ਇਹ ਸੋਲਾਂ ਵਰ੍ਹਿਆਂ ਦਾ ਮੁੰਡਾ ਇਉਂ ਮਗਨ ਖੜਾ ਹੈ, ਇਸ ਮਗਨਤਾ ਦਾ ਕਾਰਣ ਜਾਨਣ ਲਈ ਕਿਤਾਬ ਉਸ ਦੇ ਹਥੋਂ ਲੈ ਲਈ। ਪੁਛਣ 'ਤੇ ਪਤਾ ਲੱਗਾ ਜੁ ਨਿਊਟਨ ਹਿਸਾਬ ਦਾ ਇਕ ਔਖਾ ਸਵਾਲ ਹਲ ਕਰਨ ਦਾ ਜਤਨ ਕਰ ਰਿਹਾ ਸੀ। ਚਾਚੇ ਨੇ ਉਸੇ ਵੇਲੇ ਜਾ ਕੇ ਨਿਊਟਨ ਦੀ ਮਾਂ ਨੂੰ ਕਿਹਾ ਕਿ ਨਿਊਟਨ ਦੀ ਪੜ੍ਹਾਈ ਛਡਾਉਣੀ ਨਹੀਂ ਚਾਹੀਦੀ। ਨਿਊਟਨ ਫੇਰ ਉਸੇ ਸ਼ਹਿਰ ਦੇ ਸਕੂਲ ਵਿਚ ਪੜ੍ਹਨੇ ਪਾ ਦਿੱਤਾ ਗਿਆ, ਜਿਥੇ ਕਿ ਉਹ ਅਠਾਰਾਂ ਵਰ੍ਹਿਆਂ ਦੀ ਆਯੂ ਤਕ ਰਿਹਾ। ਇਸ ਤੋਂ ਪਿਛੋਂ, ਜੂਨ ਸੰਨ ੧੬੬੧ ਈਸਵੀ, ਵਿਚ ਨਿਊਟਨ, ਸੰਸਾਰ ਪ੍ਰਸਿੱਧ ਕੈਂਮਬ੍ਰਿਜ ਵਿਸ਼ਵ ਵਿਦਿਆਲੇ ਵਿੱਚ ਪੜ੍ਹਨ ਲਈ ਦਾਖ਼ਲ ਹੋ ਗਿਆ। ਉਹਨਾਂ ਦਿਨਾਂ ਵਿੱਚ ਗਣਤ ਵਿਦਿਆ ਦਾ ਮਹਾਨ ਪੰਡਤ, ਡਾਕਟਰ ਬੈਰੋ, ਕੈਂਮਬ੍ਰਿਜ ਵਿੱਚ ਪ੍ਰੋਫੈਸਰ ਸੀ। ਡਾਕਟਰ ਬੈਰੋ ਦੇ ਗਣਤ-ਵਿਦਿਆ ਉੱਤੇ ਸਿਖਸ਼ਾ ਭਾਸ਼ਣਾਂ ਨੂੰ ਸਮਝਣ ਤੇ ਉਹਨਾਂ ਤੋਂ ਲਾਭ ਉਠਾਉਣ ਲਈ, ਨਿਊਟਨ ਨੇ ਬੜੀ ਮਿਹਨਤ ਕਰ ਕੇ ਗਣਿਤ ਵਿਦਿਆ ਤੇ ਨਿਯਾਇ ਸ਼ਾਸਤਰ (Logic) ਦੀਆਂ ਕਈ ਗੂੜ੍ਹ ਤੇ ਟਕਸਾਲੀ ਪੁਸਤਕਾਂ ਘੋਖ ਲਈਆਂ। ਇਸ ਵੇਲੇ ਨਿਊਟਨ ਦੀ ਆਯੂ ਕੋਈ ਇੱਕੀਆਂ ਵਰ੍ਹਿਆਂ ਦੀ ਸੀ। ਆਉਣ ਵਾਲੇ ਦੋਹ ਸਾਲਾਂ ਵਿੱਚ, ਅਰਥਾਤ, ਆਪਣੀ ਤੇਈਆਂ ਵਰ੍ਹਿਆਂ ਦੀ ਉਮਰ ਦੇ ਵਿੱਚ ਹੀ ਗਣਤ ਵਿਦਿਆ ਦੀਆਂ ਉਹ ਮਹਾਨ ਤੇ ਜਗਤ ਪ੍ਰਸਿੱਧ ਸਿਧਾਂਤਕ ਕਾਢਾਂ ਲੱਭੀਆਂ, ਜਿਨ੍ਹਾਂ ਦੇ ਕਾਰਣ ਨਿਊਟਨ ਦਾ ਨਾਮ ਸੰਸਾਰ ਵਿੱਚ ਸਦਾ ਉੱਚ ਕੋਟੀ ਦੇ ਵਿਦਵਾਨਾਂ ਵਿੱਚ ਗਿਣਿਆ ਜਾਵੇਗਾ। ਅਨੰਤ ਗਣਤ (Infinite Calculus) ਦੇ ਸਿਧਾਂਤ ਦਾ ਨਿਰਣਾ ਨਿਊਟਨ ਨੇ ਇਨ੍ਹਾਂ ਦਿਨਾਂ ਵਿੱਚ ਹੀ ਕੀਤਾ।

ਜਨਵਰੀ, ਸੰਨ ੧੬੬੫ ਈਸਵੀ ਵਿੱਚ ਨਿਊਟਨ ਕੈਂਮਬ੍ਰਿਜ ਛੱਡ ਕੇ ਆਪਣੇ ਪਿੰਡ ਵੂੱਲਸਥੋਰਪ ਨੂੰ ਮੁੜ ਆਇਆ। ਉਸ ਸਾਲ ਹੀ ਨਿਊਟਨ ਨੇ ਕੈਂਮਬ੍ਰਿਜ ਵਿਸ਼ਵ ਵਿਦਿਆਲੇ ਤੋਂ ਬੀ. ਏ. ਦੀ ਡਿਗਰੀ ਪ੍ਰਾਪਤ ਕੀਤੀ, ਪਰ ਨਿਊਟਨ ਦਾ ਆਪਣੇ

ਪਿੰਡ ਮੁੜ ਆਉਣ ਦਾ ਕਾਰਨ ਇਹ ਸੀ ਜੁ ਕੈਮਬ੍ਰਿਜ ਵਿੱਚ ਪਲੇਗ ਪੈ ਗਈ ਸੀ। ਅਕਤੂਬਰ, ਸੰਨ ੧੬੬੬ ਈਸਵੀ ਵਿੱਚ ਨਿਊਟਨ ਮੁੜ ਕੈਮਬ੍ਰਿਜ ਆਇਆ।

ਸੰਨ ੧੬੬੫ ਈਸਵੀ ਤੋਂ ਸੰਨ ੧੬੬੬ ਈਸਵੀ ਦੀ ਪਤਝੜ ਤਕ ਨਿਊਟਨ ਅਪਣੇ ਪਿੰਡ ਹੀ ਟਿਕਿਆ ਰਿਹਾ ਤੇ ਇਸ ਸਮੇਂ ਵਿਚ ਹੀ ਦਰਖ਼ਤ ਤੋਂ ਟੁੱਟ ਕੇ ਇਕ ਸਿਓ ਦੇ ਡਿੱਗਣ ਦੀ ਘਟਨਾ ਹੋਈ, ਜਿਸ ਨੂੰ ਤੱਕ ਕੇ ਨਿਊਟਨ ਨੇ ਮਹਾਨ ਵਿਗਿਆਨਕ ਸਿਧਾਂਤ, ਪ੍ਰਕ੍ਰਿਤੀ ਵਿੱਚ ਸਰਵ-ਵਿਆਪੀ ਆਕਰੱਖਸ਼ਨ ਸ਼ਕਤੀ ਨੂੰ ਨਿਰਣੇ ਤੇ ਨਿਰਮਤ ਕੀਤਾ। ਇਹ ਘਟਨਾ ਤੇ ਇਹ ਕਥਾ, ਜੋ ਕਿ ਸਾਇੰਸ ਦੇ ਵਿਕਾਸ ਦੀ ਤਵਾਰੀਖ਼ ਵਿੱਚ ਇਕ ਜਗਤ-ਪ੍ਰਸਿੱਧ ਕਥਾ ਬਣ ਕੇ ਪ੍ਰਚਲਤ ਹੋ ਗਈ ਹੈ, ਇਉਂ ਹੈ।

ਇਕ ਦਿਨ ਨਿਊਟਨ ਅਪਣੇ ਖੇਤਾਂ ਵਿੱਚ, ਆਪਣੇ ਖ਼ਿਆਲਾਂ ਵਿੱਚ ਮਗਨ, ਇਕ ਸਿਓ ਦੇ ਦਰਖ਼ਤ ਹੇਠਾਂ ਅਧ-ਲੇਟਿਆ ਹੋਇਆ ਸੀ। ਇਕ ਸਿਓ ਟੁੱਟ ਕੇ ਉਹਦੇ ਸਿਰ ਵਿੱਚ ਆਣ ਲੱਗਾ, ਜਿਸ ਨਾਲ ਉਸ ਦਾ ਧਿਆਨ ਉਚਾਟ ਹੋ ਗਿਆ। ਨਿਊਟਨ ਨੂੰ ਸੋਚ ਫੁਰੀ ਜੁ ਸੇਬ ਟਾਹਣੀ ਨਾਲੋਂ ਟੁੱਟ ਕੇ ਹੇਠਾਂ ਵਲ ਨੂੰ ਕਿਉਂ ਡਿਗਿਆ, ਕਿਸੇ ਹੋਰ ਪਾਸੇ ਕਿਉਂ ਨ ਚਲਾ ਗਿਆ? ਬੱਸ, ਇਸੇ ਵਿਚਾਰ ਧਾਰਾ ਉੱਤੇ ਗੌਹ ਕਰਦਿਆਂ ਨਿਊਟਨ ਨੂੰ ਮਹਾਂ ਸਿਧਾਂਤ, ਸਰਵ-ਵਿਆਪੀ ਆਕਰੱਖਸ਼ਨ ਸ਼ਕਤੀ ਦੇ ਸਿਧਾਂਤ, ਦੀ ਸੋਝੀ ਹੋ ਆਈ। ਨਿਊਟਨ ਦੇ ਪ੍ਰਸ਼ਨ ਦਾ ਉੱਤਰ ਇਹ ਸੀ ਜੁ ਸੇਬ ਟਹਿਣੀ ਨਾਲੋਂ ਟੁੱਟ ਕੇ ਧਰਤੀ ਵਲ ਨੂੰ ਇਸ ਲਈ ਆਇਆ, ਕਿਉਂ ਜੁ ਧਰਤੀ ਦੀ ਆਕਰੱਖਸ਼ਨ ਸ਼ਕਤੀ, ਧਰਤੀ ਦੇ ਵੱਡੇ ਆਕਾਰ ਤੇ ਧਰਤੀ ਦੇ ਸਿਓ ਵਾਲੀ ਟਹਿਣੀ ਨਾਲ ਸਮੀਪਤਾ ਦੇ ਕਾਰਣ ਇਤਨੀ ਪ੍ਰਬਲ ਹੈ, ਕਿ ਹੋਰ ਕਿਸੇ ਵਸਤੂ ਦੀ ਆਰਕਰਖਸ਼ਨ ਸ਼ਕਤੀ ਉਸ ਦੇ ਮੁਕਾਬਲੇ ਜਾਂ ਤੋਲ ਦੀ ਨਹੀਂ ਜੋ ਟੁਟੇ ਹੋਏ ਸੇਬ ਨੂੰ ਆਪਣੀ ਖਿੱਚ ਸਕਦੀ। ਇਸ ਕਰਕੇ ਟੁਟਦੇ ਸਾਰ ਸੇਬ ਧਰਤੀ ਵੱਲ ਨੂੰ ਖਿੱਚਿਆ ਗਿਆ ਤੇ ਨਿਊਟਨ ਦੇ ਸਿਰ ਉੱਤੇ ਆ ਲੱਗਾ।

ਸੰਨ ੧੬੬੬ ਤੋਂ ਲੈ ਕੇ ਸੰਨ ੧੬੬੯ ਤੱਕ ਨਿਊਟਨ ਕੈਮਬ੍ਰਿਜ ਯੂਨੀਵਰਸਿਟੀ ਵਿੱਚ ਕੰਮ ਕਰਦਾ ਰਿਹਾ ਤੇ ਸੰਨ ੧੬੬੯ ਵਿੱਚ ਉਸ ਨੂੰ ਡਾਕਟਰ ਬੈਰੋ ਦੀ ਥਾਂ ਗਣਤ ਵਿਦਿਆ ਦਾ ਪ੍ਰੋਫ਼ੈਸਰ ਲਗਾ ਦਿੱਤਾ ਗਿਆ, ਜਿਸ ਪਦਵੀਂ ਉੱਤੇ ਨਿਊਟਨ ਸੰਨ ੧੬੬੯ ਤੋਂ ਲੇ ਕੇ ਸੰਨ ੧੬੯੫ ਈਸਵੀ ਤੱਕ ਕੰਮ ਕਰਦਾ ਰਿਹਾ। ਛਬੀ ਵਰ੍ਹਿਆਂ ਵਿਚ ਉਹ ਕਦੇ ਇਕ ਦਿਨ ਲਈ ਵੀ ਆਪਣੀ ਡਿਊਟੀ ਤੋਂ ਗ਼ੈਰਹਾਜ਼ਰ ਨਹੀਂ ਹੋਇਆ। ਉਹ ਆਪਣੇ ਕਾਲਜ ਦੇ ਇਕ ਕਮਰੇ ਵਿੱਚ ਰਹਿੰਦਾ ਸੀ ਤੇ ਉਸ ਦੇ ਜ਼ਿੰਮੇ ਲਗਾ ਕੰਮ ਕੇਵਲ ਇਤਨਾ ਹੀ ਸੀ, ਜੁ ਉਹ ਹਰ ਹਫ਼ਤੇ ਇਕ ਘੰਟੇ ਦਾ

ਭਾਸ਼ਨ ਵਿਦਿਆਰਥੀਆਂ ਨੂੰ ਦੇ ਦੇਵੇ ਤੇ ਹਫ਼ਤੇ ਵਿੱਚ ਚਾਰ ਘੰਟੇ ਅਜੇਹੇ ਵਿਦਿਆਰਥੀਆਂ ਨੂੰ ਜੋ ਕਿ ਉਸ ਨਾਲ ਗੱਲ ਬਾਤ ਕਰ ਕੇ ਲਾਭ ਉਠਾਉਣਾ ਚਾਹੁਣ, ਉਹਨਾਂ ਨੂੰ ਮਿਲ ਲਵੇ। ਨਿਊਟਨ ਨੂੰ ਇਕ ਸੌ ਪੌਂਡ ਸਾਲ ਦੀ ਤਲਬ ਤੇ ਬਹੁਤ ਸਾਰਾ ਵੇਹਲਾ ਸਮਾਂ ਆਪਣੀਆਂ ਖੋਜਾਂ ਤੇ ਸੋਚ ਵਿਚਾਰਾਂ ਕਰਨ ਲਈ ਮਿਲ ਜਾਂਦਾ ਸੀ।

ਸੰਨ ੧੬੭੧ ਵਿੱਚ ਨਿਊਟਨ ਨੂੰ ਰਾਇਲ ਸੋਸਾਇਟੀ ਆਫ਼ ਲੰਡਨ ਦਾ ਮੈਂਬਰ ਬਣਾ ਲਿਆ ਗਿਆ। ਇਸ ਜਗਤ-ਪ੍ਰਸਿੱਧ ਸਭਾ ਦੇ ਮੈਂਬਰ ਉਹ ਵਿਦਵਾਨ ਹੀ ਬਣ ਸਕਦੇ ਹਨ, ਜਿਨ੍ਹਾਂ ਨੇ ਕਿਸੇ ਵਿਦਿਆ ਵਿੱਚ ਕੋਈ ਨਵੀਂ ਕਾਢ ਕੱਢ ਕੇ ਛਪਵਾ ਦਿਤੀ ਹੋਵੇ। ਨਿਊਟਨ ਨੇ ਹਾਲੀ ਤਕ ਆਪਣੀ ਕੋਈ ਖੋਜ ਛਪਵਾਈ ਨਹੀਂ ਸੀ, ਪਰ ਉਸ ਦੀ ਵਿੱਦਵਤਾ ਦੀ ਪ੍ਰਸਿੱਧਤਾ ਦੂਰ ਦੂਰ ਤਕ ਫੈਲ ਚੁੱਕੀ ਸੀ। ਇਸ ਪ੍ਰਸਿੱਧਤਾ ਦੇ ਅਧਾਰ ਉੱਤੇ ਹੀ ਨਿਊਟਨ ਨੂੰ ਇਸ ਸ਼ਾਹੀ ਵਿਦਵਾਨਾਂ ਦੀ ਸਭਾ ਦਾ ਮੈਂਬਰ ਬਣਾ ਲਿਆ ਗਿਆ। ੧੧ ਜਨਵਰੀ, ਸੰਨ ੧੬੭੨ ਨੂੰ ਨਿਊਟਨ ਨੇ ਇਸ ਸਭਾ ਦੇ ਜਿਓਤਿਸ਼ ਵਿਦਿਆ ਦੇ ਵਿਦਵਾਨਾਂ ਸਾਹਮਣੇ ਇਕ ਭਾਸ਼ਨ ਦਿੰਦਿਆਂ ਹੋਇਆਂ ਇਕ ਨਵੀਨ ਕਿਸਮ ਦੀ ਦੂਰਬੀਨ ਬਨਾਉਣ ਦੀ ਵਿਉਂਤ ਦੱਸੀ ਜਿਸ ਨਾਲ ਕਿ ਅਕਾਸ਼ਾਂ ਵਿੱਚ ਦੂਰ ਦੂਰ ਦੇ ਗ੍ਰਿਹ ਦੇਖੇ ਜਾ ਸਕਣ। ਉਸ ਨੇ ਇਸ ਦੂਰਬੀਨ ਦਾ ਇਕ ਨਮੂਨਾ ਵੀ ਬਣਾ ਕੇ ਦਿਖਾਇਆ ਜੋ ਕਿ ਅੱਜ ਤਕ ਰਾਇਲ ਸੋਸਾਇਟੀ ਆਫ਼ ਲੰਡਨ ਦੇ ਦਫ਼ਤਰ ਵਿੱਚ ਸਾਂਭਿਆ ਪਿਆ ਹੈ। ਇਸ ਸਭਾ ਦੇ ਮੈਂਬਰ ਨੂੰ ਹਰ ਸਾਲ ਦੱਸ ਪੌਂਡ ਮੈਂਬਰੀ ਦੀ ਫੀਸ ਦੇਣੀ ਪੈਂਦੀ ਸੀ। ਨਿਊਟਨ ਇਨ੍ਹਾਂ ਦਿਨਾਂ ਵਿੱਚ ਭਾਵੇਂ ਆਪਣੀ ਵਿੱਦਵਤਾ ਤੇ ਖੋਜਾਂ ਦੇ ਕਾਰਣ ਜਗਤ-ਪ੍ਰਸਿੱਧ ਹੋ ਚੁੱਕਾ ਸੀ, ਪਰ ਉਸ ਦੀ ਆਮਦਨ ਉਹੋ ਸੌ ਪੌਂਡ ਸਾਲ ਹੀ ਸੀ, ਜੋ ਕਿ ਉਸ ਨੂੰ ਕੈਮਬ੍ਰਿਜ ਵਿਸ਼ਵਵਿਦਿਆਲੇ ਵਿਚੋਂ ਮਿਲਦਾ ਸੀ। ਇਉਂ ਨਿਊਟਨ ਗ਼ਰੀਬੀ ਵਿੱਚ ਦਿਨ ਕਟ ਰਿਹਾ ਸੀ। ਰਾਇਲ ਸੋਸਾਇਟੀ ਆਫ ਲੰਡਨ ਦੀ ਦਸ ਪੌਂਡ ਸਲਾਨਾ ਫੀਸ ਉਹ ਨਹੀਂ ਸੀ ਦੇ ਸਕਦਾ, ਜਿਸ ਕਰਕੇ ਨਿਊਟਨ ਨੇ ਇਸ ਸਭਾ ਦੀ ਮੈਂਬਰੀ ਤੋਂ ਆਪਣਾ ਤਿਆਗ ਪਤ੍ਰ ਯਾ ਅਸਤੀਫ਼ਾ ਦੇ ਦਿੱਤਾ। ਪਰ ਸਭ ਨੇ ਉਸ ਦਾ ਅਸਤੀਫ਼ਾ ਪਰਵਾਨ ਨਾ ਕੀਤਾ ਤੇ ਨਿਊਟਨ ਨੂੰ ਲਿਖ ਦਿਤਾ ਕਿ ਉਸ ਕੋਲੋਂ ਮੈਂਬਰੀ ਦੀ ਵਾਰਸ਼ਕ ਫੀਸ ਨਹੀਂ ਲਈ ਜਾਵੇਗੀ।

ਉਹਨਾਂ ਦਿਨਾਂ ਵਿੱਚ ਕੋਈ ਆਦਮੀ ਕੈਂਬ੍ਰਿਜ ਵਿਸ਼ਵ-ਵਿਦਿਆਲੇ ਵਿੱਚ ਪ੍ਰੋਫ਼ੈਸਰ ਨਹੀਂ ਸੀ ਰਹਿ ਸਕਦਾ ਜੋ ਪਾਦਰੀ ਨਾ ਬਣ ਜਾਵੇ। ਪਾਦਰੀ ਬਣਨ ਤੋਂ ਪਿਛੋਂ, ਜਿਨ੍ਹਾਂ ਯਮ ਨਿਯਮਾਂ ਉੱਤੇ ਚਲਣਾ ਜ਼ਰੂਰੀ ਹੈ, ਉਨ੍ਹਾਂ ਉੱਤੇ ਨਿਤਾਪ੍ਰਤ ਬਹੁਤ ਸਮਾਂ ਲਗ ਜਾਂਦਾ ਹੈ। ਨਿਊਟਨ ਇਸ ਨੂੰ ਅਪਣੀਆਂ ਵਿਦਿਅਕ ਖੋਜਾਂ ਦੇ

ਰਸਤੇ ਵਿੱਚ ਔਕੜ ਸਮਝਦਾ ਸੀ। ਨਿਊਟਨ ਵਲੋਂ ਬਾਦਸ਼ਾਹ ਕੋਲ ਬੇਨਤੀ ਕੀਤੀ ਗਈ ਤੇ ੨੭ ਅਪ੍ਰੈਲ, ਸੰਨ ੧੬੭੫ ਈਸਵੀ ਨੂੰ ਬਾਦਸ਼ਾਹ ਨੇ ਇਹ ਆਗਿਆ ਦੇ ਦਿੱਤੀ ਕਿ ਨਿਊਟਨ ਬਿਨਾਂ ਪਾਦਰੀ ਬਣੇ ਹੀ ਕੈਮਬ੍ਰਿਜ ਵਿੱਚ ਪ੍ਰੋਫ਼ੈਸਰ ਲੱਗਾ ਰਹੇ।

ਇਨ੍ਹਾਂ ਦਿਨਾਂ ਵਿੱਚ ਹੀ ਇਕ ਹੋਰ ਘਟਨਾ ਅਜੇਹੀ ਹੋਈ, ਜਿਸ ਤੋਂ ਸਿੱਧ ਹੁੰਦਾ ਹੈ ਜੁ ਨਿਊਟਨ ਕੇਵਲ ਇਕ ਸਾਇੰਸਦਾਨ ਪੰਡਤ ਹੀ ਨਹੀਂ ਸੀ, ਸਗੋਂ ਪ੍ਰਬਲ ਰਾਜਸੀ ਬਿਰਤੀਆਂ ਭੀ ਰਖਦਾ ਸੀ। ਇੰਗਲੈਂਡ ਦਾ ਬਾਦਸ਼ਾਹ, ਜੇਮਜ਼ ਦੂਜਾ, ਆਪਣੇ ਦੇਸ਼ ਵਿੱਚ ਕੈਥੋਲਿਕ ਈਸਾਈ ਮੱਤ ਨੂੰ ਮੁੜ ਪ੍ਰਧਾਨਤਾ ਦੇਣਾ ਚਾਹੁੰਦਾ ਸੀ। ਪਰ ਉਹਨਾਂ ਦਿਨਾਂ ਵਿੱਚ ਪ੍ਰਚਲਤ ਪ੍ਰਧਾਨ ਮਤ ਪ੍ਰੋਟੈਸਟੇਂਟ ਈਸਾਈ ਮੱਤ ਸੀ, ਜੋ ਕਿ ਕੈਮਬ੍ਰਿਜ ਵਿਸ਼ਵ-ਵਿਦਿਆਲੇ ਦਾ ਪ੍ਰਮਾਣਿਕ ਮੱਤ ਸੀ। ਜਿਸ ਕਿਸੇ ਨੂੰ ਵੀ ਕੈਮਬ੍ਰਿਜ ਵਿਚੋਂ ਬੀ. ਏ. ਦੀ ਡਿਗਰੀ ਮਿਲਦੀ ਸੀ, ਉਸ ਨੂੰ ਪ੍ਰੋਟੈਸਟੇਂਟ ਈਸਾਈ ਮੱਤ ਉੱਤੇ ਚੱਲਣ ਦੀ ਸੌਂਹ ਖਾਣੀ ਪੈਂਦੀ ਸੀ। ਬਾਦਸ਼ਾਹ ਜੇਮਜ਼ ਦੂਜੇ ਨੇ ਕੈਮਬ੍ਰਿਜ ਵਿਸ਼ਵ-ਵਿਦਿਆਲੇ ਦੇ ਅਧਿਕਾਰੀਆਂ ਨੂੰ ਹੁਕਮ ਕੀਤਾ ਜੁ ਉਹ ਇਕ ਕੈਥੋਲਿਕ ਪਾਦਰੀ, ਫ਼ਰਾਂਸਿਸ ਨਾਮੀ ਨੂੰ ਬੀ.ਏ. ਦੀ ਡਿਗਰੀ ਦੇ ਦੇਣ ਪਰ ਉਸ ਕੋਲੋਂ ਨੀਯਤ ਸੌਂਹ ਨਾ ਖੁਆਉਣ। ਵਿਸ਼ਵ-ਵਿਦਿਆਲੇ ਦੇ ਅਧਿਕਾਰੀਆਂ ਨੇ ਇਸ ਹੁਕਮ ਦੇ ਮੰਨਣ ਤੋਂ ਨਾਂਹ ਕਰ ਦਿੱਤੀ ਤੇ ਆਪਣੇ ਕੁਛ ਪ੍ਰੋਫ਼ੈਸਰ, ਨਿਊਟਨ ਜਿਨ੍ਹਾਂ ਦਾ ਮੁਖ ਵਕਤਾ ਸੀ, ਲੰਡਨ ਦੇ ਹਾਈ ਕੋਰਟ ਵਿੱਚ ਆਪਣੇ ਅਧਿਕਾਰ ਪ੍ਰਵਾਨ ਕਰਵਾਉਣ ਲਈ ਭੇਜੇ। ਹਾਈ ਕੋਰਟ ਵਿੱਚ ਨਿਊਟਨ ਨੇ ਕੈਮਬ੍ਰਿਜ ਵਿਸ਼ਵ-ਵਿਦਿਆਲੇ ਦੇ ਅਧਿਕਾਰਾਂ ਨੂੰ ਇਸ ਜੋਸ਼ ਨਾਲ ਬਿਆਨਿਆਂ, ਜੋ ਉਹ ਹਾਈ ਕੋਰਟ ਨੇ ਪ੍ਰਵਾਨ ਕਰ ਲਏ, ਤੇ ਬਾਦਸ਼ਾਹ ਨੇ ਵੀ ਇਹੋ ਯੋਗ ਜਾਤਾ ਜੁ ਉਹ ਆਪਣੇ ਪਹਿਲੇ ਹੁਕਮ ਉੱਤੇ ਜ਼ੋਰ ਨਾ ਦੇਵੇ। ਨਿਊਟਨ ਦੀ ਇਸ ਵਿਜੇ ਤੇ ਜੋਸ਼ ਉੱਤੇ ਕੈਮਬ੍ਰਿਜ ਦੇ ਕਰਮਚਾਰੀ ਇਤਨੇ ਪ੍ਰਭਾਵਤ ਤੇ ਪ੍ਰਸੰਨ ਹੋਏ ਕਿ ਉਹਨਾਂ ਨੇ ਨਿਊਟਨ ਨੂੰ ਕੈਮਬ੍ਰਿਜ ਯੂਨੀਵਰਸਟੀ ਵਲੋਂ ਇੰਗਲੈਂਡ ਦੀ ਪਾਰਲੀਮੈਂਟ ਦਾ ਮੈਂਬਰ ਚੁਣ ਦਿੱਤਾ।

ਨਿਊਟਨ ਸੰਨ ੧੬੮੮ ਤੋਂ ਲੈ ਕੇ ਸੰਨ ੧੬੯੫ ਤਕ ਪਾਰਲੀਮੈਂਟ ਦਾ ਮੈਂਬਰ ਰਿਹਾ। ਇਸ ਸਾਰੇ ਸਮੇਂ ਵਿੱਚ ਨਿਊਟਨ ਆਪਣੇ ਪਾਰਲੀਮੈਂਟ ਦੇ ਮੈਂਬਰ ਹੋਣ ਦੇ ਫ਼ਰਜ਼ਾਂ ਨੂੰ ਭਲੀ ਪ੍ਰਕਾਰ ਨਿਭਾਉਂਦਾ ਰਿਹਾ। ਪਰ ਨਿਊਟਨ ਪਾਰਲੀਮੈਂਟ ਵਿਚ ਚੰਗੇ ਬੋਲਣ ਵਾਲਿਆਂ ਜਾਂ ਬਹਿਸ ਕਰਨ ਵਾਲਿਆਂ ਵਿਚੋਂ ਕਦੇ ਵੀ ਨਹੀਂ ਸੀ। ਕਹਿੰਦੇ ਹਨ ਕਿ ਇਹਨਾਂ ਸੱਤਾਂ ਸਾਲਾਂ ਵਿਚ ਨਿਊਟਨ ਕੇਵਲ ਇਕ ਵਾਰ ਹੀ ਪਾਰਲੀਮੈਂਟ ਵਿੱਚ ਬੋਲਿਆ। ਕੋਈ ਹੋਰ ਮੈਂਬਰ ਖੜਾ ਬੋਲ ਰਿਹਾ ਸੀ ਤਾਂ ਨਿਊਟਨ ਨੇ ਇਕ ਅਰਦਲੀ ਨੂੰ ਕਿਹਾ ਕਿ "ਔਹ ਬਾਰੀ ਬੰਦ ਕਰ ਦਿਓ", ਤਾਂ ਜੁ ਠੰਢੀ

ਹਵਾ ਦੇ ਬੁੱਲੇ ਨਾਲ ਕਿਸੇ ਨੂੰ ਜ਼ੁਕਾਮ ਨਾ ਹੋ ਜਾਵੇ। ਹੋਰ ਸਾਰਾ ਸਮਾਂ ਇਨ੍ਹਾਂ ਸੱਤਾਂ ਸਾਲਾਂ ਵਿੱਚ ਨਿਊਟਨ ਪਾਰਲੀਮੈਂਟ ਵਿੱਚ ਚੁੱਪ ਕਰ ਕੇ ਹੀ ਬੈਠਾ ਰਿਹਾ।

ਸੰਨ ੧੬੯੪ ਵਿੱਚ ਇਕ ਅਜੇਹੀ ਦੁਰਘਟਨਾ ਹੋਈ ਜਿਸ ਦਾ ਕਿ ਨਿਊਟਨ ਦੇ ਦਿਲ ਤੇ ਦਿਮਾਗ ਉੱਤੇ ਬੜਾ ਭਾਰੀ ਤੇ ਨਿਰਾਸ਼ਾ ਜਨਕ ਪ੍ਰਭਾਵ ਪਿਆ। ਉਸ ਸਾਲ ਨਿਊਟਨ ਦੀ ਮਾਤਾ ਦਾ ਦੇਹਾਂਤ ਹੋ ਗਿਆ ਤੇ ਉਸ ਸਾਲ ਨਿਊਟਨ ਆਪਣੇ ਕਮਰੇ ਦੀ ਮੇਜ਼ ਉੱਤੇ ਇਕ ਜਲ ਰਹੀ ਮੋਮਬੱਤੀ ਛੱਡ ਕੇ ਬਾਹਰ ਕਿਸੇ ਕੰਮ ਗਿਆ। ਜਦ ਮੁੜਿਆ ਤਾਂ ਕੀ ਦੇਖਦਾ ਹੈ ਕਿ ਉਸ ਦੇ ਕੁੱਤੇ ਨੇ ਮੋਮਬਤੀ ਮੇਜ਼ ਉੱਤੇ ਡੇਗ ਕੇ, ਕੁਛ ਕਾਗਜ਼ ਜੋ ਉਥੇ ਪਏ ਸਨ, ਸਾੜ ਦਿੱਤੇ ਹਨ। ਇਨ੍ਹਾਂ ਕਾਗਜ਼ਾਂ ਉੱਤੇ ਨਿਊਟਨ ਦੇ ਆਪਣੇ ਪਿਛਲੇ ਕਈ ਸਾਲਾਂ ਦੇ ਤਜਰਬਿਆਂ ਬਾਰੇ ਨੋਟ ਲਿਖੇ ਹੋਏ ਸਨ। ਇਸ ਦੁਰਘਟਨਾ ਦਾ ਇਤਨਾ ਭਾਰੀ ਸਦਮਾ ਨਿਊਟਨ ਨੂੰ ਪੁੱਜਾ ਜੁ ਉਸ ਦਾ ਦਿਮਾਗ਼ ਹਿਲ ਗਿਆ, ਤੇ ਇਸ ਘਟਨਾ ਤੋਂ ਪਿਛੋਂ ਆਯੂ ਪ੍ਰਯੰਤ ਨਿਊਟਨ ਕਦੇ ਉਨੀਂਦਰੇ ਤੇ ਕਦੇ ਨਸਾਂ ਦੀ ਕਮਜ਼ੋਰੀ ਦੇ ਰੋਗਾਂ ਵਿੱਚ ਗ੍ਰਸਤ ਰਿਹਾ। ਇਸ ਵੇਲੇ ਨਿਊਟਨ ਦੀ ਉਮਰ ਕੋਈ ਪੰਤਾਲੀ ਸਾਲ ਦੇ ਲਗਪਗ ਸੀ, ਤੇ ਇਹ ਉਹ ਸਮਾਂ ਹੈ ਜਦੋਂ ਕਿ ਮਨੁਸ਼ ਦਾ ਦਿਮਾਗ਼ ਤੇ ਬੁੱਧੀ ਆਪਣੇ ਭਰ ਜੋਬਨ 'ਤੇ ਹੁੰਦੇ ਹਨ। ਪਰ ਆਪਣੀ ਮੱਧ ਆਯੂ ਤੋਂ ਉਪਰੰਤ ਨਿਊਟਨ ਨੇ ਨਾ ਤਾਂ ਕੋਈ ਨਵੀਂ ਖੋਜ ਹੀ ਕੀਤੀ ਤੇ ਨਾ ਕਿਸੇ ਹੋਰ ਮਹਾਨ ਵਿਦਿਅਕ ਚਮਤਕਾਰ ਦਾ ਸਬੂਤ ਦਿੱਤਾ, ਜਿਸ ਦੀ ਕਿ ਆਸ ਇਤਨੀ ਵਿਸ਼ਾਲ ਬੁੱਧੀ ਵਾਲੇ ਮਨੁਸ਼ ਤੋਂ ਕੀਤੀ ਜਾ ਸਕਦੀ ਸੀ।

ਨਿਊਟਨ ਦੇ ਮਹਾਨ ਸਿਧਾਂਤ ਸਰਵ-ਵਿਆਪੀ ਆਕਰੱਖਸ਼ਨ ਸ਼ਕਤੀ ਉੱਤੇ ਬੜੇ ਕਿੰਤੂ ਕੀਤੇ ਗਏ ਤੇ ਸੰਸਾਰ ਭਰ ਦੇ ਵੱਡੇ-ਵੱਡੇ ਵਿਦਵਾਨਾਂ ਨੇ ਇਸ ਸਿਧਾਂਤ ਉੱਤੇ ਨੁਕਤਾਚੀਨੀ ਕੀਤੀ। ਪਰ ਨਿਊਟਨ ਨੇ ਸਭ ਦਾ ਭਲੀ ਪ੍ਰਕਾਰ ਤੇ ਤਸੱਲੀ ਬਖ਼ਸ਼ ਉੱਤਰ ਦਿੱਤਾ। ਅੰਤ ਨੂੰ ਇਸ ਸਿਧਾਂਤ ਨੂੰ ਸੰਸਾਰ ਭਰ ਦੇ ਵਿਦਵਾਨਾਂ ਤੇ ਚਿੰਤਕਾਂ ਨੇ ਸਵੀਕਾਰ ਕਰ ਲਿਆ। ਇਉਂ, ਨਿਊਟਨ ਸੰਸਾਰ ਭਰ ਵਿੱਚ ਪ੍ਰਸਿੱਧ ਤੇ ਮਾਨਨੀਯ ਹੋ ਗਿਆ, ਪਰ ਉਸ ਦੀ ਆਮਦਨ ਉਹੋ ਇਕ ਸੌ ਪੌਂਡ ਸਾਲ ਹੀ ਰਹੀ ਸੀ ਜੋ ਕਿ ਉਸ ਨੂੰ ਕੈਂਮਬ੍ਰਿਜ ਵਿਸ਼ਵ-ਵਿਦਿਆਲੇ ਵਲੋਂ ਵਿਦਿਆਰਥੀਆਂ ਨੂੰ ਗਣਿਤ-ਵਿਦਿਆ ਪੜ੍ਹਾਣ ਬਦਲੇ ਮਿਲਦੇ ਸਨ। ਸੰਨ ੧੬੯੪ ਵਿੱਚ ਨਿਊਟਨ ਦਾ ਮਿਤਰ, ਮਾਂਟੇਗੂ, ਇੰਗਲੈਂਡ ਦੀ ਰਾਜ ਮੰਤਰੀ ਸਭਾ ਵਿੱਚ ਖ਼ਜ਼ਾਨੇ ਦਾ ਵਜ਼ੀਰ ਨੀਯਤ ਹੋਇਆ ਤਾਂ ਉਸ ਨੇ ਨਿਊਟਨ ਨੂੰ ਛੇ ਸੌ ਪੌਂਡ ਸਾਲ ਉੱਤੇ ਮੀਰ ਟਕਸਾਲ ਨੀਯਤ ਕਰ ਦਿੱਤਾ। ਸੰਨ ੧੬੯੪ ਈਸਵੀ ਵਿੱਚ ਨਿਊਟਨ ਨੂੰ ਸ਼ਾਹੀ ਟਕਸਾਲ ਦਾ ਮਹਾਂ-ਮਾਤ੍ਰ ਬਣਾ ਦਿੱਤਾ ਗਿਆ ਤੇ ਉਸ ਦੀ ਤਲਬ ਪੰਦਰਾਂ ਸੌ ਪੌਂਡ ਸਾਲ

ਕਰ ਦਿੱਤੀ ਗਈ। ਇਸ ਤੋਂ ਪਿਛੋਂ ਸਾਰੀ ਉਮਰ ਨਿਊਟਨ ਨੂੰ ਕਦੇ ਪੈਸੇ ਦੀ ਥੁੜ
ਨਹੀਂ ਹੋਈ। ਉਸ ਨੇ ਕੈਮਬ੍ਰਿਜ ਦੀ ਪਰੋਫ਼ੈਸਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ
ਆਪਣਾ ਸਾਰਾ ਸਮਾਂ ਟਕਸਾਲ ਦੇ ਕੰਮਾਂ ਧੰਦਿਆਂ ਉੱਤੇ ਹੀ ਲਾਉਣ ਲਗ ਪਿਆ
ਪਰ ਮਾਨਸਕ ਸੁਖ ਨਿਊਟਨ ਨੂੰ ਫਿਰ ਭੀ ਪ੍ਰਾਪਤ ਨਾ ਹੋ ਸਕਿਆ, ਕਿਉਂਕਿ ਸ਼ਾਹੀ
ਟਕਸਾਲ ਦੇ ਸੰਬੰਧ ਵਿਚ ਉਹ ਕਈ ਮੁਕੱਦਮਿਆਂ ਤੇ ਝਗੜਿਆਂ ਵਿੱਚ ਫਸ
ਗਿਆ। ਉਸ ਦੇ ਉੱਤੇ ਇਹ ਦੂਸ਼ਨ ਵੀ ਲਾਇਆ ਗਿਆ ਜੁ ਉਸ ਨੇ ਜਾਣ ਬੁਝ ਕੇ
ਟਕਸਾਲ ਵਿੱਚ ਖੋਟੇ ਸਿਕੇ ਢਲਵਾਏ ਹਨ, ਪਰ ਇਸ ਦੂਸ਼ਨ ਵਿਚ ਈਰਖਾ ਦਾ
ਹੱਥ ਹੀ ਜਾਪਦਾ ਹੈ। ਇਹ ਗੱਲ ਨਿਸ਼ਚਿਤ ਹੈ, ਜੁ ਇਕ ਸਮੇਂ ਕਿਸੇ ਨੇ ਛੇ ਹਜ਼ਾਰ
ਪੌਂਡ ਰਿਸ਼ਵਤ ਨਿਊਟਨ ਨੂੰ ਦੇਣੀ ਚਾਹੀ ਪਰ ਨਿਊਟਨ ਨੇ ਨਾਂਹ ਕਰ ਦਿੱਤੀ।
ਇਹ ਖੋਟੇ ਸਿੱਕੇ ਢਲਵਾਉਣ ਵਾਲਾ ਦੂਸ਼ਨ ਨਿਊਟਨ ਉੱਤੇ ਨਿਰਸੰਦੇਹ ਨਿਰਮੂਲ
ਹੀ ਲਗਵਾਇਆ ਗਿਆ ਸੀ।

ਸੰਨ ੧੭੦੧ ਈਸਵੀ ਵਿੱਚ ਨਿਊਟਨ ਫੇਰ ਪਾਰਲੀਮੈਂਟ ਦਾ ਮੈਂਬਰ ਕੈਮਬ੍ਰਿਜ
ਵਲੋਂ ਚੁਣਿਆ ਗਿਆ, ਪਰ ਨਿਊਟਨ ਨੇ ਪਾਰਲੀਮੈਂਟ ਵਿੱਚ ਚੁੱਪ ਕਰ ਕੇ ਬੈਠੇ
ਰਹਿਣ ਦੀ ਸੌਂਹ ਨੂੰ ਇਸ ਵਾਰੀ ਵੀ ਨਾ ਤੋੜਿਆ। ਸੰਨ ੧੭੦੩ ਵਿੱਚ ਨਿਊਟਨ
ਰਾਇਲ ਸੋਸਾਇਟੀ ਆਫ ਲੰਡਨ ਦਾ ਪ੍ਰਧਾਨ ਚੁਣਿਆ ਗਿਆ, ਜਿਸ ਪਦਵੀ
ਉੱਤੇ ਕਿ ਨਿਊਟਨ ਪੂਰੇ ਤੇਈ ਵਰ੍ਹੇ ਰਿਹਾ। ਸੰਨ ੧੭੦੫ ਈਸਵੀ ਵਿੱਚ ਇੰਗਲੈਂਡ
ਦੀ ਮਹਾਰਾਣੀ ਐਨ ਨੇ ਨਿਊਟਨ ਨੂੰ ਬੜਾ ਵੱਡਾ ਸਨਮਾਨ ਬਖ਼ਸ਼ ਕੇ ਉਸ ਨੂੰ
ਰਾਜ-ਕੁਲੀਨ (Baronet) ਦੀ ਪਦਵੀ ਦੇ ਦਿੱਤੀ। ਇਉਂ ਨਿਊਟਨ ਨੂੰ ਉਹ ਸਭ
ਸਤਕਾਰ ਤੇ ਮਾਨ ਪ੍ਰਾਪਤ ਹੋ ਗਏ ਜਿਨ੍ਹਾਂ ਦੀ ਕਿ ਉਹ ਇੱਛਾ ਕਰ ਸਕਦਾ ਸੀ।
ਉਸ ਦੀ ਵਿੱਦਵਤਾ ਤੇ ਉਸ ਦੀ ਪੰਡਤਾਈ ਦੀ ਸ਼ੁਹਰਤ ਸਾਰੇ ਸੰਸਾਰ ਵਿਚ ਪਸਰੀ
ਹੋਈ ਸੀ, ਆਪਣੇ ਜੀਊਂਦਿਆਂ ਜੀ ਹੀ ਉਹ ਇਤਨਾ ਪ੍ਰਤਿਸ਼ਟ ਹੋ ਗਿਆ
ਜਿਤਨਾ ਕਿ ਵੱਡੇ-ਵੱਡੇ ਮਹਾਂ ਪੁਰਖ ਆਪਣੀ ਮ੍ਰਿਤੂ-ਪ੍ਰਯੰਤ ਹੀ ਹੋ ਸਕਦੇ ਹਨ।

ਨਿਊਟਨ ਦਰਮਿਆਨੇ ਕੱਦ ਦਾ ਆਦਮੀ ਸੀ ਤੇ ਆਪਣੀ ਪਿਛਲੇਰੀ ਉਮਰ
ਵਿਚ ਕੁਛ ਮੋਟਾ ਹੋ ਗਿਆ ਸੀ। ਉਸ ਨੂੰ ਕੋਈ ਭੈੜੀ ਵਾਦੀ, ਨਸ਼ੇ ਆਦਿਕ ਦੀ,
ਨਹੀਂ ਸੀ, ਤੇ ਉਹ ਤੰਬਾਕੂ ਦੀ ਵਰਤੋਂ ਵੀ ਨਹੀਂ ਸੀ ਕਰਦਾ। ਸੰਸਾਰ ਭਰ ਦੇ
ਮਹਾਨ ਚਿੰਤਕਾਂ ਵਾਂਗਰ ਉਸ ਨੂੰ ਧਿਆਨ ਮਗਨ ਹੋਣ ਦੀ ਵਾਦੀ ਜ਼ਰੂਰ ਸੀ।
ਕਈ ਵਾਰ ਸਵੇਰੇ ਮੰਜੇ ਤੋਂ ਉੱਠਣ ਲਗਿਆਂ ਉਸ ਨੂੰ ਕੋਈ ਖ਼ਿਆਲ ਆ ਜਾਣਾ
ਤਾਂ ਉਸ ਨੇ ਮੰਜੇ ਦੀ ਬਾਹੀ ਉੱਤੇ ਹੀ ਕਈ ਕਈ ਘੰਟੇ ਧਿਆਨ ਮਗਨ ਬੈਠੇ
ਰਹਿਣਾ ਤੇ ਜਿਤਨਾ ਚਿਰ ਕੋਈ ਆ ਕੇ ਕਹੇ ਨਾ, ਆਪਣੇ ਰੋਟੀ ਟੁੱਕ ਦਾ ਭੀ

ਖਿਆਲ ਨਾ ਰਹਿਣਾ। ਇਕ ਵਾਰ ਉਸ ਨੂੰ ਬੜੀ ਭੁੱਖ ਲੱਗੀ ਹੋਈ ਸੀ, ਪਰ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਭੋਜਨ ਖਾ ਚੁੱਕਾ ਹੈ। ਇਹ ਗੱਲ ਇਉਂ ਹੋਈ।

ਉਸ ਨੇ ਆਪਣੇ ਇੱਕ ਮਿੱਤਰ ਨੂੰ ਭੋਜਨ ਪਾਉਣ ਲਈ ਨਿਉਂਦਰਾ ਦਿੱਤਾ। ਉਹ ਮਿੱਤਰ ਜਦੋਂ ਭੋਜਨ ਖਾਣ ਆਇਆ ਤਾਂ ਨਿਊਟਨ ਅਜੇ ਆਪਣੇ ਪੁਸਤਕਾਲੇ ਵਿੱਚ ਹੀ ਸੀ। ਦੋ ਘੰਟੇ ਬੀਤ ਗਏ ਤੇ ਨਿਊਟਨ ਖਾਣ ਵਾਲੇ ਕਮਰੇ ਵਿਚ ਨਾ ਆਇਆ ਤਾਂ ਉਸ ਦੇ ਮਿੱਤਰ ਨੇ ਖਾਣੇ ਦੀ ਮੇਜ਼ ਉੱਤੇ ਜਾ ਕੇ ਦੇਖਿਆ ਜੁ ਇਕ ਸਰਪੋਸ਼ ਵਿੱਚ ਖਾਣਾ ਪਿਆ ਹੈ। ਸਰਪੋਸ ਚੁਕਿਆ ਤਾਂ ਹੇਠਾਂ ਇਕ ਤਲਿਆ ਹੋਇਆ ਕੁੱਕੜ ਪਿਆ ਸੀ। ਨਿਊਟਨ ਦੇ ਮਿੱਤਰ ਨੇ ਕੁੱਕੜ ਖਾ ਲਿਆ ਤੇ ਹੱਡੀਆਂ ਨੂੰ ਓਸੇ ਤਰ੍ਹਾਂ ਸਰਪੋਸ਼ ਨਾਲ ਢੱਕ ਦਿਤਾ ਤੇ ਆਪ ਘਰ ਮੁੜ ਗਿਆ। ਕੋਈ ਤਿੰਨਾਂ ਘੰਟਿਆਂ ਪਿਛੋਂ ਨਿਊਟਨ ਨੂੰ ਬੜੀ ਭੁੱਖ ਲੱਗੀ ਤਾਂ ਉਸ ਦਾ ਧਿਆਨ ਖਾਣੇ ਵਲ ਆਇਆ। ਖਾਣੇ ਦੀ ਮੇਜ਼ ਉੱਤੇ ਆ ਕੇ ਬਹਿ ਗਿਆ ਤੇ ਖਾਣ ਲਈ ਸਰਪੋਸ਼ ਚੁੱਕਿਆ। ਹੇਠਾਂ ਹੱਡੀਆਂ ਪਈਆਂ ਦੇਖ ਕੇ ਕਹਿਣ ਲੱਗਾ : "ਮੈਂ ਜਾਤਾ, ਮੈਂ ਖਾਣਾ ਨਹੀਂ ਖਾਧਾ। ਪਰ ਮੈਂ ਭੁੱਲ ਗਿਆ ਜਾਪਦਾ ਹਾਂ। ਖਾਣਾ ਤਾਂ ਮੈਂ ਖਾ ਚੁੱਕਾ ਹਾਂ।"

ਇਕ ਬਿਦੇਸ਼ੀ ਵਿਦਵਾਨ ਨੇ ਨਿਊਟਨ ਕੋਲੋਂ ਇਕ ਵਾਰ ਪੁਛਿਆ "ਤੁਹਾਨੂੰ ਆਪਣੇ ਮਹਾਨ ਸਿਧਾਂਤ ਆਕੱਰਖਸ਼ਨ ਸਿਧਾਂਤ ਦੀ ਸੋਝੀ ਕਿਵੇਂ ਹੋਈ?" ਨਿਊਟਨ ਨੇ ਉੱਤਰ ਦਿੱਤਾ : "ਸੋਚੀ ਜਾਣ, ਸੋਚੀ ਜਾਣ ਨਾਲ।"

ਨਿਊਟਨ ਬੜਾ ਖੁੱਲ੍ਹਾ-ਦਿਲਾ ਤੇ ਹਿਤਕਰ ਸੱਜਣ ਪੁਰਸ਼ ਸੀ। ਆਪਣੀ ਚੋਖੀ ਆਮਦਨੀ ਵਿਚੋਂ ਉਹ ਬਹੁਤ ਸਾਰੀ ਲੋੜਵੰਦਾਂ ਨੂੰ ਦੇ ਦਿੰਦਾ ਸੀ। ਉਸ ਦਾ ਆਪਣਾ ਖ਼ਰਚ ਬਹੁਤ ਥੋਹੜਾ ਸੀ ਤੇ ਇਸ ਕਰਕੇ ਉਸ ਨੂੰ ਪਰਉਪਕਾਰ ਦੇ ਕੰਮਾਂ ਉੱਤੇ ਖ਼ਰਚਣ ਲਈ ਬਹੁਤ ਬਚ ਰਹਿੰਦਾ ਸੀ।

ਅੱਸੀਆਂ ਵਰ੍ਹਿਆਂ ਦੀ ਉਮਰ ਤੱਕ ਨਿਊਟਨ ਦੇ ਨੈਣ ਪ੍ਰਾਣ ਕੰਮ ਕਰਦੇ ਰਹੇ। ਐਨਕਾਂ ਲੈਣ ਦੀ ਉਸ ਨੂੰ ਅੰਤ ਤੱਕ ਲੋੜ ਨਹੀਂ ਪਈ ਤੇ ਮਰਨ ਤਕ ਉਸ ਦੇ ਸਾਰੇ ਦੰਦ ਸਲਾਮਤ ਸਨ। ਅੱਸੀ ਸਾਲ ਦੀ ਉਮਰ ਦੇ ਪਿਛੋਂ ਜਾ ਕੇ ਉਸਨੂੰ ਛੋਟੇ ਮੋਟੇ ਬੁਢਾਪੇ ਦੇ ਰੋਗ ਲੱਗੇ, ਪਰ ਅਸਲੀ ਰੋਗੀ ਉਹ ਮਰਨ ਤੋਂ ਕੋਈ ਵੀਹ ਕੁ ਦਿਨ ਪਹਿਲਾਂ ਹੀ ਹੋਇਆ।

ਨਿਊਟਨ ਨਿਰਸੰਦੇਹ ਸੰਸਾਰ ਭਰ ਦੇ ਮਹਾਨ ਤੇ ਉੱਚ ਕੋਟੀ ਦੇ ਪੁਰਸ਼ਾਂ ਵਿਚੋਂ ਇਕ ਹੈ।

ਸੰਤ ਫਰਾਂਸਿਸ ਅਸਿਸੀ

ਫਰਾਂਸਿਸ, ਅਸਿੱਸੀ ਨਾਮੀ ਨਗਰ, ਇਟਲੀ ਦੇਸ਼ ਵਿੱਚ, ਤੇਰ੍ਹਵੀਂ ਸਦੀ ਮਸੀਹੀ ਵਿੱਚ ਹੋਇਆ ਹੈ। ਇਸ ਮਹਾਤਮਾ ਦਾ ਜੀਵਨ-ਕਾਲ ਅਟਾ ਸਟਾ ਸੰਨ ੧੧੮੧ ਤੋਂ ਲੈ ਕੇ ਸੰਨ ੧੨੨੬ ਈਸਵੀ ਨੀਯਤ ਕੀਤਾ ਗਿਆ ਹੈ। ਫਰਾਂਸਿਸ ਦਾ ਪਿਤਾ ਵਣਜਾਰਾ ਸੀ, ਤੇ ਪੰਝੀ ਸਾਲ ਦੀ ਉਮਰ ਵਿਚ ਫਰਾਂਸਿਸ ਨੂੰ ਵੀ ਆਪਣੇ ਪਿਤਾ ਦੇ ਕਾਰ ਵਿਹਾਰ ਵਿਚ ਲਾਇਆ ਗਿਆ। ਉਸੇ ਸਾਲ ਫਰਾਂਸਿਸ ਜ੍ਵਰ ਰੋਗ ਨਾਲ ਬੀਮਾਰ ਪੈ ਗਿਆ ਤੇ ਦੋ ਸਾਲ ਮੰਜੇ ਉਤੋਂ ਨਾ ਉਠਿਆ। ਇਸ ਰੋਗ ਦੇ ਦਿਨਾਂ ਵਿਚ ਹੀ ਉਸ ਨੂੰ ਯਸੂ ਮਸੀਹ ਦੇ ਦਰਸ਼ਨ ਸੁਪਨ ਅਵਸਥਾ ਵਿੱਚ ਹੋਏ ਤੇ ਯਸੂ ਮਸੀਹ ਨੇ ਫਰਾਂਸਿਸ ਨੂੰ ਕਿਹਾ : "ਫਰਾਂਸਿਸ, ਆਪਣਾ ਜਨਮ ਨਿਰਾਰਥ ਨਾ ਗੰਵਾ। ਦੇਖ, ਦੁੱਖ ਦਾਰੂ ਹੈ ਤੇ ਸੁੱਖ ਰੋਗ।" ਇਸ ਤੋਂ ਪਿਛੋਂ ਸ਼ੈਤਾਨ, ਜੋ ਕਿ ਆਦਮੀ ਦੇ ਆਪਣੇ ਅੰਦਰ ਹੀ ਜੋ ਭੈੜੇ ਖ਼ਿਆਲ ਹਨ, ਉਹਨਾਂ ਰਾਹੀਂ ਮਨੁੱਸ਼ ਨੂੰ ਧਰਮ ਦੇ ਰਾਹ ਉਤੋਂ ਰੋੜਦਾ ਹੈ, ਕਈ ਵਾਰੀ ਫਰਾਂਸਿਸ ਕੋਲ, ਉਸ ਦੇ ਧਿਆਨ ਵਿੱਚ ਆਇਆ ਤੇ ਪ੍ਰੇਰਨਾ ਕੀਤੀ ਕਿ "ਜੀਵਨ ਬੜੀ ਮਿੱਠੀ ਤੇ ਦੁਰਲੱਭ ਸ਼ੈ ਹੈ। ਇਸ ਨੂੰ ਐਵੇਂ ਧਾਰਮਿਕ ਗੱਲਾਂ ਵਿੱਚ, ਜੋ ਕਿ ਸੁਪਨਵਤ ਹਨ, ਨਹੀਂ ਗੁਆ ਦੇਣਾ ਚਾਹੀਦਾ, ਸਗੋਂ ਖਾਣਾ ਪੀਣਾ ਤੇ ਹੱਸਣਾ ਖੇਡਣਾ ਚਾਹੀਦਾ ਹੈ। ਬੱਸ ਏਹੋ ਜੀਵਣ ਦਾ ਤੱਤ ਹੈ।" ਪਰ ਫਰਾਂਸਿਸ ਨੂੰ ਧਰਮ ਦੀ ਲਿਵ ਲਗ ਚੁੱਕੀ ਸੀ। ਉਸ ਨੇ ਸ਼ੈਤਾਨ ਦੀਆਂ ਅਜੇਹੀਆਂ ਗੱਲਾਂ ਵੱਲ ਕੋਈ ਧਿਆਨ ਨਾ ਦਿੱਤਾ ਤੇ ਆਪਣੇ ਰਾਜ਼ੀ ਬਾਜ਼ੀ ਹੋਣ ਉਪਰੰਤ, ਪਿਤਾ ਦੇ ਵਿਉਪਾਰ ਦਾ ਕਾਰ ਵਿਹਾਰ ਸਭ ਤਿਆਗ ਦਿੱਤਾ ਤੇ ਸਾਧੂ ਅਤੀਤ ਹੋ ਗਿਆ। ਉਸਦਾ ਪ੍ਰਪੱਕ ਵਿਸ਼ਵਾਸ ਸੀ, ਜੁ ਉਸ ਨੂੰ ਜ੍ਵਰ ਰੋਗ ਈਸ਼ਵਰ ਯਸੂ ਮਸੀਹ ਨੇ ਆਪ ਲਾਇਆ ਸੀ ਤਾਂ ਜੁ ਫਰਾਂਸਿਸ ਦੇ ਮਨ ਵਿਚੋਂ ਸੰਸਾਰ ਤੇ ਸੰਸਾਰਕ ਵਿਸ਼ਿਆਂ ਭੋਗਾਂ ਦਾ ਮੋਹ ਨਿਕਲ ਜਾਵੇ ਤੇ ਧਰਤੀ ਉੱਤੇ ਜੀਵਨ ਦੀ ਅਸਾਰਤਾ ਉਸ ਨੂੰ ਪ੍ਰਤੱਖ ਹੋ ਜਾਵੇ।

ਇਕ ਵਾਰ ਦੀ ਕਥਾ ਹੈ, ਜੁ ਫਰਾਂਸਿਸ ਨੇ ਇਕ ਗਲੀ ਵਿੱਚ ਇਕ ਕੋਹੜੀ ਦੇਖਿਆ। ਕੋਹੜੀਆਂ ਨੂੰ ਦੇਖ ਕੇ ਸਭ ਲੋਕ ਭੈ ਖਾਂਦੇ ਹਨ ਕਿ ਕਿਤੇ ਇਹ ਛੂਤ

ਦਾ ਰੋਗ ਉਨ੍ਹਾਂ ਨੂੰ ਵੀ ਨਾ ਲਗ ਜਾਵੇ। ਉਂਜ ਵੀ, ਹਜ਼ਾਰਾਂ ਵਰ੍ਹਿਆਂ ਤੋਂ ਕੋੜ੍ਹ ਦਾ ਰੋਗ ਇਕ ਅਸਾਧ ਰੋਗ ਗਿਣਿਆ ਜਾਂਦਾ ਹੈ, ਕਿਉਂ ਜੁ ਕੋਈ ਕਤਈ ਇਲਾਜ ਇਸ ਰੋਗ ਦਾ ਅਜੇ ਤੱਕ ਲਭ ਨਹੀਂ ਸਕਿਆ। ਫਰਾਂਸਿਸ ਨੇ ਜਦੋਂ ਇਸ ਕੋੜ੍ਹੀ ਨੂੰ ਤੱਕਿਆ, ਤਾਂ ਉਸ ਨੂੰ ਯਸੂ ਮਸੀਹ ਦਾ ਜੀਵਨ ਯਾਦ ਆ ਗਿਆ ਜੋ ਕਿ ਕੋੜ੍ਹੀਆਂ ਕੋਲੋਂ ਘਿਰਣਾ ਨਹੀਂ ਸਨ ਕਰਦੇ ਸਗੋਂ ਆਪਣੀ ਸ਼ਕਤੀ ਨਾਲ ਉਨ੍ਹਾਂ ਦਾ ਕੋੜ੍ਹ ਦੂਰ ਕਰਦੇ ਸਨ। ਫਰਾਂਸਿਸ ਉਸ ਕੋੜ੍ਹੀ ਨੂੰ ਦੇਖ ਕੇ ਉਸ ਤੋਂ ਭੈ ਭੀਤ ਹੋ ਕੇ ਦੂਰ ਭੱਜ ਜਾਣ ਦੀ ਥਾਂ, ਨੱਸ ਕੇ ਉਸ ਕੋਲ ਪਹੁੰਚਿਆ ਤੇ ਉਸ ਦੇ ਕੋੜ੍ਹ ਭਰੇ ਹੱਥਾਂ ਨੂੰ ਚੁੰਮਿਆ। ਉਹ ਕੋੜ੍ਹੀ ਇਹ ਤੱਕ ਕੇ ਆਪ ਹੀ ਪਰ੍ਹਾਂ ਨੱਸ ਗਿਆ। ਪਰ ਫਰਾਂਸਿਸ ਮਗਰੇ ਕੋੜ੍ਹੀਆਂ ਦੀ ਬਸਤੀ ਵਿਚ ਚਲਾ ਗਿਆ ਤੇ ਉਥੇ ਜਾ ਕੇ ਸਭ ਕੋੜ੍ਹੀਆਂ ਨੂੰ ਪ੍ਰੇਮ ਭਰੇ ਬਚਨ ਕਹੇ ਤੇ ਘਰੋਂ ਰੁਪਈਏ ਪੈਸੇ ਲਿਆ ਕੇ ਕੋੜ੍ਹੀਆਂ ਦੀਆਂ ਲੋੜਾਂ ਪੂਰੀਆਂ ਕਰ ਦਿੱਤੀਆਂ।

ਇਕ ਦਿਨ ਫਰਾਂਸਿਸ ਸੰਤ ਦਮੀਯਨ ਦੇ ਗਿਰਜੇ ਵਿਚ ਪ੍ਰਾਰਥਨਾ ਕਰਨ ਗਿਆ, ਤੇ ਉਥੇ ਉਸ ਨੂੰ ਯਸੂ ਮਸੀਹ ਵਲੋਂ ਅਕਾਸ਼ ਬਾਣੀ ਹੋਈ : "ਹੇ ਮੇਰੇ ਪ੍ਰੇਮੀ ਫਰਾਂਸਿਸ, ਦੇਖ, ਇਹ ਗਿਰਜਾ, ਮੇਰਾ ਘਰ, ਢੱਠਾ ਪਿਆ ਹੈ, ਤੇ ਇਸ ਦੀ ਮੁਰੰਮਤ ਦੀ ਲੋੜ ਹੈ।" ਇਹ ਅਕਾਸ਼ ਬਾਣੀ ਸੁਣਦਿਆਂ ਹੀ ਫਰਾਂਸਿਸ ਦੀ ਦਸ਼ਾ ਅਕਹਿ ਹੋ ਗਈ। ਉਹ ਨਾ ਕਿਸੇ ਨਾਲ ਬੋਲੇ ਤੇ ਨਾ ਕਿਸੇ ਦੀ ਗੱਲ ਸੁਣੇ, ਨਿਜ ਧਿਆਨ ਮਗਨ, ਆਪਣੇ ਹੱਥੀਂ ਉਸ ਗਿਰਜੇ ਦੀ ਮੁਰੰਮਤ ਕਰੀ ਜਾਵੇ। ਜੋ ਕੁਛ ਫਰਾਂਸਿਸ ਕੋਲ ਮਾਲ ਅਸਬਾਬ ਸੀ, ਉਹ ਉਸ ਨੇ ਸਭ ਵੇਚ ਦਿੱਤਾ ਤੇ ਗਿਰਜੇ ਦੀ ਮੁਰੰਮਤ ਉੱਤੇ ਲਗਾ ਦਿੱਤਾ। ਜੋ ਭੀ ਉਸ ਕੋਲ ਨਕਦ ਧਨ ਸੀ, ਉਹ ਫਰਾਂਸਿਸ ਨੇ ਇਕ ਹੋਰ ਮਸੀਹੀ ਸਾਧੂ ਨੂੰ ਪੁੰਨ ਕਰ ਦਿੱਤਾ। ਪਰ ਉਹ ਸਾਧੂ ਫਰਾਂਸਿਸ ਦੇ ਪਿਓ ਕੋਲੋਂ ਡਰ ਗਿਆ ਤੇ ਧਨ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਪਰ ਫਰਾਂਸਿਸ ਨੇ ਉਹ ਸਾਰਾ ਧਨ ਉਸ ਸਾਧੂ ਦੇ ਅਗੇ ਇਉਂ ਸੁੱਟ ਦਿੱਤਾ ਜਿਵੇਂ ਕਿ ਮਿੱਟੀ ਦੀ ਮੁੱਠ ਸੁੱਟ ਪਾਈਦੀ ਹੈ। ਜਦੋਂ ਫਰਾਂਸਿਸ ਦੇ ਪਿਉ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਸਾਧੂ ਨੂੰ ਪਕੜ ਮੰਗਵਾਇਆ ਤੇ ਉਸ ਕੋਲੋਂ ਸਾਰਾ ਧਨ ਮੋੜ ਲਿਆ ਤੇ ਉਸ ਸਾਧੂ ਨੂੰ ਹੋਰ ਮੰਦਾ ਚੰਗਾ ਵੀ ਆਖਿਆ। ਜਦ ਫਰਾਂਸਿਸ ਨੇ ਇਹ ਗੱਲ ਦੇਖੀ ਤਾਂ ਆਪਣੇ ਪਿਤਾ ਕੋਲ ਆ ਕੇ, ਆਪਣੇ ਸਾਰੇ ਕਪੜੇ ਤੇ ਜੁੱਤੀ ਲਾਹ ਕੇ ਉਸ ਦੇ ਹਵਾਲੇ ਕੀਤੇ ਤੇ ਮਨ ਵਿਚ ਯਸੂ ਮਸੀਹ ਦੇ ਉਹ ਬਚਨ ਯਾਦ ਕੀਤੇ ਜੋ ਕਿ ਯਸੂ ਮਸੀਹ ਨੇ ਅਪਣੇ ਚੇਲਿਆਂ ਨੂੰ ਬਾਹਰ ਸੰਸਾਰ ਨੂੰ ਉਪਦੇਸ਼ ਦੇਣ ਲਈ ਭੇਜਣ ਸਮੇਂ ਕਹੇ ਸਨ। ਉਨ੍ਹਾਂ ਬਚਨਾਂ ਦੀ ਪਾਲਣਾ ਕਰਦੇ ਹੋਏ ਫਰਾਂਸਿਸ ਨੇ ਇੱਕ ਕੰਬਲੀ ਦੀ

ਗੋਣਤੀ ਮਾਰ ਲਈ ਤੇ ਇਕ ਰੱਸੇ ਦਾ ਕਮਰ ਕੱਸਾ ਕਰ ਲਿਆ ਤੇ ਨੰਗੇ ਪੈਰੀਂ-ਘਰੋਂ ਨਿਕਲ ਤੁਰਿਆ ਤਾਂ ਜੁ ਯਸੂ ਮਸੀਹ ਦੇ ਬਚਨਾਂ ਦਾ ਪਰਚਾਰ ਲੋਕਾਂ ਵਿਚ ਕਰੇ।

ਦੂਰ, ਸ਼ਹਿਰੋਂ ਬਾਹਰ, ਇਕ ਜੰਗਲ ਵਲ, ਬਰਫ਼ ਪੈਂਦੀ ਵਿੱਚ ਫਰਾਂਸਿਸ ਚਲ ਪਿਆ ਤੇ ਜੰਗਲ ਵਿਚ ਚੋਰਾਂ ਨੇ ਉਸ ਨੂੰ ਘੇਰ ਲਿਆ। ਚੋਰਾਂ ਨੇ ਫਰਾਂਸਿਸ ਕੋਲੋਂ ਪੁਛਿਆ : "ਤੂੰ ਕੌਣ ਹੈਂ?" ਫਰਾਂਸਿਸ ਨੇ ਉੱਤਰ ਦਿੱਤਾ : "ਮੈਂ ਰੱਬ ਦਾ ਭਗਤ ਤੇ ਰੱਬ ਦਾ ਸੁਨੇਹਾ ਬਰਦਾਰ ਹਾਂ।" ਚੋਰਾਂ ਨੇ ਉਸ ਨੂੰ ਝੱਲਾ ਜਾਣਕੇ ਉਸ ਦੇ ਹੱਥ ਪੈਰ ਬੰਨ੍ਹ ਦਿੱਤੇ ਤੇ ਉਸ ਨੂੰ ਬਰਫ ਵਿੱਚ ਸੁੱਟ ਦਿਤਾ ਤੇ ਆਖਿਓ ਨੇ : "ਲੈ ਭੜੂਏ, ਹੁਣ ਬਰਫ਼ ਵਿੱਚ ਪਿਆ ਰਹਿ ਤੇ ਰੱਬ ਦੇ ਸੁਨੇਹੇ ਸੁਣੀ ਜਾਹ।"

ਫਰਾਂਸਿਸ ਦੀ ਧਾਰਮਿਕ ਪਵਿੱਤਰਤਾ ਤੇ ਸਾਧੂ ਸੁਭਾ ਦੀ ਉਪਮਾ ਦੂਰ-ਦੂਰ ਤਕ ਪਸਰ ਗਈ। ਕਈ ਵੱਡੇ-ਵੱਡੇ ਧਨਾਡ ਤੇ ਕਈ ਸਾਧਾਰਨ ਪੁਰਸ਼ ਆਪਣਾ ਘਰ ਬਾਰ ਤਿਆਗ ਕੇ ਉਸ ਕੋਲ ਆ ਗਏ ਤੇ ਉਸ ਦੇ ਚੇਲੇ ਬਣ ਗਏ। ਤਦ ਸੰਤ ਫਰਾਂਸਿਸ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਮਹਾਨ ਆਤਮਾ, ਯਸੂ ਮਸੀਹ ਦੇ ਉਪਦੇਸ਼ਾਂ ਦਾ ਸਾਰੰਸ਼ ਇਹ ਹੈ ਕਿ ਮਨੁੱਖ ਤਿਆਗ, ਗ਼ਰੀਬੀ ਤੇ ਸੇਵਾ ਦਾ ਜੀਵਨ ਬਤੀਤ ਕਰੇ। ਜੋ ਪੁਰਸ਼ ਵੀ ਸੰਤ ਫਰਾਂਸਿਸ ਕੋਲ ਉਸਦਾ ਚੇਲਾ ਬਣਨ ਲਈ ਆਇਆ, ਉਸ ਲਈ ਇਹ ਨਿਯਮ ਸੀ ਜੁ ਉਹ ਪੂਰਨ ਤਿਆਗੀ ਤੇ ਸੇਵਾ ਭਾਵ ਨਾਲ ਭਰਿਆ ਹੋਵੇ। ਪਿਛੋਂ ਜਾ ਕੇ ਈਸਾਈ ਮੱਤ ਦੇ ਮਹਾਂ ਮੰਠਿਸ਼, ਪੋਪ, ਇਨਸੈਂਟ ਨੇ ਇਸ ਨਿਯਮ ਦੀ ਪ੍ਰਵਾਨਗੀ ਦੇ ਦਿੱਤੀ । ਇਉਂ, ਸੰਤ ਫਰਾਂਸਿਸ ਬਾਹਰ ਦੂਰ ਦੂਰ ਥਾਵਾਂ ਉੱਤੇ ਪ੍ਰਚਾਰ ਕਰਨ ਲਈ ਚੱਲ ਪਿਆ, ਤੇ ਸ਼ਹਿਰਾਂ, ਨਗਰਾਂ ਤੇ ਕੋਟਾਂ ਵਿੱਚ ਜਾ ਕੇ ਯਸੂ ਮਸੀਹ ਦੀ ਸਿਖਿਆ ਦਾ ਸਾਰੰਸ਼ ਉਪਦੇਸ਼ਣ ਲਗਾ।

ਉਨ੍ਹਾਂ ਦਿਨਾਂ ਵਿੱਚ ਇਕ ਤਪਾ ਸੀ, ਜਿਸ ਦੇ ਤਪ ਤਿਆਗ ਦੀਆਂ ਧੁੰਮਾਂ ਦੂਰ-ਦੂਰ ਤਕ ਪਈਆਂ ਹੋਈਆਂ ਸਨ। ਲੋਕ ਉਸ ਨੂੰ ਬੜਾ ਭਗਤ ਤੇ ਪਹੁੰਚਿਆ ਹੋਇਆ ਮੰਨ ਕੇ ਪੂਜਦੇ ਸਨ। ਉਸ ਨੇ ਅਖੰਡ ਮੌਨ ਧਾਰਨ ਕੀਤਾ ਹੋਇਆ ਸੀ ਤੇ ਕਈ ਵਰ੍ਹਿਆਂ ਤੋਂ ਉਸ ਨੇ ਆਪਣੀ ਜੀਭਾ ਨਾਲ ਕੋਈ ਬਚਨ ਨਹੀਂ ਸੀ ਕੀਤਾ। ਸੰਤ ਫਰਾਂਸਿਸ ਨੂੰ ਜਦੋਂ ਇਸ ਤਪੇ ਬਾਬਤ ਪਤਾ ਲਗਾ ਤਾਂ ਉਸਨੇ ਕਿਹਾ : "ਮੈਂ ਨਹੀਂ ਜਾਣਦਾ ਜੁ ਉਸ ਦਾ ਮਨ ਈਸ਼ਵਰ ਦੀ ਪ੍ਰੇਰਨਾ ਕਰਕੇ ਹੈ, ਜਾਂ ਸ਼ੈਤਾਨ ਦੀ ਪ੍ਰੇਰਨਾ ਕਰਕੇ। ਜਾਓ ਉਸ ਨੂੰ ਆਖੋ ਕਿ ਹਫ਼ਤੇ ਵਿੱਚ ਦੋ ਦਿਨ ਆਪਣੀ ਜੀਭ ਖੋਹਲਿਆ ਕਰੇ, ਨਹੀਂ ਤਾਂ ਸ਼ੈਤਾਨ ਉਸ ਉੱਤੇ ਭਾਰੂ ਪੈ ਜਾਵੇਗਾ।" ਸੰਤ ਫਰਾਂਸਿਸ ਦੇ ਚੇਲਿਆਂ ਨੇ ਇਹੋ ਗੱਲ ਉਸ ਤਪੇ ਨੂੰ ਜਾ ਆਖੀ, ਪਰ ਤਪੇ ਨੇ ਦੋ ਉਂਗਲਾਂ ਆਪਣੇ ਬੁਲ੍ਹਾਂ ਉੱਤੇ ਰੱਖੀਆਂ ਤੇ ਸਿਰ ਹਿਲਾਇਆ। ਭਾਵ ਇਹ ਸੀ ਜੁ ਮੈਂ ਸੰਤ

ਫਰਾਂਸਿਸ ਦੇ ਬਚਨ ਨਹੀਂ ਮੰਨਾਂਗਾ ਤੇ ਮੌਨ ਨਹੀਂ ਤੋੜਾਂਗਾ। ਭਾਣਾ ਰੱਬ ਦਾ ਐਸਾ ਹੋਇਆ ਜੁ ਥੋਹੜੇ ਸਮੇਂ ਪਿਛੋਂ ਹੀ ਉਸ ਤਪੇ ਨੇ ਸਾਧੂ ਜੀਵਨ ਤਿਆਗ ਦਿੱਤਾ ਤੇ ਮੁੜ ਗ੍ਰਿਹਸਤੀ ਬਣ ਗਿਆ ਜਿਵੇਂ ਕੋਈ ਆਪਣੇ ਥੁੱਕੇ ਹੋਏ ਨੂੰ ਚੱਟ ਲਵੇ। ਉਸ ਤਪੇ ਦਾ ਅੰਤਮ ਜੀਵਨ ਪਾਪਾਂ ਵਿੱਚ ਬਤੀਤ ਹੋਇਆ। ਇਉਂ ਸੰਤ ਫਰਾਂਸਿਸ ਦੇ ਬਚਨ ਸੱਤ ਹੋਏ ਜੁ ਤਪੇ ਨੂੰ ਸ਼ੈਤਾਨ ਦੀ ਪ੍ਰੇਰਨਾ ਸੀ।

ਇਕ ਵਾਰੀ ਦੀ ਗੱਲ ਹੈ, ਜੁ ਸੰਤ ਫਰਾਂਸਿਸ ਕਿਸੇ ਲੰਮੇ ਪੈਂਡੇ ਜਾ ਰਿਹਾ ਸੀ। ਚਲਦਾ ਚਲਦਾ ਥੱਕ ਗਿਆ ਤਾਂ ਇਕ ਖੋਤੇ ਉੱਤੇ ਚੜ੍ਹ ਗਿਆ। ਸੰਤ ਫਰਾਂਸਿਸ ਦਾ ਇਕ ਚੇਲਾ ਸਾਧੂ, ਲਿਊਨਾਰਡ ਜਿਸ ਦਾ ਨਾਮ ਸੀ ਤੇ ਜੋ ਅਸਿੱਸੀ ਨਗਰ ਦੇ ਇਕ ਵੱਡੇ ਧਨਾਢ ਘਰਾਣੇ ਵਿਚੋਂ ਸਾਧੂ ਬਣਿਆ ਸੀ, ਉਹ ਵੀ ਉਸ ਸਮੇਂ ਸੰਤ ਫਰਾਂਸਿਸ ਦੇ ਨਾਲ ਹੀ ਪੈਂਡੇ ਜਾ ਰਿਹਾ ਸੀ। ਉਹ ਵੀ ਟੁਰਦਾ ਟੁਰਦਾ ਥੱਕ ਗਿਆ। ਸੰਤ ਫਰਾਂਸਿਸ ਨੇ ਉਸ ਵੱਲ ਤੱਕਿਆ ਤੇ ਮਨ ਵਿੱਚ ਵਿਚਾਰ ਕੀਤੇ ਨੇ : "ਇਹ ਸਾਧੂ ਲੀਊਨਾਰਡ ਬੜੇ ਅਮੀਰ ਘਰਾਣੇ ਵਿਚ ਜਨਮਿਆ ਹੈ। ਸਾਧੂ ਬਣਨ ਤੋਂ ਪਹਿਲਾਂ ਬੜਾ ਸੁਖ-ਰਹਿਣਾ ਇਸ ਦਾ ਸਰੀਰ ਸੀ।" ਇਉਂ ਸੋਚਕੇ ਸੰਤ ਫਰਾਂਸਿਸ ਖੋਤੇ ਉਤੋਂ ਹੇਠਾਂ ਉੱਤਰ ਖਲੋਤਾ, ਤੇ ਸਾਧੂ ਲੀਊਨਾਰਡ ਨੂੰ ਅਧੀਨਗੀ ਨਾਲ ਕਿਹਾ : "ਜੀ ਆਪ ਇਸ ਖੋਤੇ ਉੱਤੇ ਚੜ੍ਹ ਜਾਓ।" ਸਾਧੂ ਲੀਊਨਾਰਡ ਨੇ ਸੰਤ ਫਰਾਂਸਿਸ ਦੀ ਇਹ ਨਿਮ੍ਰਤਾ ਤੱਕੀ ਤਾਂ ਉਸ ਦੇ ਨੇਤਰ ਸਜਲ ਹੋ ਗਏ। ਹੱਥ ਜੋੜ ਕੇ ਗੋਡਿਆਂ ਭਾਰ ਹੋ ਕੇ ਸੰਤ ਫਰਾਂਸਿਸ ਨੂੰ ਮੁੜ ਖੋਤੇ ਉੱਤੇ ਚੜ੍ਹ ਜਾਣ ਦੀ ਬੇਨਤੀ ਕੀਤੀ।

ਇਕ ਵਾਰ ਅਜੇਹਾ ਹੋਇਆ ਜੁ ਇਕ ਕਾਮਾ ਕਿਸੇ ਜੰਗਲ ਬੀਆਬਾਨ ਵਿੱਚ ਬੜਾ ਤਿਰਹਾਇਆ ਸੀ। ਸੰਤ ਫਰਾਂਸਿਸ ਨੇ ਅਰਦਾਸ ਕੀਤੀ ਤੇ ਉਸੇ ਥਾਂ ਉੱਤੇ ਇਕ ਪਾਣੀ ਦਾ ਸੋਮਾ ਫੁੱਟ ਪਿਆ। ਇਤਨਾ ਪਿਆਰਾ ਰੱਬ ਨੂੰ ਸੰਤ ਫਰਾਂਸਿਸ ਸੀ, ਜੋ ਉਸ ਦੀਆਂ ਅਰਦਾਸਾਂ ਝੱਟ ਕਬੂਲ ਹੁੰਦੀਆਂ ਸਨ। ਇਕ ਦਿਨ, ਈਸ਼ਵਰ ਦੀ ਮਹਾਂ ਪਵਿੱਤਰ ਰੂਹ ਨੇ ਸੰਤ ਫਰਾਂਸਿਸ ਨੂੰ ਪ੍ਰਤੱਖ ਦਰਸ਼ਨ ਦਿੱਤੇ ਤੇ ਕਿਹਾ : "ਐਹ ਫਰਾਂਸਿਸ, ਤੇਰੀ ਘਾਲ ਈਸ਼ਵਰ ਦੇ ਦਰ ਪਰਵਾਨ ਹੋਈ ਹੈ। ਤੇਰੇ ਜੀਊਂਦਿਆਂ ਜੀ ਇਸ ਦੇਸ਼ ਵਿਚ ਭੁੱਖਮਾਰੀ ਨਹੀਂ ਪਵੇਗਾ।" ਇਹ ਭੇਤ ਫਰਾਂਸਿਸ ਨੇ ਆਪ ਹੀ ਆਪਣੇ ਇਕ ਨਿਕਟਵਰਤੀ ਚੇਲੇ ਨੂੰ ਦੱਸਿਆ। ਆਖਦੇ ਹਨ ਜੁ ਜਿਤਨਾ ਚਿਰ ਸੰਤ ਫਰਾਂਸਿਸ ਇਸ ਸੰਸਾਰ ਵਿਚ ਜੀਊਂਦਾ ਰਿਹਾ, ਦੇਸ਼ ਵਿਚ ਕੋਈ ਬੀਮਾਰੀ ਜਾਂ ਕਾਲ ਨਹੀਂ ਪਿਆ, ਪਰ ਜਿਸ ਵੇਲੇ ਫਰਾਂਸਿਸ ਦਾ ਦੇਹਾਂਤ ਹੋ ਗਿਆ, ਓਦੋਂ ਬੜੀ ਭਾਰੀ ਭੁੱਖਮਾਰੀ ਦੇਸ਼ ਵਿੱਚ ਪਈ, ਜਿਸ ਨਾਲ ਲੱਖਾਂ ਜੀਵ ਮਰ ਗਏ। ਆਪਣੀ

ਮ੍ਰਿਤੂ ਤੋਂ ਪਿਛੋਂ, ਆਪਣੇ ਉਸੇ ਨਿਕਟਵਰਤੀ ਚੇਲੇ ਨੂੰ ਸੰਤ ਫਰਾਂਸਿਸ ਸੁਪਨੇ ਵਿੱਚ ਪ੍ਰਗਟ ਹੋਇਆ ਤੇ ਆਖਿਆ, "ਹੁਣ ਭੁੱਖਮਾਰੀ ਪੈਣ ਦਾ ਵੇਲਾ ਆ ਗਿਆ ਹੈ। ਜਿਤਨਾ ਚਿਰ ਮੇਰਾ ਸਰੀਰ ਸੰਸਾਰ ਵਿੱਚ ਰਿਹਾ, ਮੇਰੇ ਰੱਬ ਨੇ ਲੋਕਾਂ ਨੂੰ ਭੁੱਖ ਦਾ ਦੁੱਖ ਨਹੀਂ ਹੋਣ ਦਿੱਤਾ।"

ਇਕ ਵਾਰੀ ਦੀ ਗੱਲ ਹੈ, ਜੁ ਈਸਟਰ ਦਾ ਮਹਾਂ ਉਤਸਵ ਸੀ, ਤੇ ਇਕ ਬੀਆਬਾਨ ਵਿਚ ਸਾਧੂਆਂ ਦਾ ਇਕ ਮੱਠ ਸੀ। ਇਸ ਧਾਰਮਿਕ ਉਤਸਵ ਨੂੰ ਮਨਾਉਣ ਲਈ ਸਾਧੂਆਂ ਨੇ ਬੜੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ। ਭਾਂਤ-ਭਾਂਤ ਦੇ ਖਾਣੇ ਤੇ ਸ਼ਰਾਬਾਂ, ਰਾਤ ਦੇ ਭੰਡਾਰੇ ਲਈ ਤਿਆਰ ਕਰ ਕੇ ਮੇਜ਼ਾਂ ਉੱਤੇ ਚੁਣੀਆਂ ਹੋਈਆਂ ਸਨ। ਜਦੋਂ ਭੰਡਾਰਾ ਵਰਤਣ ਦਾ ਵੇਲਾ ਹੋ ਗਿਆ ਤੇ ਮੱਠ ਦੇ ਸਾਧੂ ਖਾਣਾ ਖਾਣ ਲਈ ਮੇਜ਼ਾਂ ਉੱਤੇ ਬੈਠ ਗਏ ਤਾਂ ਸੰਤ ਫਰਾਂਸਿਸ ਨੇ ਇਕ ਗਰੀਬ ਮੰਗਤਿਆਂ ਵਾਲੀ ਟੋਪੀ ਸਿਰ ਉੱਤੇ ਰੱਖ ਲਈ ਤੇ ਨੰਗੇ ਪੈਰੀਂ, ਇਕ ਡੰਗੋਰੀ ਹੱਥ ਵਿੱਚ ਲੈ ਕੇ, ਉਸ ਮੱਠ ਦੇ ਬੂਹੇ ਅੱਗੇ ਆ ਖਲੋਤਾ ਤੇ ਉੱਚੀ ਉੱਚੀ ਕਿਹਾ : "ਮੈਂ ਭੁੱਖਾ ਹਾਂ। ਮੈਨੂੰ ਰੋਟੀ ਦਿਓ।" ਸਾਧੂਆਂ ਨੇ ਸੰਤ ਫਰਾਂਸਿਸ ਨੂੰ ਮੰਗਤਾ ਜਾਣ ਕੇ ਬੂਹਾ ਖੋਹਲ ਦਿੱਤਾ ਤੇ ਇਕ ਖੂੰਜੇ ਭੁੰਜੇ ਬਿਠਾਲ ਦਿੱਤਾ, ਤਾਂ ਜੁ ਸਭ ਦੇ ਖਾਣ ਪਿਛੋਂ ਜੋ ਬਚ ਰਹੇਗਾ ਉਸ ਵਿਚੋਂ ਇਸ ਮੰਗਤੇ ਦੀ ਵੀ ਉਦਰ ਪੂਰਨ ਕਰ ਦਿੱਤੀ ਜਾਵੇਗੀ। ਜਦੋਂ ਸਭ ਭੋਜਨ ਖਾ ਚੁੱਕੇ ਤੇ ਇਸ ਮੰਗਤੇ ਨੂੰ ਜੂਠ ਦੇਣ ਲਗੇ ਤਾਂ ਸਾਧੂਆਂ ਨੇ ਪਛਾਤਾ ਜੁ ਇਹ ਤਾਂ ਪ੍ਰਸਿੱਧ ਸੰਤ ਫਰਾਂਸਿਸ ਹੈ। ਬੜੇ ਸ਼ਰਮਿੰਦੇ ਹੋਏ ਤੇ ਖਿਮਾਂ ਮੰਗਣ ਲਗੇ ਤਾਂ ਸੰਤ ਫਰਾਂਸਿਸ ਨੇ ਕਿਹਾ : "ਤੁਹਾਡੇ ਭੋਜਨ, ਇਸ ਮਹਾਂ ਉਤਸਵ ਵਾਲੇ ਦਿਨ, ਗਰੀਬਾਂ ਲਈ ਨਹੀਂ ਹਨ। ਤੁਹਾਡਾ ਆਪਣਾ ਪੇਟ ਭਰਨ ਲਈ ਹਨ। ਸਾਧੋ, ਇਹ ਧਰਮ ਦਾ ਰਸਤਾ ਨਹੀਂ। ਯਸੂ ਮਸੀਹ ਤਾਂ ਗ਼ਰੀਬਾਂ ਦਾ ਉੱਧਾਰ ਕਰਨ ਸੰਸਾਰ ਵਿੱਚ ਆਇਆ ਸੀ।"

ਗ਼ਰੀਬੀ ਤੇ ਤਿਆਗ ਨੂੰ ਸੰਤ ਫਰਾਂਸਿਸ ਬਹੁਤ ਉੱਤਮ ਸਮਝਦਾ ਸੀ। ਇਕ ਦਿਨ ਅਤੀ ਕੰਗਾਲ ਇਸਤਰੀ ਸੰਤ ਫਰਾਂਸਿਸ ਨੇ ਦੇਖੀ ਤੇ ਆਪਣੇ ਕੋਲ ਬੈਠੇ ਇਕ ਚੇਲੇ ਨੂੰ ਕਹਿਣ ਲੱਗਾ : "ਦੇਖ ਇਹ ਕੰਗਾਲ ਇਸਤਰੀ ਸਾਡੇ ਨਾਲੋਂ ਵੱਧ ਗ਼ਰੀਬ ਹੈ : ਇਸ ਲਈ ਸਾਡੇ ਨਾਲੋਂ ਇਹ ਯਸੂ ਦੇ ਬਹੁਤ ਨੇੜੇ ਹੈ। ਭਲਿਆ ਲੋਕਾ, ਆਪਣਾ ਕੋਟ ਲਾਹ ਕੇ ਇਸ ਇਸਤਰੀ ਨੂੰ ਦੇਹ ਤੇ ਇਸ ਦੇ ਚਰਨ ਛੋਹ।" ਉਸ ਚੇਲੇ ਨੇ ਸੰਤ ਫਰਾਂਸਿਸ ਦੀ ਆਗਿਆ ਮੰਨ ਕੇ ਓਵੇਂ ਕੀਤਾ।

ਇਕ ਵਾਰੀ ਦੀ ਕਥਾ ਇਉਂ ਹੈ ਜੋ ਸੰਤ ਫਰਾਂਸਿਸ ਧਰਮ ਦਾ ਪ੍ਰਚਾਰ ਕਰਨ ਅਰੇਜ਼ੋ ਨਾਮੀ ਨਗਰ ਵਿਚ ਗਿਆ। ਉਸ ਨਗਰ ਵਿੱਚ ਦੋ ਫੌਜਾਂ ਵਿਚਕਾਰ ਯੁੱਧ

ਹੋ ਰਿਹਾ ਸੀ। ਸੰਤ ਫਰਾਂਸਿਸ ਨੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਤੱਕਿਆ ਤਾਂ ਵੇਖਿਆ ਜੁ ਸ਼ੈਤਾਨ ਦੇ ਚੇਲੇ ਚਾਟੜੇ, ਰਾਖਸ਼ਸ਼ ਤੇ ਕਲ੍ਹਾਂ ਉਸ ਨਗਰ ਵਿੱਚ ਉੱਤਰੇ ਹੋਏ ਹਨ ਤੇ ਬੜੇ ਪ੍ਰਸੰਨ ਹੋ ਕੇ ਨੱਚ ਰਹੇ ਹਨ। ਸੰਤ ਫਰਾਂਸਿਸ ਨੇ ਆਪਣੇ ਚੇਲੇ ਨੂੰ ਕਿਹਾ ਜੁ "ਜਾਹ ਤੇ ਇਨ੍ਹਾਂ ਰਾਖਸ਼ਾਂ ਨੂੰ ਆਖ ਕਿ ਇਸ ਨਗਰ ਵਿਚੋਂ ਚਲੇ ਜਾਣ।" ਉਸ ਚੇਲੇ ਨੇ ਏਵੇਂ ਕੀਤਾ ਤੇ ਨਗਰ ਦੇ ਵੱਡੇ ਦਰਵਾਜ਼ੇ ਕੋਲ ਜਾ ਕੇ ਆਖਿਆ, "ਹੇ ਸ਼ੈਤਾਨ ਦੀ ਸੈਨਾ, ਅਸਾਡੇ ਪਿਤਾ ਸੰਤ ਫਰਾਂਸਿਸ ਦੀ ਆਗਿਆ ਹੈ ਜੁ ਇਸ ਨਗਰ ਵਿਚੋਂ ਨਿਕਲ ਜਾਓ।" ਇਹ ਸੁਣ ਸਭ ਆਸੁਰੀ ਸ਼ਕਤੀਆਂ, ਉਸ ਨਗਰ ਵਿਚੋਂ ਨਿਕਲ ਗਈਆਂ। ਸ਼ਹਿਰ ਵਿੱਚ ਯੁੱਧ ਜੋ ਲੋਕਾਂ ਵਿਚਕਾਰ ਹੋ ਰਿਹਾ ਸੀ, ਉਹ ਬੰਦ ਹੋ ਗਿਆ ਤੇ ਸਾਰੇ ਨਗਰ ਵਿਚ ਅਮਨ ਸ਼ਾਂਤੀ ਪਸਰ ਗਈ।

ਇਹ ਚੇਲਾ, ਜਿਸ ਨੇ ਕਿ ਸੰਤ ਫਰਾਂਸਿਸ ਦੀ ਆਗਿਆਨੁਸਾਰ ਅਰੇਜ਼ੋ ਨਗਰ ਵਿਚੋਂ ਆਸੁਰੀ ਸ਼ਕਤਿਆਂ ਨੂੰ ਕੱਢਿਆਂ ਸੀ, ਉਸ ਦਾ ਨਮ ਸਿਲਵਸਤਰ ਸੀ। ਸਿਲਵਸਤਰ ਅਜੇ ਪੂਰਨ.ਤਿਆਗੀ ਨਹੀਂ ਸੀ ਹੋਇਆ। ਇਕ ਰਾਤ ਸਿਲਵਸਤਰ ਨੇ ਇਕ ਸੁਪਨ ਡਿੱਠਾ ਕਿ ਸੰਤ ਫਰਾਂਸਿਸ ਦੇ ਮੁੱਖ ਵਿਚੋਂ ਇਕ ਸੋਨਰੰਗੀ ਸਲੀਬ ਨਿਕਲ ਰਹੀ ਹੈ, ਜਿਸ ਦਾ ਕਿ ਸਿਰ ਅਕਾਸ਼ ਨੂੰ ਜਾ ਲੱਗਾ ਹੈ, ਤੇ ਜਿਸ ਦੀਆਂ ਬਾਹਵਾਂ ਸਾਰੀ ਧਰਤੀ ਉੱਤੇ ਛਾ ਗਈਆਂ ਹਨ। ਜਦ ਅੱਖ ਖੁਲ੍ਹੀ ਤੇ ਸਿਲਵਤਸਰ ਨੇ ਇਸ ਸਪਨੇ ਤੇ ਵਿਚਾਰ ਕੀਤੀ ਤਾਂ ਸੋਝੀ ਹੋ ਆਈ ਜੁ ਸੰਤ ਫਰਾਂਸਿਸ ਦੀ ਧਰਮ ਸਿਖਿਆ ਤੇ ਉਪਦੇਸ਼ ਸਭ ਸੰਸਾਰ ਉੱਤੇ ਛਾ ਜਾਣਗੇ। ਉਸ ਵੇਲੇ ਆਪਣਾ ਘਰ ਬਾਰ ਤੇ ਧਨ ਦੌਲਤ ਗ਼ਰੀਬਾਂ ਵਿੱਚ ਵੰਡ ਦਿੱਤਾ ਤੇ ਆਪ ਪੂਰਨ ਤਿਆਗੀ ਹੋ ਕੇ ਸੰਤ ਫਰਾਂਸਿਸ ਦੇ ਕੋਲ ਰਹਿਣ ਲੱਗਾ।

ਇਕ ਵਾਰੀ ਦੀ ਗੱਲ ਹੈ ਜੁ ਸੰਤ ਫਰਾਂਸਿਸ ਪ੍ਰਾਰਥਨਾ ਕਰ ਰਿਹਾ ਸੀ, ਕਿ ਉਸਦੇ ਮਨ ਵਿੱਚ ਇਕ ਫੁਰਨਾ ਫੁਰਿਆ :-"ਮੈਂ ਬੜਾ ਤਪੀ ਤਿਆਗੀ ਸੰਤ ਹਾਂ। ਮੈਂ ਆਪਣੇ ਮਨ ਵਿਚੋਂ ਪਾਪਾਂ ਨੂੰ ਜਿੱਤ ਲਿਆ ਹੈ।" ਸੰਤ ਫਰਾਂਸਿਸ ਨੇ ਝੱਟ ਪੱਟ ਸਮਝ ਲਿਆ ਜੁ ਇਸ ਫੁਰਨੇ ਦੀ ਪ੍ਰੇਰਨਾ ਸ਼ੈਤਾਨ ਵਲੋਂ ਹੋਈ ਹੈ। ਝੱਟ ਪੱਟ ਆਪਣੇ ਕੱਪੜੇ ਲਾਹ ਸੁੱਟੇ ਤੇ ਆਪਣੇ ਸਰੀਰ ਨੂੰ ਇੱਕ ਰੱਸੇ ਨਾਲ ਕੁੱਟਣ ਲੱਗ ਪਿਆ। ਜਦ ਇਉਂ ਵੀ ਇਸ ਫੁਰਨੇ ਦਾ ਅਭਾਵ ਨਾ ਹੋਇਆ ਤਾਂ ਨੰਗਾ ਹੀ ਬਾਹਰ ਨਿਕਲ ਆਇਆ ਤੇ ਬਾਹਰ ਪਈ ਬਰਫ਼ ਵਿੱਚ ਛਾਲ ਮਾਰ ਦਿੱਤੀ। ਤਦ ਇਹ ਹੰਕਾਰ ਦਾ ਫੁਰਨਾ ਸੰਤ ਫਰਾਂਸਿਸ ਦੇ ਮਨ ਵਿਚੋਂ ਨਿਕਲ ਗਿਆ। ਫੇਰ ਸੰਤ ਫਰਾਂਸਿਸ ਆਪਣੀ ਕੁਟੀਆਂ ਨੂੰ ਮੁੜ ਆਇਆ ਤੇ ਪ੍ਰਾਰਥਨਾ ਕਰਨ ਲੱਗ ਪਿਆ।

ਇਕ ਸਾਧੂ ਸੀ ਜੋ ਕਿ ਸੰਤ ਫਰਾਂਸਿਸ ਦੇ ਚੇਲਿਆਂ ਵਿਚੋਂ ਸੀ। ਇਕ ਦਿਨ ਜਦ ਉਹ ਅੰਤਰ ਧਿਆਨ ਹੋਇਆ ਤਾਂ ਕੀ ਦੇਖੇ ਜੁ ਇਕ ਵੱਡਾ ਦਰਬਾਰ ਹੈ ਤੇ ਉਸ ਵਿੱਚ ਇਕ ਸੁਨਹਿਰੀ ਸਿੰਘਾਸਨ ਡੱਠਾ ਹੈ। ਹੋਰ ਬਹੁਤ ਸਿੰਘਾਸਨ ਆਲੇ ਦੁਆਲੇ ਡੱਠੇ ਹਨ, ਪਰ ਇਹ ਸੁਨਹਿਰੀ ਸਿੰਘਾਸਨ ਸਭ ਨਾਲੋਂ ਨਿਰਾਲਾ ਤੇ ਸ਼ੋਭਨੀਕ ਹੈ। ਉਸ ਸਾਧੂ ਨੇ ਪੁੱਛ ਕੀਤੀ, "ਕਿਉਂ ਜੀ, ਇਹ ਸਿੰਘਾਸਨ ਕਿਸ ਦਾ ਹੈ?" ਉੱਤਰ ਮਿਲਿਆ, "ਇਹ ਸਿੰਘਾਸਨ ਵੱਡੇ-ਵੱਡੇ ਰਾਜਿਆਂ ਮਹਾਰਾਜਿਆਂ ਦੇ ਬੈਠਣ ਦੀ ਥਾਂ ਹੈ। ਜੋ ਵੀ ਇਸ ਉੱਤੇ ਬੈਠਾ, ਆਪਣੇ ਹੰਕਾਰ ਕਰ ਕੇ ਮਾਰਿਆ ਗਿਆ, ਤੇ ਭੁੰਜੇ ਢੱਠਾ। ਹੁਣ ਕੋਈ ਨਿਮਰਤਾ ਭਰਿਆ ਗ਼ਰੀਬ ਪੁਰਸ਼ ਇਸ ਉੱਤੇ ਬੈਠੇਗਾ। ਸੰਤ ਫਰਾਂਸਿਸ ਉਸ ਦਾ ਨਾਮ ਹੈ।" ਸਾਧੂ ਆਪਣੀ ਸਮਾਧੀ ਵਿਚੋਂ ਬਾਹਰ ਆਇਆ ਤਾਂ ਕੀ ਦੇਖੇ, ਕਿ ਸੰਤ ਫਰਾਂਸਿਸ ਆਪਣੀ ਪ੍ਰਾਰਥਨਾ ਮੁਕਾ ਕੇ ਚਲਿਆ ਆਉਂਦਾ ਹੈ। ਸੰਤ ਫਰਾਂਸਿਸ ਨੂੰ ਸਾਧੂ ਨੇ ਪੁਛਿਆ : "ਕਿਉਂ ਜੀ, ਤੁਸਾਂ ਆਪਣੇ ਆਪ ਨੂੰ ਕੀ ਜਾਤਾ ਹੈ ?" ਸੰਤ ਫਰਾਂਸਿਸ ਨੇ ਉੱਤਰ ਦਿੱਤਾ : "ਮੈਂ ਵੱਡਾ ਪਾਪੀ ਤੇ ਗੁਨਾਹਗਾਰ ਹਾਂ:" ਉਸ ਸਮੇਂ, ਉਸ ਸਾਧੂ ਨੂੰ ਅਕਾਸ਼ ਬਾਣੀ ਹੋਈ, "ਦੇਖ, ਜੋ ਅਸਾਂ ਆਖਿਆ ਸੀ। ਸਿੰਘਾਸਨ ਉੱਤੇ ਨਿਮਰਤਾ ਭਰਪੂਰ, ਗ਼ਰੀਬ, ਸੰਤ ਫਰਾਂਸਿਸ ਬੈਠੇਗਾ। ਸੰਤ ਫਰਾਂਸਿਸ ਦੀ ਨਿਮਰਤਾ ਨੂੰ ਦੇਖ ਤੇ ਪਛਾਣ।" ਉਹ ਸਾਧੂ ਸੰਤ ਫਰਾਂਸਿਸ ਦੇ ਸਾਹਮਣੇ ਗੋਡਿਆਂ ਭਾਰ ਹੋ ਗਿਆ ਤੇ ਸੰਤ ਫਰਾਂਸਿਸ ਦੇ ਹੱਥਾਂ ਨੂੰ ਅਦਬ ਨਾਲ ਚੁੰਮਿਆ।

ਸੰਤ ਫਰਾਂਸਿਸ ਦੀ ਯਸੂ ਮਸੀਹ ਨਾਲ ਇਤਨੀ ਅਗਾਧ ਪ੍ਰੇਮਾ ਭਗਤੀ ਸੀ ਜੁ ਸੰਤ ਫਰਾਂਸਿਸ ਦਾ ਸਰੀਰ ਯਸੂ ਮਸੀਹ ਦੇ ਸਰੀਰ ਨਾਲ ਮਾਨੋਂ ਇਕ ਰੂਪ ਹੋ ਗਿਆ। ਇਕ ਦਿਨ, ਆਪਣੇ ਧਿਆਨ ਵਿੱਚ, ਸੰਤ ਫਰਾਂਸਿਸ, ਯਸੂ ਮਸੀਹ ਦੀ ਸੂਲੀ ਉੱਤੇ ਚੜ੍ਹਾਏ ਜਾਣ ਦੀ ਘਟਨਾ ਦਾ ਚਿੰਤਨ ਕਰ ਰਿਹਾ ਸੀ ਤਾਂ ਕੀ ਦੇਖੇ ਕਿ ਉਸ ਦੇ ਆਪਣੇ ਹੱਥਾਂ ਤੇ ਪੈਰਾਂ ਵਿੱਚ ਸੂਲੀ ਦੇ ਨਿਸ਼ਾਨ ਉਗਮ ਆਏ ਹਨ, ਜਿਨ੍ਹਾਂ ਵਿਚੋਂ ਲਹੂ ਸਿੰਮਦਾ ਹੈ। ਇਨ੍ਹਾਂ ਨਿਸ਼ਾਨੀਆਂ ਨੂੰ ਸੰਤ ਫਰਾਂਸਿਸ ਆਯੂ ਪ੍ਰਯੰਤ ਲੁਕਾਣ ਦਾ ਜਤਨ ਕਰਦਾ ਰਿਹਾ, ਪਰ ਉਸ ਦੇ ਕਈ ਨਿਕਟਵਰਤੀਆਂ ਨੇ ਇਹ ਦੇਵੀ ਨਿਸ਼ਾਨੀਆਂ ਦੇਖ ਲਈਆਂ, ਤੇ ਜਦੋਂ ਸੰਤ ਫ਼ਰਾਂਸਿਸ ਦਾ ਦੇਹਾਂਤ ਹੋਇਆ ਤਾਂ ਇਨ੍ਹਾਂ ਨਿਸ਼ਾਨੀਆਂ ਦੇ ਦਰਸ਼ਨ ਸਭ ਨੇ ਖੁਲ੍ਹੇ ਕੀਤੇ। ਕਈ ਕਰਾਮਾਤਾਂ ਇਨ੍ਹਾਂ ਨਿਸ਼ਾਨੀਆਂ ਨਾਲ ਸੰਬੰਧਤ ਹਨ।

ਸੰਤ ਫਰਾਂਸਿਸ ਦੇ ਦੇਹਾਂਤ ਪਿਛੋਂ ਦੀ ਗੱਲ ਹੈ, ਜੁ ਨਗਰ ਆਪੂਲੀਆ ਵਿੱਚ, ਇਕ ਗਿਰਜੇ ਵਿਚ; ਸੰਤ ਫਰਾਂਸਿਸ ਦੀ ਮੂਰਤੀ ਬਣੀ ਹੋਈ ਸੀ। ਉਸ ਮੂਰਤੀ ਦੇ

ਹੱਥਾਂ ਤੇ ਪੈਰਾਂ ਉੱਤੇ ਉਹੋ ਸੂਲੀ ਦੇ ਨਿਸ਼ਾਨੇ ਚਿੱਤਰੇ ਹੋਏ ਸਨ, ਜੋ ਕਿ ਸੰਤ ਫਰਾਂਸਿਸ ਦੇ ਜੀਵਨ ਵਿੱਚ ਉਸ ਦੇ ਸਰੀਰ ਉੱਤੇ ਪ੍ਰਗਟ ਹੋ ਆਏ ਸਨ। ਇਕ ਮਨੁੱਸ਼, ਰੋਜੀਅਰ ਨਾਮੀ, ਉਸ ਗਿਰਜੇ ਵਿੱਚ ਪ੍ਰਾਰਥਨਾ ਕਰਨ ਆਇਆ ਤਾਂ ਸੰਤ ਫਰਾਂਸਿਸ ਦੀ ਮੂਰਤੀ ਦੇਖ ਕੇ ਮਨ ਵਿੱਚ ਸ਼ੰਕਾ ਫੁਰਿਆ, ਕੀ ਸੱਚੀ ਮੁੱਚੀਂ ਅਜੇਹੀ ਕਰਾਮਾਤ ਸੰਤ ਫਰਾਂਸਿਸ ਦੇ ਸਰੀਰ ਉੱਤੇ ਉਸ ਦੇ ਜੀਵਨ ਵਿੱਚ ਹੀ ਬੀਤੀ ਸੀ, ਕਿ ਐਵੇਂ ਉਸ ਦੇ ਮੁਰੀਦਾਂ ਨੇ ਇਹ ਘਾੜਤ ਘੜ ਕੇ, ਪ੍ਰਚਾਰ ਦਿਤੀ ਹੈ? ਰੋਜੀਅਰ ਨੂੰ ਇਹ ਸ਼ੰਕਾ ਅਜੇ ਫੁਰੀ ਹੀ ਸੀ ਜੁ ਉਸ ਨੇ ਤੋਪ ਦੇ ਗੋਲੇ ਦੇ ਛੁੱਟਨ ਵਰਗਾ ਇਕ ਭਿਆਨਕ ਸ਼ਬਦ ਅਕਾਸ਼ ਵਿੱਚ ਸੁਣਿਆ ਤੇ ਇਕ ਤੀਰ ਆ ਕੇ ਰੋਜੀਅਰ ਦੇ ਖੱਬੇ ਹੱਥ ਦੀ ਤਲੀ ਵਿੱਚ ਲੱਗਾ, ਜਿਸ ਨਾਲ ਕਿ ਉਸ ਦੇ ਹਥਲੇ ਦਸਤਾਨੇ ਵਿੱਚ ਤਾਂ ਛੇਕ ਨਾ ਹੋਇਆ ਪਰ ਹਥੇਲੀ ਵਿੱਚ ਜ਼ਖ਼ਮ ਲੱਗ ਕੇ ਬੜਾ ਭਾਰੀ ਦਰਦ ਹੋਣ ਲੱਗ ਪਿਆ। ਰੋਜੀਅਰ ਨੇ ਆਪਣੇ ਅਪ੍ਰਾਧ ਦੀ ਸੰਤ ਫਰਾਂਸਿਸ ਦੀ ਮੂਰਤੀ ਕੋਲੋਂ ਖਿਮਾ ਮੰਗੀ ਪਰ ਉਹ ਜ਼ਖਮ ਤੇ ਉਹ ਦਰਦ ਦੋ ਦਿਨ ਤਕ ਹੁੰਦਾ ਰਿਹਾ ਤੇ ਰੋਜੀਅਰ ਨੇ ਦੋਦਿਨ ਵਰਤ ਰੱਖ ਕੇ ਸੰਤ ਫਰਾਂਸਿਸ ਦੀ ਮੂਰਤੀ ਅਗੇ ਪ੍ਰਾਰਥਨਾ ਕੀਤੀ, ਤਦ ਜ਼ਖ਼ਮ ਤੇ ਦਰਦ ਹਟਿਆ। ਇਸ ਪ੍ਰਕਾਰ ਦੀਆਂ ਕਈ ਕਰਾਮਾਤਾਂ ਸੰਤ ਫਰਾਂਸਿਸ ਦੇ ਸਰੀਰ ਉੱਤੇ ਸੂਲੀ ਦੇ ਨਿਸ਼ਾਨਾਂ ਨਾਲ ਸੰਬੰਧਤ ਤੇ ਪ੍ਰਸਿੱਧ ਹਨ।

ਇਕ ਵਾਰੀ, ਰੋਮ ਦੇ ਵੱਡੇ ਮਹੰਤ ਨੇ, ਜਿਸ ਨੂੰ ਕਿ ਬਿਸ਼ਪ ਕਹਿੰਦੇ ਹਨ, ਸੰਤ ਫਰਾਂਸਿਸ ਨੂੰ ਆਪਣੇ ਕੋਲ ਬੁਲਾਇਆ। ਇਹੋ ਬਿਸ਼ਪ ਥੋਹੜੇ ਦਿਨਾਂ ਵਿੱਚ ਹੀ ਰੋਮ ਦਾ ਤੇ ਸੰਸਾਰ ਭਰ ਦੇ ਈਸਾਈਆਂ ਦਾ ਸ੍ਰੀ ਮਹੰਤ ਮਹਾ ਮਨੁੱਸ਼ ਅਥਵਾ ਪੋਪ ਬਣਨ ਵਾਲਾ ਸੀ। ਬਿਸ਼ਪ ਨੇ ਸੰਤ ਫਰਾਂਸਿਸ ਨੂੰ ਕਿਹਾ, "ਮਹਾਰਾਜ, ਤੁਸੀਂ ਵੱਡੇ ਪਾਦਰੀ ਜਾਂ ਬਿਸ਼ਪ ਕਿਉਂ ਨਹੀਂ ਬਣ ਜਾਂਦੇ। ਇਉਂ ਤੁਸੀ ਬੜੇ ਵੱਡੇ ਉਹਦੇ 'ਤੇ ਹੋ ਕੇ ਧਰਮ ਦਾ ਪ੍ਰਚਾਰ ਭਲੀ ਭਾਂਤ ਕਰ ਸਕੋਗੇ।" ਸੰਤ ਫਰਾਂਸਿਸ ਨੇ ਬੜੀ ਅਧੀਨਗੀ ਨਾਲ ਉੱਤਰ ਦਿੱਤਾ : "ਸ੍ਰੀ ਮਾਨ ਜੀ, ਮੇਰੇ ਲਈ ਇਸ ਜੀਵਨ ਵਿੱਚ ਇਹ ਬੜਾ ਸੁਭਾਗ ਤੇ ਵੱਡਾ ਮਾਨ ਹੈ ਕਿ ਮੈਂ ਯਸੂ ਮਸੀਹ ਦੇ ਧਰਮ ਦਾ ਪ੍ਰਚਾਰ ਕਰਦਾ ਹਾਂ। ਇਸ ਤੋਂ ਵੱਡੇ ਉਹਦੇ ਦੇ ਲਾਇਕ ਮੈਂ ਨਹੀ।"

ਸੰਤ ਫਰਾਂਸਿਸ ਦੀ ਈਸ਼ਵਰ ਭਗਤੀ ਦਾ ਇਤਨਾ ਪ੍ਰਭਾਵ ਸੀ, ਕਿ ਜੋ ਭੀ ਉਸ ਕੋਲ ਆਉਂਦਾ ਉਸ ਦੇ ਮਨ ਵਿੱਚ ਧਰਮ ਦੇ ਭਾਵ ਉਤਪੰਨ ਹੋ ਆਉਂਦੇ। ਸੰਤ ਫਰਾਂਸਿਸ ਮਨੁੱਸ਼ਾਂ ਨੂੰ ਹੀ ਨਹੀਂ ਸਗੋਂ ਜੀਵ ਜੰਤੂਆਂ ਤੇ ਪੰਛੀਆਂ ਨੂੰ ਵੀ ਈਸ਼ਵਰ ਭਗਤੀ ਦਾ ਉਪਦੇਸ਼ ਦਿੰਦੇ ਸਨ। ਸੰਤ ਫਰਾਂਸਿਸ ਦਾ ਸੁਭਾਅ ਇਤਨਾ ਸਰਲ ਸੀ,

ਤੇ ਉਸ ਦੇ ਚੇਹਰੇ ਉੱਤੇ ਇਤਨਾ ਈਸ਼ਵਰ ਪ੍ਰੇਮ ਦਾ ਤੇਜ ਸੀ ਕਿ ਪੰਖੇਰੂ ਉਸ ਦੇ ਹੱਥਾਂ ਤੇ ਮੋਢਿਆਂ ਉੱਤੇ ਨਿਧੜਕ ਹੋ ਕੇ ਆ ਬੈਠਦੇ ਸਨ। ਜਿਤਨਾ ਚਿਰ ਸੰਤ ਫਰਾਂਸਿਸ ਉਨ੍ਹਾਂ ਪੰਖੇਰੂਆਂ ਨੂੰ ਨਾ ਉਡਾਵੇ, ਉਹ ਉਸ ਦੇ ਹਥਾਂ ਤੇ ਮੋਢਿਆਂ ਉੱਤੋਂ ਉਡਦੇ ਨਹੀਂ ਸਨ। ਇਕ ਵਾਰੀ ਦੀ ਗੱਲ ਹੈ ਇੱਕ ਬਿਰਛ ਉੱਤੇ ਬਹੁਤ ਸਾਰੀਆਂ ਚਿੜੀਆਂ ਬੈਠੀਆਂ ਚਹਿਕ ਰਹੀਆਂ ਸਨ ਕਿ ਸੰਤ ਫਰਾਂਸਿਸ ਉਥੇ ਪੁੱਜਾ ਤੇ ਉੱਚੀ ਸਾਰੀ ਬਚਨ ਕੀਤਾ "ਸੁਣੋ ਚਿੜੀਓ, ਯਸੂ ਮਸੀਹ ਦੇ ਮਹਾਨ ਧਰਮ-ਉਪਦੇਸ਼।" ਇਹ ਸੁਣਦਿਆਂ ਹੀ ਸਭ ਚਿੜੀਆਂ ਚੁੱਪ ਹੋ ਗਈਆਂ ਤੇ ਸੰਤ ਫਰਾਂਸਿਸ ਨੇ ਚਿੜੀਆਂ ਨੂੰ ਧਰਮ ਉਪਦੇਸ਼ ਦਿੱਤਾ। ਚਿੜੀਆਂ ਸਾਰਾ ਸਮਾਂ ਚੁੱਪ ਕਰ ਕੇ ਸੁਣਦੀਆਂ ਰਹੀਆਂ। ਇਕ ਵਾਰੀ ਦੀ ਗੱਲ ਹੈ ਕਿ ਸੰਤ ਫਰਾਂਸਿਸ ਦੀ ਕੁਟੀਆ ਦੇ ਬਾਹਰ ਇਕ ਅੰਜੀਰ ਦਾ ਬੂਟਾ ਸੀ। ਉਸ ਉੱਤੇ ਇਕ ਮੈਨਾ ਬੈਠੀ ਗਾਉਂਦੀ ਸੀ। ਸੰਤ ਫ਼ਰਾਂਸਿਸ ਨੇ ਆਪਣਾ ਹੱਥ ਕੁਟੀਆ ਦੀ ਬਾਰੀ ਵਿਚੋਂ ਬਾਹਰ ਕੱਢਿਆ ਤੇ ਆਖਿਆ : "ਆ, ਮੇਰੇ ਕੋਲ ਆ।" ਉਹ ਮੈਨਾ ਝਟ ਪਟ ਸੰਤ ਫਰਾਂਸਿਸ ਦੇ ਹੱਥ ਉੱਤੇ ਆ ਬੈਠੀ। ਸੰਤ ਫਰਾਂਸਿਸ ਨੇ ਫੇਰ ਕਿਹਾ : "ਭੈਣ ਹੁਣ ਈਸ਼ਵਰ ਦੀ ਉਸਤਤੀ ਦੇ ਭਜਨ ਗਾਓ।" ਮੈਨਾ ਪਹਿਲਾਂ ਵਾਂਗਰ ਹੀ ਗਾਉਣ ਲਗ ਪਈ ਤੇ ਉਤਨਾ ਚਿਰ ਸੰਤ ਫਰਾਂਸਿਸ ਦੇ ਹੱਥ ਉੱਤੇ ਬੈਠੀ ਗਾਉਂਦੀ ਰਹੀ, ਜਿਤਨਾ ਚਿਰ ਕਿ ਸੰਤ ਫਰਾਂਸਿਸ ਨੇ ਆਪ ਨਾ ਕਿਹਾ, "ਜਾਹ ਹੁਣ ਉੱਡ ਜਾਹ, ਥੱਕ ਗਈ ਹੋਵੇਂਗੀ।"

ਸੰਤ ਫਰਾਂਸਿਸ ਬਣ ਦੇ ਸਭੇ ਜੀਵਾਂ ਜੰਤੂਆਂ ਨੂੰ ਆਪਣਾ ਭਾਈ ਕਰ ਕੇ ਆਖਦਾ ਸੀ ਤੇ ਕਿਸੇ ਦਰਿੰਦੇ ਕੋਲੋਂ ਭੈ ਨਹੀਂ ਸੀ ਖਾਂਦਾ। ਨਾ ਹੀ ਕੋਈ ਜੀਵ ਜੰਤੂ ਸੰਤ ਫਰਾਂਸਿਸ ਨੂੰ ਹਾਨੀ ਪੁਚਾਉਂਦਾ ਸੀ। ਸੰਤ ਫਰਾਂਸਿਸ ਸੂਰਜ ਚੰਦ ਤੇ ਤਾਰਿਆਂ ਨੂੰ ਵੀ ਆਪਣਾ ਭਾਈ ਸਮਝਦਾ ਸੀ, ਤੇ ਕਹਿੰਦਾ ਸੀ ਇਹ ਸਭ ਮੇਰੇ ਪਿਤਾ ਈਸ਼ਵਰ ਦੀ ਕਿਰਤ ਹਨ। ਸੰਤ ਫਰਾਂਸਿਸ ਸਦਾ ਅਨੰਦ ਮਈ ਅਵਸਥਾ ਵਿੱਚ ਵਿਚਰਦਾ ਸੀ। ਇਕ ਵਾਰੀ ਸੰਤ ਫਰਾਂਸਿਸ ਬਹੁਤ ਅਰਦਾਸਾਂ ਕਰਦਾ ਰਿਹਾ ਤੇ ਰੋਂਦਾ ਰਿਹਾ ਤੇ ਉਸ ਦੀਆਂ ਅੱਖੀਆਂ ਬਹੁਤ ਦੁਖਣ ਆ ਗਈਆਂ ਤੇ ਉਸ ਦੀਆਂ ਅੱਖੀਆਂ ਤੇ ਮੱਖੀਆਂ ਆਕੇ ਬੈਠਣ ਲਗੀਆਂ। ਸੰਤ ਫਰਾਂਸਿਸ ਦੇ ਚੇਲਿਆਂ ਨੇ ਕਿਹਾ "ਲਿਆਓ ਜੀ, ਤੁਹਾਡੀਆਂ ਅੱਖੀਆਂ ਦੁਆਈ ਨਾਲ ਧੋ ਦਈਏ।" ਸੰਤ ਫਰਾਂਸਿਸ ਨੇ ਉੱਤਰ ਦਿੱਤਾ : "ਇਹ ਮੱਖੀਆਂ ਮੇਰੀਆਂ ਮਿੱਤਰ ਹਨ। ਇਹ ਹੀ ਮੇਰੀਆਂ ਅੱਖਾਂ ਦੀ ਦੁਆਈ ਕਰਨਗੀਆਂ।" ਫੇਰ ਉਸ ਦੇ ਚੇਲੇ ਇਕ ਹਕੀਮ ਨੂੰ

ਬੁਲਾ ਲਿਆਏ। ਹਕੀਮ ਨੇ ਦੁਆਈ ਤਿਆਰ ਕਰਨ ਲਈ ਇਕ ਲੋਹੇ ਦਾ ਤੱਕਲਾ ਗਰਮ ਕੀਤਾ, ਤਾਂ ਸੰਤ ਫਰਾਂਸਿਸ ਨੇ ਉਹ ਤੱਕਲਾ ਹੱਥ ਵਿੱਚ ਪਕੜ ਲਿਆ ਤੇ ਕਹਿਣ ਲੱਗਾ : "ਹੇ ਅਗਨੀ, ਤੂੰ ਮੇਰੀ ਮਿੱਤ੍ਰ ਹੈਂ। ਤੂੰ ਹੀ ਮੇਰਾ ਹਕੀਮ ਬਣ।" ਇਉਂ ਕਹਿ ਕੇ, ਉਹ ਅਗਨੀ ਵਾਂਗ ਤਪਿਆ ਹੋਇਆ ਤਕਲਾ ਆਪਣੀਆਂ ਅੱਖਾਂ ਵਿੱਚ ਫੇਰ ਲਿਆ। ਕਲਾ ਈਸ਼ਵਰ ਦੀ ਅਜੇਹੀ ਵਰਤੀ ਜੋ ਸੰਤ ਫਰਾਂਸਿਸ ਦੀਆਂ ਅੱਖਾਂ ਨੌ ਬਰ ਨੌ ਹੋ ਗਈਆਂ।

ਇਕ ਵਾਰੀ ਸੰਤ ਫ਼ਰਾਂਸਿਸ ਬੀਆਬਾਨ ਵਿੱਚ ਸੰਤ ਅਰਬਨ ਦੇ ਮੱਠ ਵਿੱਚ ਸੀ। ਉਥੇ ਸੰਤ ਫਰਾਂਸਿਸ ਬਹੁਤ ਬੀਮਾਰ ਪੈ ਗਿਆ ਤੇ ਉਸ ਦੇ ਬਚਣ ਦੀ ਕੋਈ ਆਸ ਨਾ ਰਹੀ। ਸੰਤ ਫਰਾਂਸਿਸ ਨੇ ਕਿਹਾ, "ਮੇਰੇ ਪੀਣ ਲਈ ਦਰਾਖਸ਼ੌਸਵ ਲਿਆਓ।" ਪਰ ਓਥੇ ਬੀਆਬਾਨ ਵਿੱਚ ਕਿਤੇ ਨੇੜੇ ਤੇੜੇ ਅੰਗੂਰੀ ਸ਼ਰਾਬ ਨਹੀਂ ਸੀ। ਸੰਤ ਫ਼ਰਾਂਸਿਸ ਨੇ ਇਕ ਪਾਣੀ ਦਾ ਕਟੋਰਾ ਲਿਆ ਤੇ ਅਰਦਾਸ ਕੀਤੀ ਤੇ ਉਸ ਪਾਣੀ ਉੱਤੇ ਸੂਲੀ ਦਾ ਨਿਸ਼ਾਨ ਬਣਾਇਆ। ਉਸ ਪਾਣੀ ਦਾ ਰੰਗ ਪਲਟ ਕੇ ਡੂੰਘਾ ਗੁਲਾਬੀ ਹੋ ਗਿਆ ਤੇ ਉਹ ਪਾਣੀ ਦਰਾਖਸ਼ੌਸਵ ਬਣ ਗਿਆ। ਸੰਤ ਫਰਾਂਸਿਸ ਨੇ ਉਹ ਪੀ ਲਿਆ ਤੇ ਉਸ ਦਾ ਰੋਗ ਨਾਸ਼ ਹੋ ਗਿਆ, ਤੇ ਉਹ ਮੁੜ ਨੌ ਬਰ ਨੌ ਹੋ ਗਿਆ।

ਸੰਤ ਫਰਾਂਸਿਸ ਆਪਣੀ ਸ਼ੋਭਾ ਸੁਣ ਕੇ ਬੜਾ ਦੁਖੀ ਹੁੰਦਾ ਸੀ। ਸਭ ਲੋਕ ਆ ਕੇ ਉਸ ਨੂੰ ਇਹ ਕਹਿੰਦੇ ਸਨ : "ਜੀ ਤੁਸੀਂ ਬੜੇ ਮਹਾਤਮਾ ਤੇ ਧਰਮੀ ਪੁਰਸ਼ ਹੋ।" ਸੰਤ ਫਰਾਂਸਿਸ ਨੇ ਆਪਣੇ ਇਕ ਚੇਲੇ ਨੂੰ ਬੜੀ ਨਿੰਮ੍ਰਤਾ ਨਾਲ ਕਿਹਾ "ਤੂੰ ਮੇਰੀ ਨਿੰਦਾ ਕਰਿਆ ਕਰ।" ਹੁਕਮ ਮੰਨ ਕੇ ਚੇਲੇ ਨੇ ਸੰਤ ਫਰਾਂਸਿਸ ਨੂੰ ਕਹਿਣਾ, "ਤੂੰ ਤਾਂ ਬੜਾ ਲੋਭੀ ਵਣਜਾਰਾ ਹੈਂ। ਉਪਰੋਂ ਸਾਧ ਬਣਿਆ ਫਿਰਦਾ ਹੈਂ।" ਇਹ ਸੁਣ ਕੇ ਸੰਤ ਫ਼ਰਾਂਸਿਸ ਬੜਾ ਪ੍ਰਸੰਨ ਹੋਵੇ ਤੇ ਉਸ ਚੇਲੇ ਦਾ ਬੜਾ ਧੰਨਵਾਦ ਕਰੇ ਤੇ ਆਖੇ : "ਇਕ ਤੂੰ ਹੀ ਸੱਚ ਮੇਰੇ ਕੋਲ ਬੋਲਦਾ ਹੈਂ।" ਉਸ ਦੇ ਚੇਲਿਆਂ ਦੀ ਗਿਣਤੀ ਸੈਂਕੜਿਆਂ ਤੱਕ ਪੁੱਜ ਗਈ ਸੀ, ਪਰ ਸੰਤ ਫਰਾਂਸਿਸ ਨਾ ਹੀ ਕਿਸੇ ਕੋਲੋਂ ਸੇਵਾ ਲੈਂਦਾ ਸੀ ਤੇ ਨਾ ਹੀ ਕਿਸੇ 'ਤੇ ਕੋਈ ਹੁਕਮ ਚਲਾਉਂਦਾ ਸੀ, ਸਗੋਂ ਸਦਾ ਆਪਣੇ ਕਿਸੇ ਨਾ ਕਿਸੇ ਚੇਲੇ ਨੂੰ ਕਹਿ ਰੱਖਦਾ ਸੀ : "ਮੈਂ ਹੁਣ ਤੇਰੀ ਆਗਿਆ ਵਿੱਚ ਰਹਾਂਗਾ।" ਫੇਰ ਉਸ ਚੇਲੇ ਦਾ ਕਦਾਚਿਤ ਹੁਕਮ ਨਹੀਂ ਸੀ ਮੋੜਦਾ। ਸੰਤ ਫ਼ਰਾਂਸਿਸ ਕਹਿੰਦਾ ਹੁੰਦਾ ਸੀ, ਜੁ ਹੁਕਮ ਕਰਨ ਨਾਲੋਂ ਹੁਕਮ ਮੰਨਣਾ ਵਧੇਰੇ ਰੱਬ ਦੇ ਨੇੜੇ ਲੈ ਜਾਂਦਾ ਹੈ।

ਇਕ ਵਾਰੀ ਦੀ ਗੱਲ ਹੈ, ਜੁ ਸੰਤ ਫ਼ਰਾਂਸਿਸ ਆਪਣੇ ਬਹੁਤ ਸਾਰੇ ਚੇਲਿਆਂ ਨਾਲ ਵੀਨਸ ਸ਼ਹਿਰ ਦੇ ਇਕ ਗਿਰਜਾ ਘਰ ਵਿਚ ਗਿਆ, ਉਥੇ ਵੇਹੜੇ ਵਿੱਚ ਕਈ ਘੁੱਗੀਆਂ ਦਰੱਖਤਾਂ ਉੱਤੇ ਬੈਠੀਆਂ ਘੂੰ ਘੂੰ ਕਰ ਰਹੀਆਂ ਸਨ ਤੇ ਬਹੁਤ ਸਾਰੇ ਕਾਂ ਵੀ ਬੈਠੇ ਕਾਵਾਂ ਰੌਲੀ ਪਾ ਰਹੇ ਸਨ। ਸੰਤ ਫ਼ਰਾਂਸਿਸ ਨੇ ਆਪਣੇ ਚੇਲਿਆਂ ਨੂੰ ਕਿਹਾ "ਆਓ ਅਸੀਂ ਵੀ ਈਸ਼ਵਰ ਦੀ ਮਹਿਮਾ ਕਰੀਏ।" ਸੰਤ ਫਰਾਂਸਿਸ ਤੇ ਉਸ ਦੇ ਚੇਲੇ ਉੱਚੀ ਉੱਚੀ ਭਜਨ ਗਾਉਣ ਲੱਗ ਪਏ, ਪਰ ਘੁੱਗੀਆਂ ਦੀ ਘੂੰ ਘੂੰ ਤੇ ਕਾਵਾਂ ਦੀ ਰੌਲੀ ਇਤਨੀ ਸੀ ਜੁ ਭਜਨਾਂ ਦੀ ਕੰਨ ਪਈ ਆਵਾਜ਼ ਸੁਣੀ ਨਾ ਜਾਵੇ। ਸੰਤ ਫਰਾਂਸਿਸ ਨੇ ਘੁੱਗੀਆਂ ਤੇ ਕਾਵਾਂ ਨੂੰ ਕਿਹਾ : "ਭੈਣੋ ਤੇ ਭਾਈਓ, ਸਾਨੂੰ ਭਜਨ ਗਾ ਲੈਣ ਦਿਓ। ਤੁਸੀਂ ਆਪਣਾ ਰਾਗ ਫੇਰ ਛੇੜ ਲੈਣਾ।" ਘੁੱਗੀਆਂ ਤੇ ਕਾਂ ਸਭ ਚੁੱਪ ਕਰ ਗਏ ਤੇ ਸੰਤ ਫਰਾਂਸਿਸ ਤੇ ਉਸ ਦੇ ਚੇਲੇ ਚਿਰ ਕਾਲ ਤਕ ਭਜਨ ਗਾਉਂਦੇ ਰਹੇ। ਜਦੋਂ ਉਨ੍ਹਾਂ ਦੇ ਭਜਨ ਸਮਾਪਤ ਹੋ ਗਏ ਤਾਂ ਘੁੱਗੀਆਂ ਤੇ ਕਾਂ ਫੇਰ ਬੋਲਣ ਲੱਗ ਪਏ।

ਇਕ ਵਾਰੀ ਦੀ ਗੱਲ ਹੈ ਕਿ ਸੰਤ ਫਰਾਂਸਿਸ ਅਲਮਰਈ (Almarye) ਦੇ ਕਿਲ੍ਹੇ ਵਿੱਚ ਵੱਸਣ ਵਾਲਿਆਂ ਨੂੰ ਧਰਮ ਉਪਦੇਸ਼ ਦੇਣ ਗਿਆ। ਲਾਗੇ ਚਿੜੀਆਂ ਆਪਣੇ ਆਲ੍ਹਣਿਆਂ ਵਿੱਚ ਬੈਠੀਆਂ "ਚੂੰ ਚੂੰ" ਕਰ ਕੇ ਬੜਾ ਰੌਲਾ ਪਾ ਰਹੀਆਂ ਸਨ। ਸੰਤ ਫਰਾਂਸਿਸ ਨੇ ਕਿਹਾ : "ਚਿੜੀਓ ਭੈਣੋਂ ਤੁਸਾਂ ਜੋ ਗੱਲ ਕਰਨੀ ਸੀ, ਸੋ ਬਹੁਤ ਕਰ ਲਈ ਹੈ। ਹੁਣ ਮੈਨੂੰ ਧਰਮ ਉਪਦੇਸ਼ ਕਰ ਲੈਣ ਦਿਉ।" ਚਿੜੀਆਂ ਸਭ ਚੁੱਪ ਹੋ ਗਈਆਂ ਤੇ ਜਿਤਨਾ ਚਿਰ ਧਰਮ ਉਪਦੇਸ਼ ਮੁੱਕ ਨਾ ਗਿਆ, ਬਿਲਕੁਲ ਨਾ ਚਹਿਕੀਆਂ।

ਇਕ ਵਾਰੀ ਸੰਤ ਫਰਾਂਸਿਸ ਇਕ ਵੱਡੇ ਸਰਦਾਰ ਦੇ ਕਿਲ੍ਹੇ ਵਿੱਚ ਰੋਟੀ ਖਾਣ ਆਇਆ ਹੋਇਆ ਸੀ। ਰੋਟੀ ਖਾਣ ਤੋਂ ਪਹਿਲਾਂ ਉਸ ਸਰਦਾਰ ਨੂੰ ਆਖਿਓਨੇ "ਦੇਖ ਭਾਈ, ਸਮਾਂ ਪੁਗ ਗਿਆ ਹੈ। ਆਪਣੇ ਪਾਪਾਂ ਦਾ ਪ੍ਰਾਸ਼ਚਿਤ ਕਰ ਲੈ। ਹੁਣ ਤੇਰਾ ਰੋਟੀ ਖਾਣ ਦਾ ਵੇਲਾ ਕਿਸੇ ਹੋਰ ਥਾਂ ਜਾ ਕੇ ਹੀ ਹੋਵੇਗਾ।" ਜਦੋਂ ਰੋਟੀ ਖਾਣ ਦਾ ਵੇਲਾ ਹੋਇਆ ਤੇ ਸੰਤ ਫਰਾਂਸਿਸ ਤੇ ਉਹ ਸਰਦਾਰ ਖਾਣੇ ਦੀ ਮੇਜ਼ ਵੱਲ ਨੂੰ ਵਧੇ ਤਾਂ, ਅਚਨਚੇਤ, ਬਿਨਾਂ ਕਿਸੇ ਰੋਗ ਤੇ ਕਾਰਨ ਦੇ, ਉਸ ਸਰਦਾਰ ਦੀ ਮ੍ਰਿਤੂ ਹੋ ਗਈ।

ਇਕ ਵਾਰੀ ਦੀ ਗੱਲ ਹੈ ਕਿ ਸੰਤ ਫਰਾਂਸਿਸ ਅਪਣੇ ਕੁਛ ਚੇਲਿਆਂ ਨਾਲ ਅਪੂਲਿਆ (Apulia)) ਦੀ ਧਰਤੀ ਵਿਚੋਂ ਲੰਘ ਰਿਹਾ ਸੀ। ਰਾਹ ਵਿੱਚ ਇੱਕ

ਮੋਹਰਾਂ ਦਾ ਬਟੂਆ ਪਿਆ ਸੀ, ਜਿਸ ਨੂੰ ਦੇਖ ਕੇ ਇਕ ਚੇਲਾ ਚੁੱਕਣ ਲਗਾ ਤਾਂ ਜੁ ਅਗਲੇ ਨਗਰ ਜਾ ਕੇ ਗ਼ਰੀਬਾਂ ਵਿੱਚ ਵੰਡ ਦੇਵੇ। ਸੰਤ ਫਰਾਂਸਿਸ ਨੇ ਆਪਣੇ ਚੇਲੇ ਨੂੰ ਉਸ ਬਟੂਏ ਨੂੰ ਹੱਥ ਲਾਉਣੋਂ ਰੋਕਿਆ, ਪਰ ਚੇਲਾ ਨਾ ਹਟਿਆ ਤੇ ਅੱਗੇ ਹੋ ਕੇ ਬਟੂਆ ਚੁੱਕ ਹੀ ਲਿਆ। ਸੰਤ ਫਰਾਂਸਿਸ ਨੇ ਅਰਦਾਸ ਕੀਤੀ ਤਾਂ ਚੇਲੇ ਨੂੰ ਬਟੂਏ ਵਿੱਚ ਨੂੰਹਾਂ ਹਿਲਦਾ ਦਿਸਿਆ। ਜਦ ਚੇਲੇ ਨੇ ਫੇਰ ਭੀ ਬਟੂਆ ਨਾ ਸਿਟਿਆ ਤੇ ਉਸ ਨੂੰ ਖੋਲ੍ਹ ਲਿਆ ਤਾਂ ਵਿਚੋਂ ਇਕ ਫਨੀਅਰ ਸੱਪ ਨਿਕਲਿਆ। ਤਾਂ ਚੇਲੇ ਨੇ ਬਟੂਆ ਸੁੱਟ ਪਾਇਆ। ਸੰਤ ਫਰਾਂਸਿਸ ਨੇ ਕਿਹਾ, "ਸਾਧੂਓ, ਰੱਬ ਦੇ ਭਗਤਾਂ ਲਈ ਇਹ ਮਾਇਆ ਨੂੰਹੋਂ ਤੇ ਸੱਪਾਂ ਦਾ ਰੂਪ ਹੀ ਹੈ।"

ਇਕ ਸਮੇਂ ਇਉਂ ਹੋਇਆ ਜੁ ਸੰਤ ਫਰਾਂਸਿਸ ਦੇ ਇਕ ਚੇਲੇ ਦਾ ਮਨ ਭਰਮਣੋਂ ਨਾ ਹਟੇ। ਉਸ ਚੇਲੇ ਨੇ ਆਪਣੇ ਮਨ ਵਿਚ ਵਿਚਾਰ ਕੀਤੀ, "ਜੇ ਕਿਤੇ ਸੰਤ ਫਰਾਂਸਿਸ ਮੈਨੂੰ ਇਕ ਜੰਤ੍ਰ ਲਿਖ ਦੇਵੇ ਤਾਂ ਮੇਰਾ ਮਨ ਸ਼ਾਂਤ ਹੋ ਜਾਵੇ।" ਇਉਂ ਸੋਚ ਕੀਤੀ, ਪਰ ਸੰਤ ਫਰਾਂਸਿਸ ਨੂੰ ਬੇਨਤੀ ਕਰਨ ਦਾ ਹੌਸਲਾ ਨਾ ਪਿਆ। ਦੂਜੇ ਦਿਨ ਸੰਤ ਫਰਾਂਸਿਸ ਨੇ ਆਪ ਹੀ ਉਸ ਚੇਲੇ ਨੂੰ ਆਪਣੀ ਕੁਟੀਆ ਵਿਚ ਬੁਲਾਇਆ ਤੇ ਕਿਹਾ : "ਪੁੱਤ੍ਰ ਜਾਹ ਜਾ ਕੇ ਕਿਤੋਂ ਇਕ ਕਾਗਜ਼ ਲੈ ਆ ਤੇ ਇਕ ਲਿਖਣ ਲੈ ਆ ਕੇ ਕੁਛ ਮੱਸ ਲੈ ਆ। ਮੈਂ ਤੈਨੂੰ ਰੱਬ ਦੀ ਸਿਫ਼ਤ ਸਲਾਹ ਲਿਖ ਦੇਸਾਂ। ਉਹ ਕਾਗਜ਼ ਸਦਾ ਆਪਣੇ ਕੋਲ ਰੱਖੀਂ। ਬਹੁਤ ਲਾਭ ਹੋਵੇਗਾ।" ਚੇਲੇ ਨੇ ਓਵੇਂ ਕੀਤਾ ਤੇ ਸੰਤ ਫਰਾਂਸਿਸ ਦਾ ਲਿਖਿਆ ਜੰਤ੍ਰ ਆਪਣੇ ਕੋਲ ਸੰਭਾਲ ਕੇ ਰਖਿਆ ਤੇ ਉਸ ਦੇ ਮਨ ਵਿਚ ਸ਼ਾਂਤੀ ਆ ਗਈ। ਕੁਛ ਸਮਾਂ ਪਾ ਕੇ ਸੰਤ ਫਰਾਂਸਿਸ ਬੀਮਾਰ ਪੈ ਗਿਆ ਤਾਂ ਉਸ ਚੇਲੇ ਦੇ ਮਨ ਵਿੱਚ ਇੱਛਾ ਫੁਰੀ, "ਹੁਣ ਸੰਤ ਫਰਾਂਸਿਸ ਦਾ ਅੰਤ ਸਮਾਂ ਆ ਗਿਆ ਹੈ। ਜੇ ਇਨ੍ਹਾਂ ਦੀ ਮਿਰਤੂ ਪਿਛੋਂ ਇਨ੍ਹਾਂ ਦਾ ਪਹਿਨਿਆ ਹੋਇਆ ਕੋਟ ਮੈਨੂੰ ਮਿਲ ਜਾਵੇ ਤਾਂ ਮੈਂ ਨਿਹਾਲ ਹੋ ਜਾਵਾਂ।" ਉਸੇ ਦਿਨ ਸੰਤ ਫਰਾਂਸਿਸ ਨੇ ਉਸ ਚੇਲੇ ਨੂੰ ਆਪਣੇ ਕੋਲ ਬੁਲਾ ਭੇਜਿਆ ਤੇ ਆਖਿਆ : "ਦੇਖ ਪੁੱਤ੍ਰ, ਮੇਰਾ ਅੰਤ ਸਮਾਂ ਆ ਪੁੱਜਾ ਹੈ। ਮੇਰੇ ਪਿਛੋਂ ਇਹ ਮੇਰਾ ਕੋਟ ਤੂੰ ਲੈ ਲਈਂ।"

ਸੰਤ ਫਰਾਂਸੀਸ ਨੂੰ ਆਪਣੇ ਜੀਵਨ ਵਿੱਚ ਵਚਨ ਸਿੱਧੀ ਤੇ ਸਪਰਸ਼ ਸਿੱਧੀ ਪ੍ਰਾਪਤ ਹੋ ਗਈ ਸੀ। ਕਈ ਕਰਾਮਾਤਾਂ ਸੰਤ ਫਰਾਂਸਿਸ ਨੇ ਲੋਕਾਂ ਦੇ ਪਰਉਪਕਾਰ ਹਿਤ ਦਿਖਾਈਆਂ। ਲੋਕ ਰੋਟੀ ਦਾ ਟੁਕੜਾ ਉਸ ਕੋਲ ਲੈ ਕੇ ਆਉਂਦੇ ਤੇ ਸੰਤ ਫਰਾਂਸਿਸ ਉਸ ਨੂੰ ਆਪਣੇ ਪਵਿੱਤਰ ਹੱਥ ਨਾਲ ਸਪਰਸ਼ ਕਰ ਦਿੰਦਾ ਤੇ ਉਹ ਰੋਟੀ ਰੋਗੀ ਨੂੰ ਖੁਆਲਦੇ ਤਾਂ ਉਹ ਰੋਗੀ ਰਾਜ਼ੀ ਹੋ ਜਾਂਦਾ। ਅਨੇਕ ਵਾਰੀ ਸੰਤ ਫਰਾਂਸਿਸ

ਨੇ ਪਾਣੀ ਦੇ ਕਟੋਰੇ ਉੱਤੇ ਅਰਦਾਸ ਕੀਤੀ ਤਾਂ ਪਾਣੀ ਦਰਾਖਸ਼ਾਸਵ ਬਣ ਗਿਆ, ਜਿਸ ਨੂੰ ਪੀਣ ਨਾਲ ਰੋਗੀਆਂ ਦੇ ਰੋਗ ਨਵਿਰਤ ਹੋਏ। ਜਦੋਂ ਉਸ ਦਾ ਅੰਤਮ ਸਮਾਂ ਆਇਆ ਤਾਂ ਉਹ ਬਹੁਤ ਕਾਲ ਤਕ ਬੀਮਾਰ ਪਿਆ ਰਿਹਾ। ਜਿਸ ਦਿਨ ਉਸ ਨੇ ਆਪਣਾ ਸਰੀਰ ਤਿਆਗਣਾ ਸੀ ਉਸ ਨੇ ਆਪਣੇ ਚੇਲਿਆਂ ਨੂੰ ਕਿਹਾ, "ਮੈਨੂੰ ਤਖਤਪੋਸ਼ ਉਤੋਂ ਲਾਹ ਕੇ ਭੁੰਜੇ ਲਿਟਾ ਦਿਓ।" ਫੇਰ ਉਸ ਨੇ ਸਭ ਸਾਧੂ ਤੇ ਚੇਲੇ ਆਪਣੇ ਕੋਲ ਬੁਲਾ ਲਏ ਤੇ ਸਭ ਨੂੰ ਅਸ਼ੀਰਵਾਦ ਦਿਤਾ ਤੇ ਉਪਦੇਸ਼ ਕੀਤਾ ਕਿ ਧਰਮ ਦੇ ਰਾਹ ਉੱਤੇ ਤੱਤਪਰ ਰਹੋ। ਫੇਰ ਉੱਚੀ ਸਾਰੀ ਕਿਹਾ, "ਮ੍ਰਿਤੂ, ਮੇਰੀ ਭੈਣ, ਆਓ, ਜੀ ਆਇਆ ਨੂੰ।" ਇਉਂ ਕਿਹਾ ਤੇ ਆਪਣੇ ਪ੍ਰਾਣ ਤਿਆਗ ਦਿੱਤੇ। ਕੋਲ ਖੜ੍ਹੇ ਸਾਧੂਆਂ ਨੇ ਸੰਤ ਫਰਾਂਸਿਸ ਦੀ ਆਤਮਾ ਇਕ ਅਕਾਸ਼ ਦੇ ਤਾਰੇ ਵਾਂਗ ਨਿਰਮਲ ਤੇ ਤੇਜਮਈ ਅਕਾਸ਼ ਵੱਲ ਜਾਂਦੀ ਦੇਖੀ। ਇਕ ਸਾਧੂ, ਅਗੱਸਤੀਨ ਨਾਮੀ, ਗੁੰਗਾ ਸੀ ਜਨਮਾਂਦਰੂ; ਉਹ ਯਕਾ ਯੱਕ ਬੋਲ ਉਠਿਆ : "ਠਹਿਰੋ ਪਿਤਾ ਜੀ, ਮੈਨੂੰ ਵੀ ਨਾਲ ਲੈ ਚਲੋ। ਲੋਕਾਂ ਕਿਹਾ, ਤੂੰ ਕੀ ਕਹਿੰਦਾ ਹੈ? ਅਗੱਸਤੀਨ ਨੇ ਉੱਤਰ ਦਿੱਤਾ, "ਵੇਖਦੇ ਨਹੀਂ ਪਿਤਾ ਫਰਾਂਸਿਸ ਸੁਰਗਾਂ ਨੂੰ ਜਾ ਰਹੇ ਹਨ।" ਇਉਂ ਕਿਹਾ, ਤੇ ਅੱਖਾਂ ਬੰਦ ਕਰ ਲਈਆਂ ਤੇ ਪ੍ਰਾਣ ਤਿਆਗ ਦਿੱਤੇ।

ਸੰਤ ਫਰਾਂਸਿਸ ਦਾ ਮ੍ਰਿਤੂ ਸਮਾਂ ੩, ਅਕਤੂਬਰ, ਸੰਨ ੧੨੨੬ ਨੀਯਤ ਕੀਤਾ ਗਿਆ ਹੈ। ਉਸ ਦੀ ਮ੍ਰਿਤੂ ਆਪਣੇ ਜਨਮ ਸਥਾਨ, ਅਸਿੱਸੀ ਦੇ ਨੇੜੇ ਹੀ ਹੋਈ। ਸੰਤ ਫਰਾਂਸਿਸ ਅਸਿੱਸੀ ਦੇ ਪਵਿੱਤ੍ਰ ਆਤਮਕ ਜੀਵਨ ਦਾ ਇਤਨਾ ਪ੍ਰਭਾਵ ਉਸ ਦੇ ਸਮਕਾਲੀਆਂ ਉੱਤੇ ਸੀ ਕਿ ਉਸ ਦੇ ਦੇਹਾਂਤ ਤੋਂ ਦੋ ਵਰ੍ਹੇ ਪਿਛੋਂ ਹੀ ਰੋਮ ਦੇ ਵੱਡੇ ਸ੍ਰੀ ਮਹੰਤ, ਮਹਾਂ ਮਠੇਸ਼, ਪੋਪ ਗ੍ਰਿਗੋਰੀ ਨਾਵੇਂ ਨੇ ਇਹ ਸ੍ਵੀਕਾਰ ਕਰ ਲਿਆ ਕਿ ਸੰਤ ਫ਼ਰਾਂਸਿਸ ਇਕ ਮਹਾਨ ਆਤਮਾ ਸੀ। ਸੰਤ ਫਰਾਂਸਿਸ ਨੇ ਜੋ ਕੰਮ ਆਪਣੇ ਜੀਵਨ ਵਿੱਚ ਕੀਤਾ, ਉਹ ਅੱਜ ਤੱਕ ਸਥਿਰ ਹੈ। ਸੰਨ ੧੨੦੯ ਵਿੱਚ ਸੰਤ ਫਰਾਂਸਿਸ ਨੇ ਈਸਾਈ ਤਿਆਗੀ ਸਾਧੂਆਂ ਦੇ ਸੰਘ ਦੀ ਨੀਂਹ ਰੱਖੀ ਅਤੇ ਜਦੋਂ ਉਸ ਦੇ ਸਥਾਪਤ ਕੀਤੇ ਹੋਏ ਸੰਘ ਵਿਚ ਬਾਰਾਂ ਚੇਲੇ ਹੋ ਗਏ ਤਾਂ ਉਸ ਸੰਨ ੧੨੦੨ ਵਿੱਚ ਈਸਾਈ ਮੱਤ ਦੇ ਵੱਡੇ ਸ੍ਰੀ ਮਹੰਤ ਪੋਪ ਕੋਲੋਂ ਇਸ ਸੰਘ ਦੀ ਪਰੰਪਰਾ ਨੂੰ ਚਲਾਉਣ ਦੀ ਆਗਿਆ ਲੈ ਲਈ। ਉਸੇ ਸਾਲ ਹੀ ਸੰਤ ਨੇ ਇਸ ਸੰਘ ਵਿੱਚ ਸ਼ਾਮਲ ਹੋਣ ਵਾਲੇ ਸਾਧੂਆ ਦੀ ਰਹਿਤ ਬਹਿਤ ਲਈ ਨਿਯਮਾਵਲੀ ਬੱਧੀ ਜਿਸ ਦੇ ਕਿ ਤਿੰਨ ਬੁਨਿਆਦੀ ਨਿੱਯਮ ਹਨ, ਦ੍ਰਿਦ੍ਰਤਾ, ਬ੍ਰਹਮਚਰਯ ਤੇ ਆਗਿਆ ਪਾਲਣ ਧਰਮ। ਇਹਨਾਂ ਵਿਚੋਂ ਦ੍ਰਿਦ੍ਰਤਾ ਉੱਤੇ ਵਧੀਕ ਜ਼ੋਰ ਦਿੱਤਾ ਜਾਂਦਾ ਸੀ। ਇਸ ਸੰਘ

ਦਾ ਕੋਈ ਸਾਧੂ ਆਪਣੇ ਨਾਮ ਕੋਈ ਧੰਨ ਜਾਇਦਾਦ ਯਾ ਸਥਾਵਰ ਨਹੀਂ ਰੱਖ ਸਕਦਾ ਯਾ ਅੰਗੀਕਾਰ ਕਰ ਸਕਦਾ। ਸੰਨ ੧੨੧੨ ਵਿਚ, ਜਦੋਂ ਇਸ ਸੰਘ ਦਾ ਪਹਿਲਾ ਸਮੇਲਨ ਹੋਇਆ, ਤਾਂ ਪੰਜ ਹਜ਼ਾਰ ਸਾਧੂ ਸੰਘ ਵਿਚ ਸ਼ਾਮਲ ਹੋ ਚੁੱਕੇ ਸਨ। ਕੁਝ ਵਰ੍ਹੇ ਪਿਛੋਂ ਦੂਜਾ ਸੰਤ ਫਰਾਂਸਿਸ ਸੰਘ ਸਥਾਪਤ ਹੋਇਆ, ਜਿਸ ਵਿੱਚ ਕਿ ਤਿਆਗੀ ਸਾਧੂ ਇਸਤ੍ਰੀਆਂ ਸ਼ਾਮਲ ਹੁੰਦੀਆਂ ਸਨ। ਇਸ ਦੇ ਪਸ਼ਚਾਤ, ਥੋਹੜੇ ਸਾਲਾਂ ਪਿਛੋਂ ਹੀ, ਤੀਜਾ ਸੰਤ ਫਰਾਂਸਿਸ ਸੰਘ ਸਥਾਪਤ ਹੋਇਆ, ਜਿਸ ਵਿੱਚ ਕਿ ਉਹ ਪੁਰਸ਼ ਜੋ ਸੰਸਾਰ ਦਾ ਤੇ ਗ੍ਰਿਹਸਤੀ ਜੀਵਨ ਦਾ ਪੂਰਨ ਤਿਆਗ ਨਹੀਂ ਸੀ ਚਾਹੁੰਦੇ, ਪਰ ਸੰਤ ਫਰਾਂਸਿਸ ਦੇ ਉਲੀਕੇ ਹੋਏ ਈਸਾਈ ਮੱਤ ਦੇ ਸਿਧਾਂਤ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਲੋਚਦੇ ਸਨ, ਸ਼ਾਮਲ ਹੁੰਦੇ ਸਨ। ਇਹ ਤਿੰਨੇ ਸੰਘ ਪਿਛਲੇ ਅੱਠ ਸੌ ਸਾਲ ਤੋਂ ਯੂਰਪ ਦੇ ਦੇਸ਼ਾਂ ਵਿੱਚ ਕਾਇਮ ਹਨ ਤੇ ਹਜ਼ਾਰਾਂ ਤਿਆਗੀ ਸਾਧੂ ਸੰਤ ਫਰਾਂਸਿਸ ਦੇ ਪਾਏ ਪੂਰਨਿਆਂ ਉੱਤੇ ਚਲਦੇ ਹੋਏ, ਇਹਨਾਂ ਸੰਘਾਂ ਵਿੱਚ ਸ਼ਾਮਲ ਹਨ ਤੇ ਦੁਨੀਆ ਭਰ ਵਿਚ ਗ਼ਰੀਬਾਂ ਤੇ ਰੋਗੀਆਂ ਦੀ ਸੇਵਾ ਕਰਕੇ, ਆਪਣੇ ਧਰਮ ਉੱਤੇ ਚਲਦੇ ਹੋਏ, ਆਪਣਾ ਜੀਵਨ ਬਤੀਤ ਕਰਦੇ ਹਨ। ਜਦ ਤਕ ਇਹ ਸੰਘ ਕਾਇਮ ਹਨ ਤੇ ਸੰਸਾਰ ਉੱਤੇ ਈਸਾਈ ਮੱਤ ਅਤੇ ਇਸ ਮੱਤ ਉੱਤੇ ਚੱਲਣ ਵਾਲਿਆਂ ਦੀਆਂ ਕਰਨੀਆਂ ਲੋਕਾਂ ਦੀ ਸਮਿੱਤ੍ਰੀ ਵਿੱਚ ਮੌਜੂਦ ਹਨ, ਤਦ ਤਕ ਸੰਤ ਫਰਾਂਸਿਸ ਅਸਿੱਸੀ ਦਾ ਪਵਿਤ੍ਰ ਨਾਮ ਜਗਤ-ਪ੍ਰਸਿੱਧ ਰਹੇਗਾ।

ਰੋਜ਼ਾ ਲਕਸਮਬਰਗ

ਉਨ੍ਹੀਵੀਂ ਸਦੀ ਦਾ ਪਿਛਲਾ ਅੱਧ ਤੇ ਵੀਹਵੀਂ ਸਦੀ ਦੀ ਸਵੇਰ, ਯੂਰਪ ਵਿੱਚ ਖ਼ਾਸ ਕਰਕੇ ਤੇ ਸਾਰੇ ਸੰਸਾਰ ਵਿੱਚ ਆਮ ਕਰਕੇ, ਭਾਈਚਾਰਕ ਤੇ ਰਾਜਸੀ ਤੌਰ ਉੱਤੇ ਬੜਾ ਉੱਥਲ ਪੁੱਥਲ ਦਾ ਸਮਾਂ ਹੈ। ਇਸ ਉੱਥਲ ਪੁੱਥਲ ਦਾ ਸਪਸ਼ਟ ਤੇ ਸਾਕਾਰ ਰੂਪ ਫਰਾਂਸ ਦੇਸ਼ ਵਿੱਚ ਮਹਾਂ ਕ੍ਰਾਂਤੀ ਤੋਂ ਆਰੰਭ ਹੋਇਆ ਤੇ ਇਸ ਦਾ ਪ੍ਰਭਾਵ ਸਾਰੇ ਯੂਰਪ ਤੇ ਸਾਰੇ ਸੰਸਾਰ ਉੱਤੇ ਪਹਿਲੇ ਵਿਸ਼ਵ ਵਿਆਪੀ ਯੁੱਧ, ਜੋ ਕਿ ੧੯੧੪ ਤੋਂ ੧੯੧੯ ਤਕ ਰਿਹਾ, ਦੇ ਅੰਤ ਤਕ ਪਸਰ ਚੁੱਕਾ ਸੀ। ਇਸ ਮਹਾਨ ਆਤਮਕ ਤੇ ਰਾਜਸੀ ਉੱਥਲ ਪੁੱਥਲ ਨੇ ਸੰਸਾਰ ਦੇ ਵੱਖ ਵੱਖਰੇ ਦੇਸ਼ਾਂ ਵਿੱਚ ਬੜੇ ਹਠੀ ਸੂਰਮੇ, ਚਿੰਤਕ ਤੇ ਕ੍ਰਾਂਤੀਕਾਰੀ ਤ੍ਰੀਮਤਾਂ ਤੇ ਮਰਦ ਉਤਪੰਨ ਕੀਤੇ, ਜਿਨ੍ਹਾਂ ਦੇ ਜੀਵਨ ਮਨੁੱਖੀ ਆਤਮਾ ਦੀ ਗੌਰਵਤਾ ਤੇ ਪ੍ਰਤਿਭਾ ਦਾ ਅਨੂਪਮ ਨਮੂਨਾ ਹਨ। ਰੋਜ਼ਾ ਨਾਮੀ ਤ੍ਰੀਮਤ, ਲਕਸਮਬਰਗ ਜਿਸ ਦਾ ਕਿ ਕੁਲ-ਨਾਮ ਹੈ, ਇਸੇ ਸ੍ਰੇਣੀ ਦੀ ਜਿਸ ਦੇ ਜੀਵਨ-ਚਰਿੱਤ੍ਰ ਤੋਂ ਆਉਣ ਵਾਲੀਆਂ ਨਸਲਾਂ ਦੇ ਯੁਵਕ ਤੇ ਯੁਵਤੀਆਂ ਪ੍ਰੇਰਨਾਂ ਲੈਂਦੀਆਂ ਰਹਿਣਗੀਆਂ।

ਵੀਹਵੀਂ ਸਦੀ ਦੇ ਚੜ੍ਹਾ ਵਿੱਚ, ਹਰ ਦੇਸ਼ ਤੇ ਹਰ ਜਾਤੀ ਵਿੱਚ, ਬੜੇ ਬੜੇ ਸੁੱਘੜ, ਸੂਰਮੇਂ ਤੇ ਹਠੀ ਕ੍ਰਾਂਤੀਕਾਰੀ ਮਰਦ ਤੇ ਤ੍ਰੀਮਤਾਂ ਹੋਏ ਹਨ, ਜਿਨ੍ਹਾਂ ਨੇ ਆਪਣੇ ਦੇਸ਼ ਤੇ ਆਪਣੀ ਜਾਤੀ ਵਿੱਚ, ਪੁਰਾਣੇ ਬੋਸੀਦਾ ਸਮਾਜਕ ਤੇ ਰਾਜਸੀ ਪ੍ਰਬੰਧ ਨੂੰ ਬਦਲ ਕੇ, ਅਜੇਹਾ ਪ੍ਰਬੰਧ ਸਥਾਪਤ ਕਰਨ ਲਈ, ਜਿਸ ਨੂੰ ਕਿ ਉਹ ਮਨੁੱਖ ਜਾਤੀ ਤੇ ਆਪਣੇ ਦੇਸ਼ ਲਈ ਲਾਭਵੰਦ ਸਮਝਦੇ ਸਨ, ਬੜੀਆਂ ਬੜੀਆਂ ਭਾਰੀ ਕੁਰਬਾਨੀਆਂ ਕੀਤੀਆਂ, ਜਿਨ੍ਹਾਂ ਨੂੰ ਕਿ ਪੜ੍ਹ ਸੁਣ ਕੇ ਮਨ ਵਿਚ ਸਤਿਕਾਰ ਤੇ ਸ਼ਰਧਾ ਉਪਜਦੀ ਹੈ। ਜਿਹੜੇ ਲੋਕ, ਉਨ੍ਹਾਂ ਕ੍ਰਾਂਤੀਕਾਰੀਆਂ ਦੇ ਖ਼ਿਆਲਾਂ ਤੇ ਆਦਰਸ਼ਾਂ ਨਾਲ ਸਹਿਮਤ ਨਹੀਂ ਵੀ ਹਨ, ਉਹ ਵੀ ਉਨ੍ਹਾਂ ਦੀ ਬਹਾਦਰੀ ਤੇ ਆਪਾ ਵਾਰੂ ਰੁਚੀਆਂ ਦੀ ਸ਼ੋਭਾ ਅਵੱਸ਼ ਕਰਦੇ ਹਨ। ਪਰ ਅਜੇਹੇ ਕ੍ਰਾਂਤੀਕਾਰੀ ਭਾਵੇਂ ਬੜੇ ਬਹਾਦਰ ਤੇ ਆਪਾ ਵਾਰੂ ਤਾਂ ਸਾਰੇ ਹੀ ਸਨ, ਪਰ ਉਨ੍ਹਾਂ ਵਿਚੋਂ ਅਜੇਹੇ

ਵਿਦਵਾਨ, ਚਿੰਤਕ ਤੇ ਪੰਡਿਤ, ਟਾਵੇਂ ਟਾਵੇਂ ਹੀ ਦਿਸ ਆਉਂਦੇ ਹਨ, ਜਿਨ੍ਹਾਂ ਨੇ ਰਾਜਸੀ ਤੇ ਸਮਾਜੀ ਪ੍ਰਬੰਧ ਦੇ ਸਿਧਾਂਤਾਂ ਦੀ ਪੜਚੋਲ ਕਰਕੇ, ਉਨ੍ਹਾਂ ਸਿਧਾਂਤਾਂ ਦਾ ਨਿਰਣੇ ਕੀਤਾ ਹੋਵੇ ਤੇ ਨਵੇਂ ਸਿਧਾਂਤਕ ਖ਼ਿਆਲ ਸੰਸਾਰ ਨੂੰ ਦਿੱਤੇ ਹੋਣ ਅਤੇ ਅਜੇਹੇ ਚਿੰਤਕ ਤੇ ਵਿਦਵਾਨ, ਜੋ ਆਪਣੇ ਦੇਸ਼ ਅਥਵਾ ਸਮਾਜ ਵਿੱਚ, ਕ੍ਰਾਂਤੀ ਦੇ ਮੋਰਚਿਆਂ ਵਿੱਚ ਸਪਾਹੀ ਬਣਕੇ ਲੜਦੇ ਵੀ ਰਹੇ ਹੋਣ, ਬਹੁਤ ਹੀ ਘੱਟ ਦੇਖਣ ਵਿੱਚ ਆਉਂਦੇ ਹਨ। ਸ਼੍ਰੀ ਮਤੀ ਰੋਜ਼ਾ ਲਕਸਮਬਰਗ, ਅਜੇਹੀਆਂ ਵਿਰਲੀਆਂ ਵਿਅਕਤੀਆਂ ਵਿਚੋਂ ਇਕ ਹੈ।

ਰੋਜ਼ਾ ਲਕਸਮਬਰਗ ਪਹਿਲੇ ਵਿਸ਼ਵ ਵਿਆਪੀ ਯੁੱਧ ਦੇ ਸਮੇਂ, ਜਰਮਨੀ ਵਿੱਚ ਕਮਯੂਨਿਸਟ ਪਾਰਟੀ ਦੀ ਨੀਂਹ ਰੱਖਣ ਵਾਲਿਆਂ ਵਿਚੋਂ ਇਕ ਸੀ। ਜਰਮਨੀ ਵਿਚ ਕਮਯੂਨਿਸਟਾਂ ਦਾ ਪਹਿਲਾ ਦੈਨਿਕ ਪੱਤ੍ਰ, ਡੀ ਰੋਟ ਫਾਹਨ (Die Rote Fahne) ਰੋਜ਼ਾ ਨੇ ਹੀ ਜਾਰੀ ਕੀਤਾ ਤੇ ਕਈ ਸਾਲ ਰੋਜ਼ਾ ਹੀ ਇਸ ਪਰਚੇ ਦੇ ਵਿਦਵਤਾ ਭਰੇ ਮੁਖ ਲੇਖ ਲਿਖਦੀ ਰਹੀ। ਰੋਜ਼ਾ ਨੇ ਸਮਾਜਵਾਦੀ ਸਿਧਾਂਤਾਂ ਵਿੱਚ ਅਜੇਹੇ ਵਾਧੇ ਕੀਤੇ ਹਨ ਜੋ ਉਸ ਨੂੰ ਸੰਸਾਰ ਭਰ ਦੇ ਸਮਾਜਵਾਦੀ ਖ਼ਿਆਲਾਂ ਦੀ ਪ੍ਰਣਾਲੀ ਦਾ ਇਕ ਪ੍ਰਤਿਸ਼ਟ ਆਗੂ ਬਣਾਂਦੇ ਹਨ। ਰੋਜ਼ਾ ਨੂੰ ਉਸ ਦੇ ਦੁਸ਼ਮਣਾਂ ਨੇ ਜਰਮਨੀ ਵਿੱਚ ਮਾਰ ਮੁਕਾਇਆ, ਪਰ ਉਂਝ ਰੋਜ਼ਾ ਸਾਰੇ ਸੰਸਾਰ ਦੀ ਸਾਂਝੀ ਨਾਗਰਿਕਾ ਸੀ। ਉਹ ਨਸਲ ਕਰਕੇ ਯਹੂਦੀ ਸੀ, ਤੇ ਉਸ ਦਾ ਜਨਮ ਪੋਲੈਂਡ ਦੇਸ਼ ਵਿੱਚ ਹੋਇਆ। ਰੂਸ ਤੇ ਪੋਲੈਂਡ ਦੇਸ਼ਾਂ ਵਿੱਚ ਉਹ ਬਹੁਤ ਵਰ੍ਹੇ ਰਹੀ ਤੇ ਇਹਨਾਂ ਦੇਸ਼ਾਂ ਦੇ ਸਮਾਜਕ ਤੇ ਰਾਜਸੀ ਵਿਸ਼ਿਆਂ ਦਾ ਰੋਜ਼ਾ ਨੂੰ ਬੜਾ ਡੂੰਘਾ ਗਿਆਨ ਸੀ। ਉਸ ਨੇ ਵਿਦਿਆ ਸਵਿਟਜ਼ਰਲੈਂਡ ਵਿੱਚ ਪ੍ਰਾਪਤ ਕੀਤੀ ਤੇ ਉੱਚ ਵਿਦਿਆ ਦੀ ਪੂਰਤੀ ਪੈਰਿਸ ਵਿੱਚ ਕਈ ਵਰ੍ਹੇ ਪੜ੍ਹ ਕੇ ਕੀਤੀ। ਆਪਣੀ ਆਯੂ ਦੇ ਪਿਛਲੇਰੇ ਭਾਗ ਵਿੱਚ ਆਪਣੇ ਆਦਰਸ਼ਾਂ ਦੇ ਪ੍ਰਚਾਰ ਤੇ ਪੂਰਤੀ ਲਈ, ਉਹ ਜਰਮਨੀ ਵਿਚ ਲੜਦੀ ਰਹੀ। ਇਉਂ ਰੋਜ਼ਾ ਸੁਤੇ ਹੀ ਮਾਨੋਂ ਵਿਸ਼ਵ ਨਾਗਰਿਕਾ ਬਣ ਗਈ ਸੀ ਤੇ ਉਸ ਦੇ ਖ਼ਿਆਲਾਂ ਦੀ ਘਣਤਰ ਤੇ ਝੁਕਾਅ ਵੀ ਇਉਂ ਕੌਮਾਂਤ੍ਰੀ ਰੂਪ ਆਕਾਰ ਧਾਰਨ ਕਰ ਗਿਆ ਸੀ।

ਰੋਜ਼ਾ ਲਕਸਮਬਰਗ ਦਾ ਜਨਮ ੫ ਮਾਰਚ, ਸੰਨ ੧੮੭੦ ਈਸਵੀ ਨੂੰ ਪੋਲੈਂਡ ਦੇਸ਼ ਦੇ ਰੂਸ ਅਧੀਨ ਭਾਗ ਵਿਚ, ਜ਼ਮੋਸ (Zamose) ਨਾਮੀ ਨਗਰ ਵਿੱਚ ਹੋਇਆ। ਉਹ ਅਜੇ ਤਿੰਨਾਂ ਸਾਲਾਂ ਦੀ ਬੱਚੀ ਹੀ ਸੀ ਕਿ ਉਸ ਦੇ ਮਾਤਾ ਪਿਤਾ, ਪੋਲੈਂਡ ਦੀ ਰਾਜਧਾਨੀ ਵਾਰਸਾ (Warsaw) ਵਿੱਚ ਆ ਵੱਸੇ। ਰੋਜ਼ਾ ਦਾ ਪਿਤਾ, ਇਕ ਚੰਗਾ ਪ੍ਰਤਿਸ਼ਟ ਤੇ ਖਾਂਦਾ ਪੀਂਦਾ ਵਪਾਰੀ ਸੀ ਤੇ ਉਸ ਦਾ ਮੇਲ ਜੋਲ ਵਾਰਸਾ ਦੇ ਪੜ੍ਹੇ ਲਿਖੇ ਤਬਕੇ ਤੇ ਰਾਜਸੀ ਸੂਝ ਬੂਝ ਰੱਖਣ ਵਾਲੇ ਲੋਕਾਂ ਨਾਲ ਵਿਸ਼ੇਸ਼ ਕਰ

ਕੇ ਸੀ। ਉਹ ਆਪ ਇਕ ਨਰਮ ਖ਼ਿਆਲੀਆ ਰਾਜਸੀ ਨੇਤਾ ਸੀ, ਜੋ ਚਾਹੁੰਦਾ ਸੀ ਕਿ ਪੋਲੈਂਡ ਦੇਸ਼, ਬਿਦੇਸ਼ੀ ਅਧਿਕਾਰ ਹੇਠੋਂ ਨਿਕਲ ਤੇ ਸੁਤੰਤ੍ਰ ਹੋ ਜਾਵੇ। ਰੋਜ਼ਾ ਦੇ ਘਰ ਵਿੱਚ ਰੂਸੀ ਤੇ ਪੋਲਿਸ਼, ਦੋਵੇਂ ਬੋਲੀਆਂ ਬੋਲੀਆਂ ਜਾਂਦੀਆਂ ਸਨ ਪਰ ਰੋਜ਼ਾ ਦਾ ਪਿਤਾ ਇਕ ਪੋਲਿਸ਼ ਦੇਸ਼ ਭਗਤ ਸੀ ਤੇ ਘਰ ਵਿਚ ਪੋਲਿਸ਼ ਬੋਲੀ ਬੋਲਣਾ ਹੀ ਵਧੇਰੇ ਪਸੰਦ ਕਰਦਾ ਸੀ। ਰੋਜ਼ਾ ਦੀ ਮਾਤਾ ਬੜੀ ਸੁੱਘੜ ਤੇ ਰੂਪਮਤੀ ਇਸਤ੍ਰੀ ਸੀ ਤੇ ਵਾਰਸਾ ਦੀ ਅਮੀਰ ਤਬਕੇ ਦੀਆਂ ਮੇਲ ਮਿਲਾਪ ਦੀਆਂ ਗੋਸ਼ਟੀਆਂ ਵਿੱਚ ਬੜੀ ਸਨਮਾਨੀ ਜਾਂਦੀ ਸੀ। ਅਜੇਹੇ ਖਾਂਦੇ ਪੀਂਦੇ, ਸੁਖਾਲੇ, ਬੌਧਿਕ ਤੇ ਉੱਚਾਤਮਕ ਵਾਤਾਵਰਣ ਵਿੱਚ ਰੋਜ਼ਾ ਨੇ ਹੋਸ਼ ਸੰਭਾਲੀ।

ਰੋਜ਼ਾ ਪੰਜਾਂ ਭੈਣ ਭਾਈਆਂ ਵਿਚੋਂ ਸਭ ਨਾਲੋਂ ਛੋਟੀ ਸੀ, ਪਰ ਸਭ ਨਾਲੋਂ ਚਤੁਰ, ਸੋਝੀ ਵਾਲੀ ਤੇ ਬੁਧੀਵਾਨ। ਛੋਟੇ ਹੁੰਦਿਆਂ ਤੋਂ ਹੀ ਉਸ ਦੇ ਸੁਭਾਵ ਵਿਚ ਪ੍ਰਸ਼ਨ ਬਿਰਤੀਆਂ ਪ੍ਰਧਾਨ ਸਨ। ਉਹ ਹਰ ਸਮੇਂ ਸੋਚਦੀ ਰਹਿੰਦੀ, ਇਹ ਜੀਵਨ ਕੀ ਹੈ ? ਇਸ ਦਾ ਮੰਤਵ ਕੀ ਹੈ ? ਕਈ ਵਰ੍ਹੇ ਪਿਛੋਂ ਵਡਿਆਂ ਹੋ ਕੇ ਰੋਜ਼ਾ ਨੇ ਇਕ ਵਾਰ ਲਿਖਿਆ :

"ਇਹ ਜੀਵਨ ਸਦਾ ਮੇਰੇ ਨਾਲ ਲੁਕਣ ਮੀਚੀ ਖੇਲਦਾ ਰਿਹਾ ਹੈ। ਜਦੋਂ ਮੈਂ ਅੰਵਾਣੀ ਕੁੜੀ ਹੀ ਸੀ ਤਾਂ ਮੈਂ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਜਦੋਂ ਅਜੇ ਮੇਰੇ ਪਿਤਾ ਸੁਤੇ ਪਏ ਹੁੰਦੇ ਸੀ, ਤੇ ਉਨ੍ਹਾਂ ਦੇ ਜਾਗਣ ਤਕ ਕਿਸੇ ਬੱਚੇ ਨੂੰ ਆਗਿਆ ਨਹੀਂ ਸੀ ਜੁ ਉਹ ਘਰ ਦੀਆਂ ਬਾਰੀਆਂ ਖੋਹਲ ਦੇਵੇ, ਹੌਲੀ ਹੌਲੀ ਆਪਣੇ ਸੌਣ ਵਾਲੇ ਕਮਰੇ ਦੀ ਬਾਰੀ ਕੋਲ ਖਿਸਕ ਆਉਂਦੀ ਤੇ ਮਲਕੜੇ ਹੀ ਉਸ ਨੂੰ ਖੋਹਲ ਕੇ ਬਾਹਰ ਝਾਤ ਪਾਉਂਦੀ। ਓਦੋਂ, ਉਸ ਸਮੇਂ ਮੈਨੂੰ ਵਿਸ਼ਵਾਸ ਜਿਹਾ ਹੋ ਜਾਂਦਾ ਕਿ ਜੀਵਨ, ਅਸਲੀ ਜੀਵਨ, ਕਿਤੇ ਦੂਰ, ਬਾਹਰ, ਔਹ ਦੂਰ ਦੇ ਘਰਾਂ ਦੀਆਂ ਛੱਤਾਂ ਤੋਂ ਪਰੇ ਹੈ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਮੈਂ ਜੀਵਨ ਦੇ ਪਿਛੇ-ਪਿਛੇ ਭੱਜੀ ਫਿਰਦੀ, ਭਟਕ ਰਹੀ ਹਾਂ, ਪਰ ਜੀਵਨ ਮੇਰੇ ਹੱਥ ਨਹੀਂ ਆਉਂਦਾ।"

ਇਹ ਖ਼ਿਆਲ ਰੋਜ਼ਾ ਨੇ, ਜਦੋਂ ਉਹ ਜਵਾਨ ਹੋ ਚੁੱਕੀ ਸੀ ਤੇ ਆਪਣੇ ਰਾਜਸੀ ਖ਼ਿਆਲਾਂ ਤੇ ਕੰਮਾਂ ਦੇ ਕਾਰਣ, ਜੇਲ ਵਿੱਚ ਕੈਦ ਕੱਟ ਰਹੀ ਸੀ, ਓਦੋਂ ਲਿਖੇ। ਇਨ੍ਹਾਂ ਸਤਰਾਂ ਤੋਂ ਪ੍ਰਗਟ ਹੈ ਜੁ ਬਚਪਨ ਵਿਚ ਹੀ ਰੋਜ਼ਾ ਦੇ ਖ਼ਿਆਲ ਸੰਜੀਦਾ ਸਨ ਤੇ ਉਸ ਦੀ ਵਿਚਾਰਧਾਰਾ ਉੱਚੀ ਸੀ।

ਰੋਜ਼ਾ ਦੇ ਲੱਕ ਵਿੱਚ ਜਮਾਂਦਰੂ ਕੁੱਬ ਸੀ, ਤੇ ਜਦੋਂ ਰੋਜ਼ਾ ਜਵਾਨ ਤ੍ਰੀਮਤ ਹੋ ਗਈ ਤਾਂ ਭੀ ਕੱਦ ਕਾਠ ਤੋਂ ਉਹ ਬੜੀ ਮਧਰੀ ਤੇ ਨਿਕੜੂ ਜਿਹੀ ਦਿਸ ਆਉਂਦੀ ਸੀ। ਪਰ ਰੋਜ਼ਾ ਦੇ ਮਨ ਵਿੱਚ ਕਦੇ ਵੀ ਕੋਈ ਕੋਝਾ ਚੇਤਨ ਗਿਆਨ ਯਾ ਅਚੇਤ

ਗੁੰਝਲ ਇਸ ਕੁੱਬ ਬਾਰੇ ਨਹੀਂ ਸੀ, ਤੇ ਇਉਂ ਲਗਦਾ ਸੀ ਜਿਵੇਂ ਉਸ ਵਿੱਚ ਕੋਈ ਸਰੀਰਕ ਨੁਕਸ ਹੈ ਹੀ ਨਹੀਂ। ਰੋਜ਼ਾ ਨੂੰ ਇਸ ਜਮਾਂਦਰੂ ਨੁਕਸ ਦਾ ਚੇਤ ਯਾ ਅਚੇਤ ਕੋਈ ਝੋਰਾ ਯਾ ਅਹਿਸਾਸ ਉੱਕਾ ਨਾ ਹੋਣ ਦੇਣਾ, ਇਸ ਗੱਲ ਦਾ ਸਬੂਤ ਹੈ ਕਿ ਰੋਜ਼ਾ ਦੇ ਮਾਪੇ ਤੇ ਉਸ ਦੇ ਭੈਣ ਭਰਾ ਬੜੇ ਬੁੱਧੀਵਾਨ ਤੇ ਸੋਝੀਵਾਨ ਸਨ।

ਰੋਜ਼ਾ ਦੀ ਮਾਨਸਕ ਅਵਸਥਾ ਦੀ ਇਹ ਵਿਸ਼ੇਸ਼ਤਾ ਸੀ, ਜੁ ਉਹ ਕਈ ਬੱਚਿਆਂ ਤੇ ਮਨੁੱਖਾਂ ਵਾਂਗਰ ਕੇਵਲ ਸੁਪਨ ਸੰਸਾਰ ਵਿੱਚ ਹੀ ਵਿਚਰਨ ਵਾਲੀ ਨਹੀਂ ਸੀ। ਜਿਸ ਕਿਸੇ ਵਿਸ਼ੇ ਉੱਤੇ ਵੀ ਉਸ ਦੇ ਮਨ ਵਿਚ ਕਿਤੂ ਫੁਰਦਾ, ਉਹ ਉਸ ਵਿਸ਼ੇ ਬਾਬਤ ਜਿਤਨਾ ਭੀ ਹੋ ਸਕਦਾ, ਖੋਜ ਕਰਦੀ ਤੇ ਫੇਰ ਉਸ ਖੋਜ ਦੇ ਆਧਾਰ ਉੱਤੇ ਕੁਛ ਕਰਨ ਦਾ ਯਾ ਕੁਛ ਕਰਨ ਲਈ ਖ਼ਿਆਲ ਪੱਕੇ ਬਨਾਉਣ ਦਾ ਜਤਨ ਕਰਦੀ। ਆਪਣੇ ਵਿਚਾਰਾਂ ਤੇ ਆਪਣੇ ਸੁਪਨਿਆ ਨੂੰ, ਕੁਛ ਕੰਮ ਕਰਨ ਲਈ ਨੀਂਹ ਬਨਾਉਣਾ, ਇਹ ਉਸ ਦੀ ਆਤਮਕ ਬਣਤਰ ਦਾ ਖਾਸਾ ਸੀ। ਉਹ ਕੋਈ ਅੱਠ ਕੁ ਸਾਲਾਂ ਦੀ ਸੀ ਜੁ ਉਸ ਨੇ ਇਕ ਪਾਲਤੂ ਸੋਨ-ਚਿੜੀ ਪਿੰਜਰੇ ਵਿੱਚ ਰਖੀ ਹੋਈ ਸੀ। ਦੇਵ-ਨੇਤ ਨਾਲ ਉਹ ਸੋਨ-ਚਿੜੀ ਮਰ ਗਈ ਤੇ ਰੋਜ਼ਾਂ ਨੂੰ ਇਸਦਾ ਬੜਾ ਸ਼ੋਕ ਹੋਇਆ। ਪਰ ਰੋਜ਼ਾ ਨੇ ਆਪਣਾ ਸਮਾਂ ਕੇਵਲ ਡੁਸਕਣ ਤੇ ਰੋਣ ਵਿੱਚ ਹੀ ਨਹੀਂ ਗਵਾਇਆ, ਸਗੋਂ ਚਾਰ ਦਿਨ, ਲਗਾਤਾਰ, ਰੂਸੀ ਬੋਲੀ ਵਿੱਚ ਇਕ ਕਵਿਤਾ ਲਿਖਦੀ ਰਹੀ, ਤੇ ਪੂਰੇ ਤੀਹ ਬੈਂਤਾਂ ਵਿੱਚ, ਆਪਣੀ ਸੋਨ-ਚਿੜੀ ਦੀ ਮ੍ਰਿਤੂ ਉੱਤੇ ਉਪਜੇ ਸ਼ੋਕ ਨੂੰ ਪ੍ਰਗਟ ਕੀਤਾ। ਉਹ ਬੈਂਤ ਰੋਜ਼ਾ ਨੇ ਕਈ ਵਰ੍ਹੇ ਸਮ੍ਹਾਲ ਰਖੇ ਤੇ ਆਪਣੇ ਸੱਜਣਾਂ ਮਿੱਤ੍ਰਾਂ ਨੂੰ ਪੜ੍ਹਾਉਂਦੀ ਰਹੀ।

ਪਰ ਰੋਜ਼ਾ ਦੇ ਮਨ ਦੀਆਂ ਰੁਚੀਆਂ ਮੁਢ ਤੋਂ ਹੀ ਰਾਜਸੀ ਸਨ। ਉਸ ਦਾ ਪਿਤਾ, ਲੁਕਾ ਛੁਪਾ ਕੇ, ਅੰਗਰੇਜ਼ੀ, ਫਰਾਂਸੀਸੀ ਤੇ ਜਰਮਨ ਬੋਲੀਆਂ ਦੇ ਅਖ਼ਬਾਰ ਤੇ ਰਿਸਾਲੇ, ਰਾਜਸੀ ਵਿਸ਼ਿਆ ਉੱਤੇ ਬਾਹਰਲੇ ਦੇਸ਼ਾਂ ਵਿੱਚ ਛਪੇ ਹੋਏ, ਘਰ ਲਿਆਉਂਦਾ ਹੁੰਦਾ ਸੀ ਤਾਂ ਰੋਜ਼ਾ ਚੋਰੀ ਛੁਪੇ ਉਨ੍ਹਾਂ ਅਖ਼ਬਾਰਾਂ ਤੇ ਰਿਸਾਲਿਆਂ ਨੂੰ ਚੁਕ ਲੈਂਦੀ ਤੇ ਕੋਸ਼ਾਂ, ਡਿਕਸ਼ਨਰੀਆਂ ਆਦਿ ਦੀ ਸਹਾਇਤਾ ਨਾਲ, ਉਨ੍ਹਾਂ ਨੂੰ ਪੜ੍ਹਦੀ ਰਹਿੰਦੀ। ਇਉਂ ਰਾਜਸੀ ਵਿਸ਼ਿਆਂ ਵਿੱਚ ਦਿਲਚਸਪੀ ਤੇ ਉਨ੍ਹਾਂ ਦੀ ਸੂਝ ਰੋਜ਼ਾ ਨੂੰ ਬਚਪਨ ਤੋਂ ਹੀ ਹੋ ਗਈ ਸੀ। ਬਾਲੀ ਉਮਰਾ ਵਿਚ ਹੀ ਰੋਜ਼ਾ ਨੂੰ ਗਿਆਨ ਸੀ ਜੁ ਰੂਸ ਦੇ ਸ਼ਹਿਨਸ਼ਾਹ, ਜ਼ਾਰ, ਦੀ ਪਰਜਾ ਬਹੁਤ ਦੁਖੀ ਹੈ ਤੇ ਸਾਰੇ ਯੂਰਪ ਵਿੱਚ, ਜਿਥੇ ਜਿਥੇ ਵੀ ਪਾਤਸ਼ਾਹੀ ਰਾਜ ਪ੍ਰਬੰਧ ਹੈ, ਉੱਥੇ ਲੋਕ ਆਰਥਕ ਤੇ ਆਤਮਕ ਤੌਰ ਤੇ ਸੁਤੰਤਰ ਨਹੀਂ ਹਨ। ਰੋਜ਼ਾ ਦੀ ਉਮਰ ਕੋਈ ਚੌਦਾਂ ਕੁ ਸਾਲਾਂ ਦੀ ਸੀ ਜਦੋਂ ਸੰਨ ੧੮੮੪ ਈ. ਵਿੱਚ ਜਰਮਨੀ ਦੇ ਸ਼ਹਿਨਸ਼ਾਹ ਵਿਲੀਅਮ ਅੱਵਲ ਨੇ,

ਜਰਮਨੀ ਦੇ ਕੁਛ ਇਲਾਕਿਆਂ ਦਾ ਦੌਰਾ ਕੀਤਾ। ਉਸ ਵੇਲੇ ਰੋਜ਼ਾ ਨੇ ਪੋਲਿਸ਼ ਬੋਲੀ ਵਿੱਚ ਇਕ ਕਵਿਤਾ ਲਿਖੀ ਜਿਸ ਦਾ ਸੁੈਤੰਤਰ ਅਨੁਵਾਦ ਇਉਂ ਹੈ :

1. ਹੇ ਪੱਛਮ ਦੇਸ਼ਾਂ ਦੇ ਵਾਸੀ,
ਮਹਾਂ ਬਲੀ ਰਾਜਾਧੀਰਾਜ।
2. ਆਵੇ ਸ਼ਹਿਰ ਵਾਰਸਾ ਅੰਦਰ,
ਮੈਂ ਵੀ ਤੁਹਾਨੂੰ ਦੇਖਾਂ ਆਜ।
3. ਨਾ ਮੈਂ ਤੁਹਾਡੀ ਵਡਾਂ ਕਚਹਿਰੀ,
ਨਾ ਚਾਹਾਂ ਕੁਛ ਤੁਹਾਥੋਂ ਮਾਨ।
4. ਨਾ ਮੇਰੇ ਕੁਛ ਮਨ ਨੂੰ ਪੋਂਹਦੇ,
ਸ਼ਾਹੀ ਫੌਜਾਂ ਸਾਜ਼ ਸਾਮਾਨ।
5. ਬਿਸਮਾਰਕ ਜੋ ਮੁੱਖ-ਮੰਤ੍ਰੀ,
ਤੁਸਾਂ ਬਣਾਇਆ ਮਹਾਂ ਮਸ਼ੀਰ।
6. ਉਸ ਦੇ ਕੌਤਕ ਕਾਰੇ ਤਕ ਤਕ,
ਮੇਰੇ ਮਨ ਨਾ ਬਝਦੀ ਧੀਰ।
7. ਉਸ ਨੂੰ ਕਹੋ ਸ਼ਹਿਨਸ਼ਾਹ ਵਿਲੀਯਮ,
ਯੁਧ ਜੰਗ ਤੇ ਹਾਹਾ ਕਾਰ।
8. ਬੰਦ ਕਰੋ। ਦੁਨੀਆਂ ਦੇ ਉੱਤੇ,
ਇੰਝ ਕਰੋ ਕੁਛ ਪਰ ਉਪਕਾਰ॥

ਇਸ ਕਵਿਤਾ ਤੋਂ ਸਪਸ਼ਟ ਹੈ ਜੁ ਰੋਜ਼ਾ ਦੀ ਆਤਮਾ ਤੇ ਮਨ ਉੱਤੇ ਰਾਜਸੀ ਖ਼ਿਆਲਾਂ ਦਾ ਪ੍ਰਭਾਵ ਬੜਾ ਡੂੰਘਾ ਤੇ ਪ੍ਰਪੱਕ ਸੀ। ਇਹ ਕਵਿਤਾ ਲਿਖਣ ਦੇ ਕਈ ਵਰ੍ਹਿਆਂ ਪਿਛੋਂ, ਜਦੋਂ ਰੋਜ਼ਾ ਪੈਂਤੀਆਂ ਵਰ੍ਹਿਆਂ ਦੀ ਹੋ ਗਈ ਸੀ, ਤੇ ਕੌਮਾਂਤਰੀ ਰਾਜਨੈਤਿਕ ਵਾਯੂ ਮੰਡਲ ਵਿੱਚ ਚੰਗੀ ਪ੍ਰਸਿੱਧਤਾ ਪ੍ਰਾਪਤ ਕਰ ਚੁੱਕੀ ਸੀ, ਤੇ ਇਸ ਸਮੇਂ ਬੰਦੀ ਖ਼ਾਨੇ ਵਿੱਚ ਕੈਦ ਕੱਟ ਰਹੀ ਸੀ, ਤਾਂ ਉਸ ਨੇ ਆਪਣੇ ਇਕ ਮਿੱਤਰ ਨੂੰ ਚਿੱਠੀ ਲਿਖੀ, ਜਿਸ ਵਿਚ ਕਿਹਾ :

"ਮੈਨੂੰ ਅਜੇਹਾ ਮਿੱਤਰ ਚਾਹੀਦਾ ਹੈ ਜੋ ਮੇਰੀ ਇਸ ਗੱਲ ਤੇ ਵਿਸ਼ਵਾਸ ਕਰੇ ਕਿ ਰਾਜਨੈਤਿਕ ਝਗੜਿਆਂ ਵਿਚ ਮੈਂ ਅਚੋਲ ਹੀ ਤੇ ਆਪਣੀ ਇੱਛਾ ਦੇ ਉਲਟ ਫਸ ਗਈ ਹਾਂ। ਵਾਸਤਵ ਵਿਚ ਤਾਂ ਮੇਰਾ ਸੁਭਾਵ ਇਕਾਂਤ ਪਸੰਦ ਹੈ ਤੇ ਮੈਂ ਗੁੱਡੀਆਂ ਨਾਲ ਖੇਲ੍ਹਣ ਵਾਲੀ ਕੁੜੀ ਹਾਂ।"

ਜਾਪਦਾ ਇਉਂ ਹੈ, ਕਿ ਇਹ ਗੱਲ ਰੋਜ਼ਾ ਨੇ ਕਿਸੇ ਛਿਨ ਭੰਗ ਮਾਨਸਕ ਅਵਸਥਾ ਦੇ ਅਧੀਨ ਕਹਿ ਦਿੱਤੀ। ਉਪਰੋਕਤ ਕਵਿਤਾ, ਜੋ ਕਿ ਰੋਜ਼ਾ ਨੇ ਚੌਦਾਂ ਵਰ੍ਹਿਆਂ ਦੀ ਆਯੂ ਵਿੱਚ ਲਿਖੀ, ਸਪਸ਼ਟ ਕਰਦੀ ਹੈ ਜੁ ਰੋਜ਼ਾ ਦੀਆਂ ਰੁਚੀਆਂ ਬਾਲਪਨ ਤੋਂ ਹੀ ਰਾਜਨੈਤਿਕ ਖ਼ਿਆਲਾਂ ਤੇ ਕਰਮਾਂ ਵਿੱਚ ਖੱਚਤ ਸਨ।

ਵਾਰਸਾ ਵਿੱਚ ਰੋਜ਼ਾ ਨੂੰ ਸਕੂਲ ਵਿੱਚ ਪੜ੍ਹਨ ਪਾਇਆ ਗਿਆ ਤਾਂ ਉਥੇ ਹੀ ਰੋਜ਼ਾ ਨੇ ਉਸ ਸਮੇਂ ਦਾ ਸਮਾਜਵਾਦੀ ਸਾਹਿਤ ਘੋਖਣਾ ਅਰੰਭ ਦਿੱਤਾ। ਰੋਜ਼ਾ ਨੇ ਕੁਛ ਹੋਰ ਕੁੜੀਆਂ ਇਕੱਠੀਆਂ ਕਰਕੇ ਇਕ ਗੁਪਤ ਸਭਾ ਬਣਾ ਲਈ, ਜਿਸ ਦੀ ਕਿ ਉਹ ਆਪ ਲੀਡਰ ਬਣ ਗਈ। ਇਹ ਕੁੜੀਆਂ ਚੋਰੀ ਛੁਪੀ ਇਕੱਠੀਆਂ ਹੁੰਦੀਆਂ ਤੇ ਸਾਮਵਾਦੀ ਸਾਹਿਤ ਪੜ੍ਹਦੀਆਂ ਤੇ ਵਿਚਾਰਦੀਆਂ ਤੇ ਭਿੰਨ ਭਿੰਨ ਦੇਸ਼ਾਂ ਦੀ ਰਾਜਸੀ ਦਸ਼ਾ ਉੱਤੇ ਬਹਿਸ ਕਰਦੀਆਂ ਤੇ ਇਉਂ ਸੁਪਨੇ ਲੈਂਦੀਆਂ ਜੁ ਆਉਣ ਵਾਲੇ ਸਮੇਂ ਵਿੱਚ ਲੋਕ ਬੜੇ ਸੁਖੀ ਤੇ ਖ਼ੁਸ਼ਹਾਲ ਹੋ ਜਾਣਗੇ। ਜਦੋਂ ਇਸ ਸਕੂਲ ਵਿੱਚ ਮੈਟ੍ਰਿਕੁਲੇਸ਼ਨ ਦੀ ਪ੍ਰੀਖਿਆ ਹੋਈ ਤਾਂ ਰੋਜ਼ਾ ਸਾਰੀਆਂ ਕੁੜੀਆਂ ਵਿਚੋਂ ਅੱਵਲ ਨਿਕਲੀ ਤੇ ਉਸ ਨੂੰ ਇਕ ਸੋਨੇ ਦਾ ਤਗ਼ਮਾ ਮਿਲਿਆ ਤੇ ਨਾਲ ਹੀ, ਯੂਨੀਵਰਸਿਟੀ ਵਿੱਚ ਦਾਖਲ ਹੋ ਕੇ, ਬੀ. ਏ. ਪਾਸ ਕਰਨ ਲਈ ਵਜ਼ੀਫ਼ਾ ਵੀ ਮਿਲ ਗਿਆ। ਰੋਜ਼ਾ ਯੂਨੀਵਰਸਿਟੀ ਵਿੱਚ ਦਾਖਲ ਹੋਣ ਹੀ ਵਾਲੀ ਸੀ, ਜੁ ਪੁਲਸ ਨੂੰ ਕੁੜੀਆਂ ਦੀ ਉਸ ਗੁਪਤ ਸਭਾ ਦੀ ਸੂਹ ਲਗ ਗਈ, ਜਿਸ ਦੀ ਕਿ ਰੋਜ਼ਾ ਲੀਡਰ ਸੀ। ਉਹਨਾਂ ਦਿਨਾਂ ਵਿੱਚ, ਸਾਮਵਾਦੀ ਖ਼ਿਆਲਾਂ ਦੇ ਪਰਚਾਰ ਉੱਤੇ, ਪੁਲਸ ਬੜੀ ਕੜੀ ਨਿਗਰਾਨੀ ਰਖਦੀ ਸੀ ਤੇ ਭਾਵੇਂ ਰੋਜ਼ਾ ਅਜੇ ਬਾਲੀ ਹੀ ਸੀ, ਪਰ ਵਾਰਸਾ ਦੀ ਪੁਲਸ ਨੇ ਉਸ ਨੂੰ ਜ਼ਰੂਰ ਹੀ ਪਕੜ ਕੇ ਕੈਦ ਕਰ ਦੇਣਾ ਸੀ। ਵਾਰਸਾ ਵਿੱਚ ਉਨ੍ਹਾਂ ਦਿਨਾਂ ਵਿੱਚ ਜੋ ਲੋਗ ਸਾਮਵਾਦੀ ਖ਼ਿਆਲਾਂ ਨੂੰ ਗੁਪਤ ਰਹਿਕੇ ਪਰਚਾਰਦੇ ਸਨ, ਉਹ ਰੋਜ਼ਾ ਦੀ ਤੀਖਣ ਬੁੱਧੀ ਤੇ ਉਹਦੀ ਜਥੇਬੰਦ ਕਰਨ ਦੀ ਸ਼ਕਤੀ ਤੋਂ ਉਸ ਵੇਲੇ ਹੀ ਪ੍ਰਭਾਵਤ ਹੋ ਚੁੱਕੇ ਸਨ। ਉਨ੍ਹਾਂ ਨੇ ਸਲਾਹ ਕੀਤੀ ਕਿ ਰੋਜ਼ਾ ਨੂੰ ਕੁਛ ਸਮੇਂ ਲਈ ਵਾਰਸਾ ਸ਼ਹਿਰ ਤੇ ਜਰਮਨੀ ਅਧੀਨ ਇਲਾਕੇ ਵਿਚੋਂ ਬਾਹਰ ਚਲੇ ਜਾਣਾ ਚਾਹੀਦਾ ਹੈ ਤਾਂ ਜੁ ਪੁਲਸ ਉਸ ਨੂੰ ਪਕੜ ਕੇ ਬੰਦੀ ਖਾਨੇ ਵਿੱਚ ਨਾ ਡੱਕ ਦੇਵੇ। ਅਜੇਹੇ ਹਾਲਤ ਵਿੱਚ ਰੋਜ਼ਾ ਨੂੰ ਪਾਸਪੋਰਟ ਤਾਂ ਕਿਥੇ ਮਿਲਣਾ ਸੀ। ਮਤਾ ਇਹ ਪਕਾਇਆ ਗਿਆ ਜੁ ਵਾਰਸਾ ਦੀ ਗੁਪਤ ਸਾਮਵਾਦੀ ਲਹਿਰ ਦਾ ਆਗੂ, ਕਪਸ਼ਾਕ (Kapsehak) ਰੋਜ਼ਾ ਨੂੰ ਨਾਲ ਲੈ ਕੇ, ਪੋਲੈਂਡ ਦੀ ਸੀਮਾ ਟਪਵਾ ਕੇ ਸਵਿਟਜ਼ਰਲੈਂਡ ਦੇਸ਼ ਵਿਚ ਵਾੜ ਆਵੇ। ਪਰ ਜਿਸ ਵੇਲੇ ਕਪਸ਼ਾਕ ਰੋਜ਼ਾ ਨੂੰ ਲੈ ਕੇ ਸੀਮਾ ਟਪਾਉਣ ਗਿਆ ਤਾਂ ਉਥੇ ਅਜੇਹੀ ਅੜਚਨ ਪਈ

ਜੁ ਬਿਨਾਂ ਪਾਸਪੋਰਟ ਤੋਂ ਸੀਮਾ ਪਾਰ ਕਰਨ ਵਿਚ ਸਫਲਤਾ ਨਾ ਹੋਈ। ਇਹ ਵੇਲਾ ਕੋਈ ਅਜੇਹੀ ਚਾਲ ਚੱਲਣ ਦਾ ਸੀ, ਜਿਸ ਨਾਲ ਅਸਫਲਤਾ ਸਫਲਤਾ ਵਿੱਚ ਬਦਲ ਜਾਵੇ। ਕਪਸ਼ਾਕ ਤੇ ਰੋਜ਼ਾ ਨੇ ਇਕ ਗੋਂਦ ਗੁੰਦੀ ਤੇ ਇਕ ਸੀਮਾਂਤਕ ਗ੍ਰਾਮ ਦੇ ਪਾਦਰੀ ਦੇ ਘਰ ਗਏ, ਤੇ ਉਸ ਨੂੰ ਕਿਹਾ ਕਿ ਯਹੂਦਨ ਕੁੜੀ ਹੈ ਤੇ ਈਸਾਈ ਮਤ ਗ੍ਰਹਿਣ ਕਰਨਾ ਚਾਹੁੰਦੀ ਹੈ, ਪਰ ਇਸ ਦੇ ਮਾਤਾ ਪਿਤਾ ਰੋਕਦੇ ਹਨ। ਇਸ ਲਈ ਇਹ ਸਵਿਟਜ਼ਰਲੈਂਡ ਜਾ ਕੇ ਉਥੇ ਈਸਾਈ ਮਤ ਧਾਰਨ ਕਰਨਾ ਚਾਹੁੰਦੀ ਹੈ ਤੇ ਪਾਸਪੋਰਟ ਲੈਣਾ ਨਹੀਂ ਚਾਹੁੰਦੀ। ਰੋਜ਼ਾ ਨੇ ਪਾਦਰੀ ਨੂੰ ਵਿਸ਼ਵਾਸ ਦਿਵਾ ਦਿੱਤਾ ਜੁ ਉਹ ਈਸਾਈ ਮਤ ਨਾਲ ਸ਼ਰਧਾ ਦੇ ਕਾਰਨ ਹੀ ਘਰੋਂ ਭੱਜ ਕੇ ਬਿਦੇਸ਼ ਜਾਣਾ ਚਾਹੁੰਦੀ ਹੈ। ਇਉਂ ਉਸ ਪਾਦਰੀ ਨੂੰ ਭਰਮਾ ਲਿਆ ਗਿਆ ਤੇ ਉਸ ਪਾਦਰੀ ਨੇ ਇਹ ਪੁੰਨ ਸਮਝਕੇ, ਰੋਜ਼ਾ ਨੂੰ ਅੱਧੀ ਰਾਤ ਦੇ ਸਮੇਂ, ਪੋਲੈਂਡ ਤੋਂ ਬਾਹਰ ਕਰ ਦਿੱਤਾ ਤੇ ਰੋਜ਼ਾ ਚਾਲੀ ਪੰਜਾਹ ਮੀਲ ਪੈਦਲ ਹੀ ਚਲਕੇ ਸਵਿਟਜ਼ਰਲੈਂਡ ਦੇ ਸ਼ਹਿਰ, ਜ਼ੀਉਰਿਕ (Zurich) ਵਿੱਚ ਪੁਜ ਗਈ। ਇਕ ਜਰਮਨ ਸ਼ਰਨਾਰਥੀ, ਸਾਮਵਾਦੀ ਖਿਆਲਾਂ ਦਾ, ਜ਼ੀਉਰਿਕ ਵਿੱਚ ਦਿਨ ਕਟੀ ਕਰਦਾ ਸੀ ਤੇ ਸਾਮਵਾਦੀ ਖ਼ਿਆਲਾਂ ਦਾ ਪਰਚਾਰ ਕਰਨ ਵਾਲੇ ਅਖ਼ਬਾਰਾਂ ਤੇ ਰਿਸਾਲਿਆਂ ਵਿੱਚ ਲੇਖ ਲਿਖ ਕੇ ਆਪਣੀ ਤੇ ਆਪਣੇ ਪਰਵਾਰ ਦੀ ਉਦਰ ਪੂਰਨਾ ਕਰਦਾ ਸੀ। ਉਸ ਦੀ ਵਹੁਟੀ ਆਲੇ ਦੁਆਲੇ ਦੇ ਲੋਕਾਂ ਦੇ ਕਪੜੇ ਧੋ ਦਿੰਦੀ ਸੀ, ਤੇ ਇਉਂ ਇਹਨਾਂ ਦਾ ਰੁਜ਼ਗਾਰ ਬਣਿਆਂ ਹੋਇਆ ਸੀ। ਰੋਜ਼ਾ ਇਹਨਾਂ ਦੇ ਘਰ ਆ ਰਹੀ ਤੇ ਇਹਨਾਂ ਦੇ ਘਰ ਕੰਮ ਕਾਰ ਵਿੱਚ ਹੱਥ ਵਟਾਉਣ ਲਗੀ ਤੇ ਨਾਲੇ ਜ਼ੀਉਰਿਕ ਦੀ ਯੂਨੀਵਰਸਿਟੀ ਦਾ ਮੈਟਰੀਕੂਲੇਸ਼ਨ ਦਾ ਇਮਤਿਹਾਨ ਵੀ ਪਾਸ ਕਰ ਲਿਆ। ਫੇਰ ਰੋਜ਼ਾ ਯੂਨੀਵਰਸਿਟੀ ਵਿੱਚ ਦਾਖ਼ਲ ਹੋ ਗਈ ਜਿਥੇ ਉਸ ਨੇ ਬੀ. ਏ. ਪਾਸ ਕਰ ਲਿਆ। ਪਿਛੋਂ ਇਹਨਾਂ ਸ਼ਰਨਾਰਥੀਆਂ ਨੇ ਰੋਜ਼ਾ ਦਾ ਵਿਆਹ ਆਪਣੇ ਮੁੰਡੇ ਨਾਲ ਕਰ ਦਿੱਤਾ, ਜਿਸ ਦਾ ਸਿੱਟਾ ਇਹ ਨਿਕਲਿਆ ਜੁ ਰੋਜ਼ਾ ਜਰਮਨੀ ਦੇਸ਼ ਦੀ ਸ਼ਹਿਰੀ ਬਣ ਗਈ। ਇਹ ਵਿਆਹ ਇਸੇ ਕਰਕੇ ਹੀ ਕੀਤਾ ਗਿਆ ਸੀ ਜੁ ਰੋਜ਼ਾ ਨੂੰ ਜਰਮਨ ਸ਼ਹਿਰੀ ਦੇ ਅਧਿਕਾਰ ਮਿਲ ਜਾਣ ਤੇ ਸਰਕਾਰ ਉਸ ਨੂੰ ਦੇਸ਼ ਨਿਕਾਲਾ ਨਾ ਦੇ ਸਕੇ।

ਰੋਜ਼ਾ ਲਕਸਮਬਰਗ ਨੇ, ਪਹਿਲਾਂ ਤਾਂ ਫਿਲਾਸਫੀ ਦੀ ਡਿਗਰੀ ਲਈ ਤੇ ਫੇਰ ਕਾਨੂੰਨ ਤੇ ਆਰਥਕ ਵਿਦਿਆਂ ਦੀ। ਰੋਜ਼ਾ ਨੇ ਦ੍ਰਿੜ ਨਿਸ਼ਚਾ ਕਰ ਲਿਆ ਸੀ ਜੁ ਉਹ ਆਪਣਾ ਸਾਰਾ ਜੀਵਨ ਕ੍ਰਾਂਤੀਕਾਰੀ ਕਰਮਾਂ ਵਿੱਚ ਹੀ ਲਗਾ ਦੇਵੇਗੀ। ਵਿਦਿਆ ਨੂੰ ਉਹ ਕ੍ਰਾਂਤੀਕਾਰੀ ਕਰਮਾਂ ਵਿੱਚ ਸਫ਼ਲਤਾ ਲਈ ਬੜਾ ਵੱਡਾ ਹਥਿਆਰ ਸਮਝਦੀ ਸੀ। ਇਸ ਲਈ ਉਹ ਫ਼ਿਲਾਸਫ਼ੀ, ਤਾਵਰੀਖ਼, ਆਰਥਿਕ ਵਿਦਿਆ,

ਰਾਜਸੀ ਵਿਦਿਆ ਤੇ ਕਾਨੂੰਨ ਨੂੰ ਭਲੀ ਪ੍ਰਕਾਰ ਪੜ੍ਹ ਲੈਣਾ ਚਾਹੁੰਦੀ ਸੀ। ਇਹ ਸਾਰੀ ਵਿਦਿਆ ਰੋਜ਼ਾ ਨੇ ਬੜੀ ਮਿਹਨਤ ਨਾਲ ਜ਼ੀਊਰਿਕ ਯੂਨੀਵਰਸਿਟੀ ਵਿੱਚ ਪੜ੍ਹ ਲਈ।

ਰੋਜ਼ਾ ਨੇ ਆਰਥਿਕ ਵਿਦਿਆ ਵਿੱਚ ਪੀ. ਐਚ. ਡੀ. ਦੀ ਡਿਗਰੀ ਲੈਣ ਲਈ ਇਕ ਨਿਬੰਧ ਲਿਖਿਆ। ਇਹ ਨਿਬੰਧ ਯੂਨੀਵਰਸਿਟੀ ਨੇ ਪਰਵਾਣ ਕਰ ਲਿਆ। ਇਹ ਨਾ ਸਮਝਿਆ ਜਾਵੇ ਕਿ ਫ਼ਿਲਾਸਫ਼ੀ, ਆਰਥਿਕ ਵਿਦਿਆ ਆਦਿਕ ਵਿੱਚ ਖੱਚਤ ਹੋਣ ਕਰਕੇ, ਰੋਜ਼ਾ, ਹੁਣ ਡਾਕਟਰ ਰੋਜ਼ਾ ਲਕਸਮਬਰਗ, ਕੋਈ ਖੁਸ਼ਕ, ਭਾਵਕਤਾਹੀਨ ਪ੍ਰੋਫੈਸਰ ਬਣ ਗਈ ਸੀ। ਰੋਜ਼ਾ ਬੜੀ ਨਰਮ ਸੁਭਾ, ਨਿੱਘੀ ਤੇ ਮਨੁੱਖੀ ਪਿਆਰ ਨਾਲ ਭਰਪੂਰ ਇਸਤਰੀ ਸੀ। ਉਸ ਨੇ ਜੋ ਨਿਬੰਧ ਆਪਣੀ ਪੀ. ਐਚ. ਡੀ. ਦੀ ਡਿਗਰੀ ਲੈਣ ਲਈ ਲਿਖਿਆ, ਉਸ ਵਿਚ ਮਾਸਕੋ ਦੇ ਕਾਰਖ਼ਾਨਿਆਂ ਵਿੱਚ ਕੰਮ ਕਰਦੇ ਕਾਮਿਆਂ ਬਾਬਤ ਜੋ ਪੰਨੇ ਲਿਖੇ ਹਨ ਉਹ ਰੋਜ਼ਾ ਦੀ ਨਿੱਘੀ ਤੇ ਇਨਸਾਨੀ ਇਸਤ੍ਰੱਤਵ ਨਾਲ ਭਰੇ ਪਏ ਹਨ। ਰੋਜ਼ਾ ਬੜੀ ਅਸਰਦਾਰ ਤੇ ਪ੍ਰਭਾਵਸ਼ਾਲੀ ਬੋਲੀ ਵਿਚ ਲਿਖਦੀ ਹੈ ਕਿ ਮਾਸਕੋ ਦੇ ਕਾਰਖ਼ਾਨਿਆਂ ਵਿਚ ਮਜ਼ਦੂਰਾਂ ਨੂੰ ਆਪਣੀ ਮੁਸ਼ੱਕਤ ਦੀ ਸਖ਼ਤੀ ਨੂੰ ਹਲਕਾ ਕਰਨ ਲਈ ਗਾਉਣ ਦੀ ਆਗਿਆ ਨਹੀਂ, ਤੇ ਜੇ ਕੋਈ ਕਾਮਾ ਗਾਉਂਦਾ ਸੁਣਿਆ ਜਾਵੇ ਤਾਂ ਉਸ ਨੂੰ ਪੰਜ ਰੂਬਲ ਤਕ ਜੁਰਮਾਨਾ ਹੋ ਜਾਂਦਾ ਹੈ। ਦਿਤੇ ਇਨ੍ਹਾਂ ਦਿਨਾਂ ਵਿਚ ਹੀ, ਜਦੋਂ ਕਿ ਰੋਜ਼ਾ ਜ਼ੀਊਰਿਕ ਦੀ ਯੂਨੀਵਰਸਿਟੀ ਵਿੱਚ ਵਿਦਿਆ ਪ੍ਰਾਪਤ ਕਰ ਰਹੀ ਸੀ, ਤਾਂ ਨਾਲ ਹੀ ਉਹ ਯੂਰਪ ਦੇ ਵਖੋ ਵੱਖਰੇ ਦੇਸ਼ਾਂ ਵਿੱਚ ਮਜ਼ਦੂਰਾਂ ਤੇ ਕਾਮਿਆਂ ਦੀ ਆਰਥਿਕ ਦਸ਼ਾ ਬਾਰੇ ਵੀ ਅਧਯਨ ਕਰਦੀ ਰਹੀ। ਉਹ ਹੁਣ ਆਪਣੇ ਆਪ ਨੂੰ ਇਕ ਤਿਆਰ-ਬਰ-ਤਿਆਰ ਕੌਮਾਂਤ੍ਰੀ ਕ੍ਰਾਂਤੀਕਾਰੀ ਦੇ ਰੂਪ ਵਿਚ ਪ੍ਰਗਟ ਹੋਣ ਲਈ ਤਤਪਰ ਬੈਠੀ ਸੀ। ਇਹ ਭਿੰਨ ਭਿੰਨ ਦੇਸ਼ਾਂ ਦੇ ਮਜ਼ਦੂਰਾਂ ਤੇ ਕਾਮਿਆਂ ਦੀ ਦਸ਼ਾ ਦਾ ਮੁਤਾਲਿਆ ਕਰਨਾ, ਰੋਜ਼ਾ ਲਈ, ਹੋਰਨਾਂ ਲੋਕਾਂ ਨਾਲੋਂ, ਸੁਖੈਨ ਕੰਮ ਸੀ, ਕਿਉਂ ਜੁ ਰੋਜ਼ਾ ਫ਼ਰਾਂਸੀਸੀ, ਰੂਸੀ, ਪੋਲਿਸ਼ ਤੇ ਜਰਮਨ ਬੋਲੀਆਂ ਬੜੀ ਹੱਛੀ ਤਰ੍ਹਾਂ ਜਾਣਦੀ ਸੀ ਤੇ ਹੋਰ ਯੂਰਪੀ ਬੋਲੀਆਂ ਉੱਤੇ ਵੀ ਉਸ ਨੂੰ ਥੋੜ੍ਹਾ ਬਹੁਤ ਅਧਿਕਾਰ ਸੀ। ਇਨ੍ਹਾਂ ਦਿਨਾਂ ਵਿੱਚ ਹੀ ਰੋਜ਼ਾ ਨੇ ਸਾਮਵਾਦੀ ਸਿਧਾਂਤਾਂ ਦਾ ਪ੍ਰਚਾਰ ਕਰਨ ਵਾਲੇ ਅਖ਼ਬਾਰਾਂ ਤੇ ਰਿਸਾਲਿਆਂ ਵਿੱਚ ਲੇਖ ਲਿਖਣੇ ਅਰੰਭ ਦਿੱਤੇ ਤੇ ਇਉਂ ਰੋਜ਼ਾ ਦੀ ਵਾਕਫ਼ੀ ਸਾਰੇ ਯੂਰਪ ਦੇ ਸਾਮਵਾਦੀ ਤਬਕਿਆ ਵਿਚ ਹੋ ਗਈ।

ਰੋਜ਼ਾ ਵਿੱਚ ਕ੍ਰਾਂਤੀਕਾਰੀਆਂ ਵਾਲੀ ਤੰਗ ਦਿਲੀ ਤੇ ਥੋਹੜ-ਦਿਲੀ ਕਦੇ ਵੀ ਨਹੀਂ ਆਈ। ਉਹ ਆਪਣੇ ਯੁਵਕ ਅਵਸਥਾ ਦੇ ਦਿਨਾਂ ਤੋਂ ਹੀ ਕਦੇ ਵੀ ਹੱਛੀ

ਨਹੀਂ ਸੀ। ਸਗੋਂ ਉਸ ਦਾ ਗੱਲਬਾਤ ਤੇ ਲਿਖਤ ਪੜ੍ਹਤ, ਮੁੱਢ ਤੋਂ ਹੀ ਬੜੀ ਸੁਲਝੀ ਹੋਈ ਤੇ ਸੱਭਯ ਲੋਕਾਂ ਵਾਲੀ ਸੀ। ਉਹ ਬੜੀ ਵਿਸ਼ਾਲ ਪੰਡਿਤਾ ਤੇ ਧੁਰਿਧਰ ਵਿਦਵਾਨ ਸੀ ਤੇ ਉਸ ਨੇ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਦੀ ਤਵਾਰੀਖ ਤੇ ਸਾਹਿਤ ਨੂੰ ਬੜੇ ਗਹੁ ਨਾਲ ਪੜ੍ਹਿਆ ਹੋਇਆ ਸੀ। ਰੂਸੀ ਵਿਦਵਾਨ ਕਰੋਲੈਂਕੋ (Krolenko) ਨੇ ਜੋ ਵਰਤਮਾਨ ਇਤਿਹਾਸ ਨਾਮੀ ਪੁਸਤਕ ਲਿਖੀ ਹੈ, ਉਸ ਦਾ ਮੁਖ ਬੰਧ ਡਾਕਟਰ ਰੋਜ਼ਾ ਲਕਸਮਬਰਗ ਨੇ ਲਿਖਿਆ ਹੈ। ਇਸ ਮੁਖਬੰਧ ਤੋਂ ਇਹ ਸਪਸ਼ਟ ਹੈ ਜੁ ਰੋਜ਼ਾ ਦਾ ਰੂਸੀ ਸਾਹਿਤ ਤੇ ਰੂਸੀ ਤਵਾਰੀਖ ਦਾ ਅਧਯਨ ਕਿਤਨਾ ਡੂੰਘਾ ਤੇ ਵਿਸ਼ਾਲ ਹੈ। ਪਿਛੋਂ ਜਾ ਕੇ, ਜਦੋਂ ਰੋਜ਼ਾ ਨੂੰ ਕਈ ਵਾਰ ਬੰਦੀ ਖ਼ਾਨੇ ਵਿੱਚ ਜਾਣਾ ਪਿਆ, ਤਾਂ ਉਥੇ ਉਸ ਨੇ ਪਦਾਰਥ ਵਿਦਿਆ (Physice), ਕੀਮੀਆ (Chemistry) ਤੇ ਬਨਾਸਪਤਿ ਵਿਦਿਆਵਾਂ (Botany) ਦਾ ਬੜਾ ਡੂੰਘਾ ਮੁਤਾਲਿਆ ਕੀਤਾ, ਤੇ ਉਹ ਇਨ੍ਹਾਂ ਵਿਦਿਆਂ ਵਿੱਚ ਭੀ ਨਿਪੁੰਨ ਹੋ ਗਈ। ਰੂਸ ਦੇ ਕ੍ਰਾਂਤੀਕਾਰੀ ਕਿਹਾ ਕਰਦੇ ਸਨ ਜੁ ਜ਼ਾਰ ਦੇ ਜੇਲ੍ਹਖਾਨੇ ਕ੍ਰਾਂਤੀਕਾਰੀਆਂ ਦੀਆਂ ਯੂਨੀਵਰਸਿਟੀਆਂ ਹਨ। ਇਹ ਗੱਲ ਐਵੇਂ ਨਹੀਂ ਸੀ। ਇਨ੍ਹਾਂ ਜੇਲ੍ਹਖਾਨਿਆਂ ਵਿਚੋਂ ਸੈਂਕੜੇ ਕ੍ਰਾਂਤੀਕਾਰੀ ਕਈ ਪਰਕਾਰ ਦੀ ਵਿਦਿਆ ਪਰਾਪਤ ਕਰ ਕੇ ਤੇ ਪੰਡਿਤ ਬਣ ਕੇ ਨਿਕਲੇ।

ਰੋਜ਼ਾ ਲਕਸਮਬਰਗ ਜ਼ੀਉਰਿਕ ਯੂਨੀਵਰਸਿਟੀ ਵਿਚ ਜਦੋਂ ਵਿਦਿਆਰਥਣ ਸੀ, ਓਦੋਂ ਵੀ ਏਕਾਂਤਵਾਸੀ ਸੁਭਾ ਦੀ ਨਹੀਂ ਸੀ, ਸਗੋਂ ਆਪਣੇ ਪੜ੍ਹਨ ਲਿਖਣ ਵਿਚੋਂ ਸਮਾਂ ਕੱਢ ਕੇ ਸਾਮਵਾਦ ਦਾ ਪ੍ਰਚਾਰ ਕਰਦੀ ਰਹਿੰਦੀ ਸੀ। ਉੱਥੇ ਹੀ ਉਸ ਨੇ ਪੋਲੈਂਡ ਦੀ ਸਾਮਵਾਦੀ ਸਭਾ ਦੀ ਨੀਂਹ ਜ਼ੀਉਰਿਕ ਵਿਚ ਪੜ੍ਹ ਰਹੇ ਪੋਲਿਸ਼ ਵਿਦਿਆਰਥੀਆਂ ਨੂੰ ਜਥੇਬੰਦ ਕਰਕੇ ਰਖੀ। ਇਹ ਪੋਲਿਸ਼ ਵਿਦਿਆਰਥੀ, ਵਾਸਤਵ ਵਿੱਚ ਕੌਮਾਂਤਰੀ ਕ੍ਰਾਂਤੀਕਾਰੀ ਰੁਚੀਆਂ ਵਾਲੇ ਨਹੀਂ ਸਨ, ਸਗੋਂ ਆਪਣੇ ਦੇਸ਼ ਦੀ ਸੁਤੰਤਰਤਾ ਤੇ ਆਪਣੇ ਦੇਸ਼ ਵਿੱਚ ਸਮਾਜਕ ਸੁਧਾਰ ਦੀ ਇੱਛਾ ਹੀ ਰੱਖਦੇ ਸਨ। ਰੋਜ਼ਾ ਇਨ੍ਹਾਂ ਲੋਕਾਂ ਨਾਲ ਓਦੋਂ ਹੀ ਸਹਿਮਤ ਨਹੀਂ ਸੀ ਜੁ ਕਿਸੇ ਇਕ ਇਕੱਲੇ ਦੇਸ਼ ਦੀ ਸੁਤੰਤ੍ਰਤਾ, ਸੰਸਾਰ ਭਰ ਦੇ ਕਾਮਿਆਂ ਦੀ ਸੁਤੰਤ੍ਰਤਾ ਨਾਲੋਂ ਵੱਖਰੀ ਤੇ ਅਲੱਗ ਪ੍ਰਾਪਤ ਕਰ ਕੇ ਸੰਭਾਲੀ ਜਾ ਸਕਦੀ ਹੈ। ਉਹ ਇਨ੍ਹਾਂ ਪੋਲਿਸ਼ ਵਿਦਿਆਰਥੀਆਂ ਨੂੰ ਦੇਸ਼ ਭਗਤੀ ਸਾਮਵਾਦੀ ਕਿਹਾ ਕਰਦੀ ਸੀ। ਇਸ ਕਾਰਨ, ਤੇ ਇਸ ਕਾਰਨ ਵੀ ਜੁ ਰੋਜ਼ਾ ਇਨ੍ਹਾਂ ਸਭ ਵਿਦਿਆਰਥੀਆਂ ਨਾਲੋਂ ਵਧੇਰੇ ਹੁਸ਼ਿਆਰ ਤੇ ਸਿਆਣੀ ਸੀ, ਇਹ ਵਿਦਿਆਰਥੀ ਰੋਜ਼ਾ ਨਾਲ ਚਿੜ੍ਹਿਆਂ ਕਰਦੇ ਸਨ ਤੇ ਉਸ ਨਾਲ ਖਾਰ ਖਾਂਦੇ ਸਨ। ਰੋਜ਼ਾ ਦੇ ਬਹੁਤ ਸਾਰੇ ਜ਼ੀਉਰਿਕ ਯੂਨੀਵਰਸਿਟੀ ਦੇ ਸਮਕਾਲੀਆਂ ਨੇ ਪਿਛੋਂ ਜਾ ਕੇ, ਜਦੋਂ ਆਪਣੀਆਂ ਕੋਈ ਯਾਦਦਾਸ਼ਤਾਂ ਲਿਖੀਆ, ਤਾਂ ਉਨ੍ਹਾਂ ਵਿਚ ਕਈ

ਬਾਈਂ ਉਨ੍ਹਾਂ ਨੇ ਰੋਜ਼ਾ ਬਾਬਤ ਇਹ ਲਿਖਿਆ ਹੈ ਜੁ ਉਹ ਆਪਣੇ ਵਿਦਿਆਰਥਣ ਹੋਣ ਦੇ ਦਿਨਾਂ ਵਿੱਚ, ਕੁਛ ਚਿੜਚਿੜੀ ਜਾਂ ਲੜਾਕੇ ਸੁਭਾ ਦੀ ਸੀ। ਅਸਲ ਵਿੱਚ ਗੱਲ ਇਉਂ ਹੀ ਹੈ ਜੋ ਰੋਜ਼ਾ ਦੇ ਖ਼ਿਆਲ ਤੇ ਸਿਧਾਂਤ ਇਨ੍ਹਾਂ ਦੇਸ਼ ਭਗਤਾਂ ਨਾਲ ਇੰਨ ਬਿੰਨ ਨਹੀਂ ਸੀ ਮਿਲਦੇ ਤੇ ਬਹਿਸ ਵਿੱਚ ਰੋਜ਼ਾ ਇਨ੍ਹਾਂ ਵਿਦਿਆਰਥੀਆਂ ਨੂੰ ਸਦਾ ਹਰਾ ਦਿੰਦੀ ਸੀ।

ਸੰਨ ੧੮੯੩ ਵਿੱਚ, ਕੌਮਾਂਤਰੀ ਸਾਮਵਾਦੀ ਸੰਮੇਲਨ ਜ਼ਿਊਰਿਕ ਵਿੱਚ ਹੋਇਆ, ਤੇ ਉਸ ਵਿੱਚ ਰੋਜ਼ਾ ਭੀ ਸ਼ਾਮਿਲ ਹੋਈ। ਰੋਜ਼ਾ ਦੀ ਆਯੂ ਉਸ ਵੇਲੇ ਤੇਈਆਂ ਵਰਿਹਾਂ ਦੀ ਸੀ, ਪਰ ਉਸ ਦੀ ਵਿੱਦਵਤਾ ਤੇ ਸੰਜੀਦਗੀ ਦਾ ਪਰਭਾਵ ਸੰਸਾਰ ਭਰ ਦੇ ਇਕੱਤਰ ਹੋਏ ਹੋਏ ਸਾਮਵਾਦੀਆਂ ਤੇ ਅਜੇਹਾ ਪਿਆ, ਜੁ ਉਹਨਾਂ ਨੇ ਰੋਜ਼ਾ ਦਾ ਇਉਂ ਹੀ ਸਤਿਕਾਰ ਕੀਤਾ, ਜਿਵੇਂ ਕਿ ਉਹ ਕੋਈ ਪੁਰਾਣੀ ਕ੍ਰਾਂਤੀਕਾਰੀ ਹੁੰਦੀ ਹੈ। ਦੇਸ਼ਾਂ ਦੇਸ਼ਾਂ ਤੋਂ ਆਏ ਹੋਏ ਸਾਮਵਾਦੀ ਪ੍ਰਤਿਨਿਧਾ ਉੱਤੇ ਇਸ ਨੌਜਵਾਨ ਕੁੜੀ ਦੀ ਵਿਦਵਤਾ, ਉਸ ਦੀ ਗੰਭੀਰਤਾ, ਉਸ ਦੀ ਸੂਝ ਤੇ ਉਸ ਦੇ ਨਿਧੜਕ ਹੌਸਲੇ ਦਾ ਇਤਨਾ ਪ੍ਰਭਾਵ ਪਿਆ ਕਿ ਸਭ ਨੇ ਮੰਨ ਲਿਆ ਜੁ ਰੋਜ਼ਾ ਕੌਮਾਂਤ੍ਰੀ ਕਿਰਤੀਆਂ ਤੇ ਕਾਮਿਆਂ ਦੀ ਨੇਤਾ ਬਣਨ ਦੀ ਯੋਗਤਾ ਰਖਦੀ ਹੈ।

ਸੰਨ ੧੮੯੭ ਤਕ ਰੋਜ਼ਾ ਲਕਸਮਬਰਗ ਜ਼ੀਊਰਿਕ ਵਿਚ ਹੀ ਟਿਕੀ ਰਹੀ, ਪਰ ਫੇਰ ਆਪਣੀ ਪੀ. ਐਚ. ਡੀ. ਦੀ ਡਿਗਰੀ ਲੈਣ ਪਿਛੋਂ ਰੋਜ਼ਾ ਨੇ ਫ਼ੈਸਲਾ ਕਰ ਲਿਆ ਕਿ ਉਹ ਕਿਰਤੀਆਂ ਤੇ ਕਾਮਿਆਂ ਦੀ ਲਹਿਰ ਦੀ ਸਫਲਤਾ ਲਈ ਜਰਮਨੀ ਵਿਚ ਰਹਿ ਕੇ ਕੰਮ ਕਰੇਗੀ। ਪਿਛੇ ਦੱਸ ਆਏ ਹਾਂ, ਜੁ ਉਸ ਨੇ, ਇਸੇ ਮਤਲਬ ਲਈ, ਉਸ ਜਰਮਨ ਸ਼ਰਨਾਰਥੀ ਦੇ ਪੁੱਤਰ ਨਾਲ ਵਿਆਹ ਕਰ ਲਿਆ ਸੀ, ਜਿਸ ਦੇ ਘਰ ਰੋਜ਼ਾ ਜ਼ੀਊਰਿਕ ਵਿਚ ਪੋਲੈਂਡ ਤੋਂ ਨੱਸਣ ਪਿਛੋਂ ਰਹੀ ਸੀ। ਜਰਨਮੀ ਵਿੱਚ ਆਉਂਦਿਆਂ ਹੀ ਰੋਜ਼ਾ ਨੇ ਆਪਣੇ ਪਤੀ, ਜਿਸ ਦਾ ਨਾਮ ਕਿ ਲਿਊਬਕ (Lubeck) ਸੀ, ਨੂੰ ਤਲਾਕ ਦੇ ਦਿੱਤਾ। ਲਿਊਬਕ ਬੜਾ ਗਰਮ ਖ਼ਿਆਲੀਆ ਤੇ ਸਮਾਜ ਨਾਸ਼ਵਾਦੀਨ (Anarchist) ਸੀ, ਜੁ ਕਿ ਇਹ ਪਰਚਾਰ ਕਰਦੇ ਹਨ ਕਿ ਕੋਈ ਸਮਾਜਕ ਯਾ ਰਾਜਸੀ ਜਥੇਬੰਦੀ ਨਹੀਂ ਰਹਿਣ ਦੇਣੀ ਚਾਹੀਦੀ। ਰੋਜ਼ਾ ਅਜੇਹੇ ਸਮਾਜ ਨਾਸ਼ਵਾਦੀ ਸਿਧਾਂਤਾਂ ਨਾਲ ਕੋਈ ਸਿੱਧਾ ਯਾ ਪੁੱਠਾ ਸੰਬੰਧ ਨਹੀਂ ਸੀ ਰੱਖਣਾ ਚਾਹੁੰਦੀ, ਇਸ ਲਈ ਉਸ ਨੇ ਲਿਊਬਕ ਨੂੰ ਤਲਾਕ ਦੇ ਦੇਣਾ ਹੀ ਯੋਗ ਸਮਝਿਆ। ਰੋਜ਼ਾ ਨੇ ਜਰਮਨੀ ਵਿਚ ਜਾ ਕੇ ਕੰਮ ਕਰਨ ਦਾ ਸੰਕਲਪ ਕਿਉਂ ਕੀਤਾ? ਰੋਜ਼ਾ ਨੇ ਆਪ ਇਸ ਦਾ ਕਾਰਨ ਇਉਂ ਦੱਸਿਆ ਹੈ। ਉਸ ਨੇ ਆਪਣੇ ਇਕ ਲੇਖ ਵਿੱਚ ਲਿਖਿਆ : "ਕਾਮਿਆਂ ਤੇ ਕਿਰਤੀਆਂ ਨੇ ਜੋ

ਆਪਣੀ ਸੁਤੰਤਰਤਾ ਪ੍ਰਾਪਤ ਕਰਨ ਲਈ ਪਹਿਲਾ ਸੰਗਰਾਮ ਕੀਤਾ ਉਹ ਪੈਰਿਸ ਦਾ ਮੋਰਚਾ ਸੀ। ਇਸ ਯੁੱਧ ਦੇ ਦੂਜੇ ਮੋਰਚੇ ਦੀ ਰਾਹਨੁਮਾਈ ਜਰਮਨੀ ਦੇ ਕਿਰਤੀ ਕਰ ਰਹੇ ਹਨ। ਜਰਮਨੀ ਦੇ ਕਿਰਤੀਆਂ ਦੀ ਜਥੇਬੰਦੀ ਇਸ ਦੂਜੇ ਮੋਰਚੇ ਦਾ ਮੋਹਰੀ ਦਸਤਾ ਹੀ ਨਹੀਂ ਸਗੋਂ ਸੰਸਾਰ ਭਰ ਦੇ ਕਿਰਤੀਆਂ ਤੇ ਕਾਮਿਆਂ ਦੇ ਨੇਤਾ ਵੀ ਉਹੀ ਹਨ।" ਜਰਮਨੀ ਜਾਣ ਤੋਂ ਪਹਿਲਾਂ, ਰੋਜ਼ਾ ਕੁਛ ਚਿਰ ਫ਼ਰਾਂਸ ਵਿੱਚ ਰਹੀ, ਜਿਥੇ ਕਿ ਉਹ ਫਰਾਂਸ ਦੇ ਮੋਹਰੀ ਸਾਮਵਾਦੀਆਂ ਤੇ ਸਮਾਜਵਾਦੀਆਂ ਨੂੰ ਮਿਲਦੀ ਮਿਲਾਂਦੀ ਰਹੀ ਤੇ ਫਰਾਂਸ ਦੇ ਕਿਰਤੀਆਂ ਤੇ ਕਾਮਿਆਂ ਦੀ ਦਸ਼ਾ ਦਾ ਅਧਯਨ ਕਰਦੀ ਰਹੀ।

ਜਰਮਨੀ ਦੀ ਰਾਜਧਾਨੀ ਬਰਲਿਨ ਵਿੱਚ ਪੱਕਾ ਜੰਮ ਕੇ ਕੰਮ ਕਰਨਾ ਰੋਜ਼ਾ ਨੇ ਸੰਨ ੧੯੯੯ ਈਸਵੀ ਵਿੱਚ ਅਰੰਭਿਆ। ਇਸ ਵੇਲੇ, ਬਰਲਿਨ ਤੇ ਜਰਮਨੀ ਦੇ ਸਮਾਜਵਾਦੀਆਂ ਵਿਚ ਕਈ ਮਤਾਂਤਿਕ ਧੜੇ ਬਣੇ ਹੋਏ ਸੀ ਤੇ ਉਹਨਾਂ ਵਿਚ ਨਰਮ ਖਿਆਲੀਆਂ ਦਾ ਧੜਾ, ਸੁਧਾਰਕ ਜਥਾ (Revisionists) ਕਹਾਉਂਦਾ ਸੀ। ਇਨ੍ਹਾਂ ਸੁਧਾਰਕਾਂ ਦਾ ਮਤ ਇਹ ਸੀ ਜੁ ਹੁਣ ਸੰਸਾਰ ਦੇ ਹਾਲਾਤ ਪੰਜਾਹ ਸਾਲ ਪਹਿਲਾਂ ਨਾਲੋਂ ਬਦਲ ਗਏ ਹਨ, ਜਦੋਂ ਕਿ ਇਹ ਮਿਥਿਆ ਗਿਆ ਸੀ ਕਿ ਕਿਰਤੀਆਂ ਤੇ ਕਾਮਿਆਂ ਨੂੰ ਪੂੰਜੀਦਾਰਾਂ ਕੋਲੋਂ ਆਪਣੇ ਅਧਿਕਾਰ ਮਨਵਾਣ ਤੇ ਪ੍ਰਾਪਤ ਕਰਨ ਲਈ ਰਕਤ ਸਰਾਵ ਯਾ ਖ਼ੂਨ ਖਰਾਬਾ ਕਰਨਾ ਪਵੇਗਾ। ਸੁਧਾਰਕ ਕਹਿੰਦੇ ਸਨ, ਕਿ ਹੁਣ ਕਿਰਤੀਆਂ ਦੀ ਆਰਥਕ ਦਸ਼ਾ ਅਗੇ ਨਾਲੋਂ ਬਹੁਤ ਸੁਧਰ ਗਈ ਹੈ ਤੇ ਪੂੰਜੀਦਾਰ ਵੀ ਅਗੇ ਵਾਂਗੂ ਅਝੁਕ ਤੇ ਪੱਥਰ ਦਿਲ ਨਹੀਂ ਰਹੇ। ਹੁਣ ਕਿਰਤੀਆਂ ਤੇ ਕਾਮਿਆਂ ਨੂੰ ਕੇਵਲ ਜਥੇਬੰਦ ਹੋ ਕੇ, ਵੋਟਾਂ ਰਾਹੀਂ ਰਾਜਸੀ ਤਾਕਤ ਤੇ ਅਧਿਕਾਰ ਪ੍ਰਾਪਤ ਕਰਨੇ ਚਾਹੀਦੇ ਹਨ। ਹੋਰ ਕਿਸੇ ਕ੍ਰਾਂਤੀ ਯਾ ਰਕਤ ਸਰਾਵ ਦੀ ਹੁਣ ਲੋੜ ਨਹੀਂ ਹੈ।

ਰੋਜ਼ਾ ਨੇ ਆਪਣਾ ਸਾਰਾ ਤਾਣ ਇਹਨਾਂ ਸੁਧਾਰਕਾਂ ਦਾ ਵਿਰੋਧ ਕਰਨ ਤੇ ਇਹਨਾਂ ਖਿਆਲਾਂ ਦੀ ਕਾਟ ਕਰਨ ਉੱਤੇ ਲਾ ਦਿੱਤਾ। ਇਹਨਾਂ ਦਿਨਾਂ ਵਿਚ ਹੀ ਰੋਜ਼ਾ ਨੇ ਇਕ ਕਿਤਾਬਚਾ ਲਿਖ ਕੇ ਛਪਵਾਇਆ ਜਿਸ ਦਾ ਨਾਮ ਸੀ, "ਸਮਾਜਕ ਸੁਧਾਰ ਅਤੇ ਕ੍ਰਾਂਤੀ।" ਇਸ ਵਿੱਚ ਉਸ ਨੇ ਲਿਖਿਆ : "ਸੁਧਾਰਕ ਜੋ ਇਹ ਕਹਿੰਦੇ ਹਨ, ਕਿ ਭਲਮਣਸਊ ਤੇ ਪ੍ਰੇਮ ਪੂਰਵਕ ਵਾਰਤਾਲਾਪ ਨਾਲ ਕਿਰਤੀਆਂ ਤੇ ਕਾਮਿਆਂ ਨੂੰ ਆਪਣੇ ਸਭ ਅਧਿਕਾਰ ਪ੍ਰਾਪਤ ਹੋ ਜਾਣਗੇ, ਉਨ੍ਹਾਂ ਦਾ ਵਿਸ਼ਵਾਸ ਇਹ ਜਾਪਦਾ ਹੈ ਜੁ ਉਹ ਕੁਛ ਪੁੜੀਆਂ ਨਿੰਬੂ ਦੇ ਸਤ ਦੀਆਂ ਸਮੁੰਦਰ ਵਿਚ ਪਾ ਕੇ, ਸਾਰੇ ਸਾਰੇ ਸਾਗਰ ਨੂੰ ਲੈਮੋਨੇਡ ਯਾ ਨਿੰਬੂ ਪਾਣੀ ਬਣਾ ਲੈਣਗੇ, ਜਿਸ ਨੂੰ ਪੀ

ਪੀ ਸੰਸਾਰ ਭਰ ਦੇ ਕਾਮੇ ਆਪਣੀ ਤ੍ਰਿਖਾ ਦੀ ਤ੍ਰਿਪਤੀ ਕਰ ਸਕਣਗੇ।" ਇਉਂ ਸੁਧਾਰਕਾਂ ਦੀ ਖਿੱਲੀ ਉਡਾਕੇ ਰੋਜ਼ਾ ਨੇ ਅਗੇ ਜਾ ਕੇ ਇਕ ਅਜੇਹੀ ਗੱਲ ਲਿਖੀ, ਜੋ ਕਿ ਅੱਜ, ਪੰਜਾਹ ਸਾਲ ਪਿਛੋਂ ਵੀ, ਸੰਸਾਰ ਭਰ ਦੇ ਸਾਮਵਾਦੀਆਂ (Communists) ਤੇ ਸਮਾਜਵਾਦੀਆਂ (Socialists) ਵਿੱਚ ਇਕ ਗੰਭੀਰ ਸਚਾਈ ਮੰਨੀ ਜਾਂਦੀ ਹੈ। ਰੋਜ਼ਾ ਨੇ ਲਿਖਿਆ : "ਸੰਸਾਰ ਭਰ ਵਿਚ ਧਨ ਉਪਜਾਉਣ ਦੇ ਢੰਗ ਸਮਾਜਵਾਦੀ ਲੀਹਾਂ ਉੱਤੇ ਜਥੇਬੰਦ ਤੇ ਨਿਰਮਤ ਹੋ ਰਹੇ ਹਨ। ਪਰ ਪੂੰਜੀਵਾਦ ਸਮਾਜ ਅਜੇਹੀਆਂ ਸ਼ਾਸਨਿਕ ਤੇ ਰਾਜਸੀ ਸ਼ਕਲਾਂ ਨੂੰ ਜਨਮ ਦੇ ਰਿਹਾ ਹੈ, ਜਿਸ ਨਾਲ ਕਿ ਸਮਾਜਵਾਦ ਤੇ ਪੂੰਜੀਵਾਦ ਵਿਚਕਾਰ ਬੜੀਆਂ ਬੜੀਆਂ ਉਚੀਆਂ ਕੰਧਾਂ ਉਸਰ ਰਹੀਆ ਹਨ। ਇਹ ਕੰਧਾਂ ਸਮਾਜਕ ਸੁਧਾਰ ਜਾਂ ਪੰਚਾਇਤਵਾਦ (Democracy) ਦੀਆਂ ਪੌੜੀਆਂ ਲਾ ਕੇ ਨਹੀਂ ਟੱਪ ਹੋਣਗੀਆਂ। ਇਹ ਕੰਧਾਂ ਤਾਂ ਕ੍ਰਾਂਤੀ ਤੇ ਇਨਕਲਾਬ ਦੀ ਸਹਾਇਤਾ ਨਾਲ ਹੀ ਟੱਪ ਹੋਣਗੀਆ। ਹੋਰ ਕੋਈ ਦੂਜਾ ਰਾਹ ਨਹੀਂ ਹੈ।"

ਇਹ ਰੋਜ਼ਾ ਦੇ ਸਿਧਾਂਤ ਤੇ ਉਸ ਦੇ ਖਿਆਲਾਂ ਦੀ ਪ੍ਰਣਾਲੀ ਸੀ ਤੇ ਇਨ੍ਹਾਂ ਖ਼ਿਆਲਾਂ ਦੇ ਪ੍ਰਚਾਰ ਹਿਤ ਤੇ ਸੁਧਾਰਕਾਂ ਦੇ ਖ਼ਿਆਲਾਂ ਦਾ ਵਿਰੋਧ ਕਰਨ ਵਿੱਚ ਰੋਜ਼ਾ ਨੇ ਬਰਲਿਨ ਵਿਚ ਰਹਿੰਦਿਆਂ ਹੋਇਆਂ ਆਪਣਾ ਸਾਰਾ ਸਮਾਂ ਦੇਣਾ ਆਰੰਭ ਦਿੱਤਾ। ਉਹ ਬਰਲਿਨ ਦੇ ਮਸ਼ਹੂਰ ਸਮਾਜਵਾਦੀ ਦੈਨਿਕ ਪੱਤ੍ਰ, "ਵੋਰਵਾਰਟਸ", (Vorwarts) ਦੇ ਸੰਪਾਦਕੀ ਜੱਥੇ ਵਿੱਚ ਭਰਤੀ ਹੋ ਗਈ ਤੇ ਹਰ ਰੋਜ਼ ਬੜੇ ਵਿੱਦਵਤਾ ਭਰੇ ਲੇਖ, ਆਪਣੇ ਖ਼ਿਆਲਾਂ ਦੇ ਪ੍ਰਚਾਰ ਤੇ ਪ੍ਰੋੜਤਾ ਵਿੱਚ, ਲਿਖਣ ਲਗੀ।

ਜਨਵਰੀ, ਸੰਨ ੧੯੦੪ ਵਿੱਚ ਰੋਜ਼ਾ ਨੂੰ ਕੋਈ ਅਜੇਹਾ ਲੇਖ ਲਿਖਣ ਦੇ ਅਪ੍ਰਾਧ ਵਿਚ ਕੁਝ ਮਹੀਨਿਆਂ ਲਈ ਜੇਲ੍ਹ ਕੱਟਣੀ ਪਈ। ਉਨ੍ਹਾਂ ਦਿਨਾਂ ਵਿਚ ਹੀ ਰੋਜ਼ਾ ਰੂਸੀ ਇਨਕਲਾਬ ਦੇ ਮਹਾਨ ਨੇਤਾ, ਲੈਨਿਲ, ਨੂੰ ਪਹਿਲੀ ਵਾਰ ਮਿਲੀ। ਇਹਨਾਂ ਦਿਨਾਂ ਵਿੱਚ ਲੈਨਿਲ ਤੇ ਉਸ ਦੇ ਸਾਥੀ ਰੂਸ ਵਿਚੋਂ ਭੱਜੇ ਹੋਏ ਸਵਿਟਜ਼ਰਲੈਂਡ ਵਿੱਚ ਦਿਨ ਕਟੀ ਕਰ ਰਹੇ ਸਨ। ਰੋਜ਼ਾ ਦੇ ਲੈਨਿਨ ਤੇ ਉਸ ਦੇ ਸਾਥੀਆਂ ਨਾਲ ਕਈ ਸਿਧਾਂਤਿਕ ਮਤ ਭੇਦ ਹੋ ਗਏ, ਜਿਨ੍ਹਾਂ ਮਤ ਭੇਦਾਂ ਨੂੰ ਰੋਜ਼ਾ ਨੇ ਬਹਿਸਾਂ ਵਿੱਚ ਤੇ ਆਪਣੀਆਂ ਲਿਖਤਾਂ ਵਿੱਚ ਬੜੇ ਠਰੰਮੇਂ ਤੇ ਹੌਸਲੇ ਨਾਲ ਪ੍ਰਗਟ ਕੀਤਾ। ਪਰ ਜਦ ਲੈਨਿਨ ਤੇ ਉਸ ਦੇ ਸਾਥੀ ਸੰਨ ੧੯੧੭ ਵਿੱਚ ਵਾਪਸ ਰੂਸ ਵਿੱਚ ਪੁਜ ਗਏ, ਤੇ ਉਥੇ ਜਾ ਕੇ ਮਹਾਨ ਰੂਸੀ ਇਨਕਲਾਬ ਨੂੰ ਜਨਮ ਦਿੱਤਾ ਤੇ ਪਰਵਾਨ ਚੜ੍ਹਾਇਆ, ਤਾਂ ਰੋਜ਼ਾ ਨੇ, ਜਿਹੜੀ ਕਿ ਉਨ੍ਹਾਂ ਦਿਨਾਂ ਵਿੱਚ ਬਰਲਿਨ ਦੇ ਇਕ ਬੰਦੀ ਖ਼ਾਨੇ ਵਿੱਚ ਕੈਦ ਕੱਟ ਰਹੀ ਸੀ, ਲਿਖਿਆ :

"ਲੈਨਿਨ ਤੇ ਉਸ ਦੇ ਸਾਥੀ ਸਦਾ ਲਈ ਸੰਸਾਰ ਤੋਂ ਧੰਨਵਾਦ ਪਰਾਪਤ ਕਰਨ ਦੇ ਅਧਿਕਾਰੀ ਹਨ, ਜੁ ਉਹਨਾਂ ਨੇ ਸਮਾਜਵਾਦ ਦਾ ਅੰਤਮ ਤੇ ਅਚੱਲ ਆਦਰਸ਼ ਆਪਣੇ ਰਾਜਸੀ ਰੂਪ ਵਿੱਚ ਸਥਾਪਤ ਕਰ ਦਿੱਤਾ ਹੈ।"

ਇਉਂ, ਰੋਜ਼ਾ ਵਿਚ ਜਿਥੇ ਵੱਡੇ ਤੋਂ ਵੱਡੇ ਆਦਮੀ ਨਾਲ ਮੱਥਾ ਲਾਉਣ ਦਾ ਹੌਸਲਾ ਸੀ, ਉਥੇ ਉਸ ਦੇ ਗੁਣਾਂ ਦੀ ਪਰਸੰਸਾ ਕਰਨ ਦੀ ਵੀ ਖੁੱਲ-ਦਿਲੀ ਸੀ।

ਸੰਨ ੧੯੦੫ ਵਿਚ ਰੋਜ਼ਾ ਨੇ ਦੈਨਿਕ ਪੱਤਰ, 'ਵੋਰਵਾਰਟਸ' ਦੇ ਸੰਪਾਦਕੀ ਪਦ ਤੋਂ ਤਿਆਗ ਪੱਤਰ ਦੇ ਦਿੱਤਾ ਤੇ ਆਪਣਾ ਸਾਰਾ ਸਮਾਂ ਪੋਲੈਂਡ ਤੇ ਰੂਸ ਵਿੱਚ ਕਿਰਤੀਆਂ ਤੇ ਕਾਮਿਆਂ ਨੂੰ ਇਨਕਲਾਬ ਲਈ ਤਿਆਰ ਕਰਨ ਵਿਚ ਲਾਉਣ ਲਗੀ। ਸੰਨ ੧੯੦੬ ਵਿੱਚ ਪੁਲਸ ਨੂੰ ਰੋਜ਼ਾ ਦੀਆਂ ਸਰਗਰਮੀਆਂ ਦੀ ਸੂਹ ਲਗੀ ਤੇ ਉਸ ਨੂੰ ਪਕੜ ਕੇ ਉਸ ਉੱਤੇ ਮੁਕੱਦਮਾ ਚਲਾਇਆ ਗਿਆ ਅਤੇ ਰੋਜ਼ਾ ਨੂੰ ਅੱਠ ਸਾਲ ਲਈ ਰੂਸ ਦੇ ਕਾਲੇ ਪਾਣੀ, ਸਾਇਬੇਰੀਆ, ਵਿੱਚ ਕੈਦ ਦੀ ਸਜ਼ਾ ਮਿਲੀ। ਪਰ ਸਾਇਬੇਰੀਆ ਭੇਜੇ ਜਾਣ ਤੋਂ ਪਹਿਲਾਂ ਹੀ ਰੋਜ਼ਾ ਵਾਰਸਾ ਦੇ ਕੇਂਦਰੀ ਜੇਲ੍ਹਖਾਨੇ ਵਿਚੋਂ ਨੱਸ ਗਈ ਤੇ ਕੁਝ ਸਮੇਂ ਲਈ ਫਿੱਨਲੈਂਡ ਦੇਸ਼ ਵਿੱਚ ਪਨਾਹ ਲਈ ਰਖੀ। ਵਾਰਸਾ ਦਾ ਕੇਂਦਰੀ ਜੇਲ੍ਹਖਾਨਾ ਇਕ ਪੁਰਾਣਾ ਕਿਲ੍ਹਾ ਸੀ, ਜਿਸ ਵਿਚ ਕੈਦੀਆਂ ਦੀ ਰਹਿਣ ਬਹਿਣ ਦੀ ਦਸ਼ਾ ਬੜੀ ਦੁਖਦਾਈ ਸੀ। ਕੈਦੀ ਬੜੇ ਪੁਰਾਣੇ ਤੇ ਹਨੇਰੇ ਖੋਲ੍ਹਿਆਂ ਵਿੱਚ ਰਖੇ ਜਾਂਦੇ ਸਨ ਤੇ ਮੁਲਾਕਾਤ ਸਮੇਂ ਉਨ੍ਹਾਂ ਨੂੰ ਇਕ ਪਿੰਜਰੇ ਵਿੱਚ ਬੰਦ ਕਰ ਕੇ ਉਸ ਪਿੰਜਰੇ ਨੂੰ ਕਿਲ੍ਹੇ ਦੇ ਚੌਂਕ ਵਿੱਚ ਰੱਖ ਦਿੰਦੇ ਸਨ ਤੇ ਪਿੰਜਰੇ ਦੇ ਆਲੇ ਦੁਆਲੇ ਇਕ ਲੋਹੇ ਦਾ ਜੰਗਲਾ ਲਗਾ ਦਿੰਦੇ ਸਨ ਤਾਂ ਜੋ ਮੁਲਾਕਾਤੀ ਤੇ ਕੈਦੀ ਵਿਚਕਾਰ ਘਟੋ ਘਟ ਦੋ ਗਜ਼ ਦਾ ਫਾਸਲਾ ਰਹੇ। ਇਨ੍ਹਾਂ ਦਿਨਾਂ ਵਿਚ, ਜਦੋਂ ਰੋਜ਼ਾ ਵਾਰਸਾ ਦੇ ਬੰਦੀਖ਼ਾਨੇ ਵਿੱਚ ਕੈਦ ਸੀ ਤੇ ਕੁਝ ਮਹੀਨਿਆਂ ਪਿਛੋਂ ਰੋਜ਼ਾ ਨੂੰ ਸਾਇਬੇਰੀਆ ਦੀ ਚਾਲੀ ਪੈਣੀ ਸੀ ਤਾਂ ਰੋਜ਼ਾ ਨੇ ਭੁਖ ਹੜਤਾਲ ਕਰ ਦਿੱਤੀ। ਭੁੱਖ ਹੜਤਾਲ ਕੀਤਿਆਂ ਪੰਜ ਛੇ ਦਿਨ ਹੋ ਗਏ ਸਨ ਜੁ ਰੋਜ਼ਾ ਦਾ ਭਰਾ ਉਸ ਨੂੰ ਜੇਲ ਖ਼ਾਨੇ ਵਿੱਚ ਮਿਲਣ ਆਇਆ। ਦਸਤੂਰ ਮੁਤਾਬਕ ਰੋਜ਼ਾ ਨੂੰ ਪਿੰਜਰੇ ਵਿੱਚ ਪਾ ਕੇ ਕਿਲ੍ਹੇ ਦੇ ਅੰਦਰ ਚੌਂਕ ਵਿਚ ਲਿਆਂਦਾ ਗਿਆ ਤਾਂ ਉਹ ਭੁਖ ਦੇ ਕਾਰਨ ਇਤਨੀ ਕਮਜ਼ੋਰ ਹੋ ਚੁੱਕੀ ਸੀ ਜੁ ਉਸ ਲਈ ਪਿੰਜਰੇ ਵਿਚ ਖੜਾ ਹੋਣਾ ਹੀ ਅਸੰਭਵ ਸੀ। ਪਰ ਰੋਜ਼ਾ ਇਹ ਨਹੀਂ ਸੀ ਚਾਹੁੰਦੀ ਜੁ ਉਸ ਦਾ ਭਰਾ ਉਸ ਦੀ ਇਸ ਕਮਜ਼ੋਰੀ ਨੂੰ ਤਕੇ। ਰੋਜ਼ਾ ਨੇ ਬੜੇ ਹੌਸਲੇ ਨਾਲ ਪਿੰਜਰੇ ਦੀਆਂ ਸਲਾਖਾਂ ਨੂੰ ਘੁੱਟ ਕੇ ਫੜ ਲਿਆ ਤੇ ਹੱਸ ਕੇ ਆਪਣੇ ਭਰਾ ਨੂੰ ਆਖਿਆ :

"ਕਿਉਂ ਵੀਰ, ਤੈਨੂੰ ਉਹ ਦਿਨ ਯਾਦ ਨਹੀਂ ਆਉਂਦੇ ਜਦੋਂ ਅਸੀਂ ਚਿੜੀਆ ਘਰ ਦੇਖਣ ਜਾਂਦੇ ਹੁੰਦੇ ਸੀ ਤੇ ਉਥੇ ਜਾਨਵਰ ਮੇਰੇ ਵਾਂਗਰ ਹੀ ਪਿੰਜਰਿਆਂ ਵਿਚ ਬੰਦ ਹੁੰਦੇ ਸਨ?"

ਇਤਨੇ ਹੌਸਲੇ ਤੇ ਧੀਰਜ ਵਾਲੀ ਰੋਜ਼ਾ ਲਕਸਮਬਰਗ ਸੀ।

ਸੰਨ ੧੯੧੦ ਵਿਚ ਰੋਜ਼ਾ ਜਰਮਨੀ ਵਿੱਚ ਮੁੜ ਆਈ ਤਾਂ ਸਮਾਜਵਾਦੀ ਜਥੇ ਨੇ ਉਸ ਨੂੰ ਇਕ ਪਾਠਸ਼ਾਲਾ ਵਿਚ, ਜੋ ਕਿ ਪਾਰਟੀ ਵਿੱਚ ਕੰਮ ਕਰਨ ਵਾਲਿਆਂ ਨੂੰ ਸਿਖਿਆ ਦੇਣ ਲਈ ਖੋਲ੍ਹੀ ਹੋਈ ਸੀ, ਅਧਿਆਪਕਾ ਲਗਾ ਦਿੱਤਾ। ਉਸ ਪਾਠਸ਼ਾਲਾ ਵਿਚ ਰੋਜ਼ਾ ਕੁਛ ਵਰ੍ਹੇ ਆਰਥਿਕ ਵਿਦਿਆ ਉੱਤੇ ਲੈਕਚਰ ਦਿੰਦੀ ਰਹੀ। ਜੋ ਉਸ ਕੋਲੋਂ ਉਹਨਾਂ ਦਿਨਾਂ ਵਿਚ ਪੜ੍ਹੇ ਉਹ ਦੱਸਦੇ ਹਨ, ਜੁ ਰੋਜ਼ਾ ਇਕ ਬੜੀ ਵਿਦਵਾਨ ਤੇ ਚਤੁਰ ਅਧਿਆਪਕਾ ਸੀ। ਉਹਨਾਂ ਦਿਨਾਂ ਵਿਚ ਰੋਜ਼ਾ ਨੇ ਆਰਥਿਕ ਵਿਦਿਆ ਉੱਤੇ ਇਕ ਪੁਸਤਕ ਲਿਖੀ ਜਿਸ ਦਾ ਕਿ ਸਿਰਨਾਵਾਂ ਸੀ : "ਪੂੰਜੀ ਸੰਗ੍ਰਹਿ"। ਕਈਆਂ ਸਮਾਜਵਾਦ ਦੇ ਸਿਧਾਂਤ ਦੇ ਵਿਦਵਾਨਾਂ ਦੀ ਰਾਏ ਹੈ ਜੁ ਇਹ ਪੁਸਤਕ, ਇਸ ਵਿਸ਼ੇ ਉੱਤੇ ਲਿਖੀ ਹੋਈ ਮਾਰਕਸ ਦੀ ਜਗਤ ਪ੍ਰਸਿੱਧ ਪੁਸਤਕ, "ਪੂੰਜੀ", ਦੇ ਪਾਏ ਦੀ ਹੈ।

ਸੰਨ ੧੯੧੪ ਤੋਂ ਕਈ ਵਰ੍ਹੇ ਪਹਿਲੋਂ ਹੀ ਵਿਸ਼ਵ-ਵਿਆਪੀ ਯੁੱਧ ਦੀ ਸੰਭਾਵਨਾ ਬਾਰੇ ਯੂਰਪ ਦੇ ਚਿੰਤਕਾਂ ਵਿੱਚ ਬਹੁਤ ਚਰਚਾ ਸੀ। ਸੰਨ ੧੯੦੯ ਵਿੱਚ, ਕੌਮਾਂਤ੍ਰੀ ਸਮਾਜਵਾਦੀਆਂ ਦੇ ਸੰਮੇਲਨ ਵਿੱਚ, ਜੋ ਕਿ ਜਰਮਨੀ ਵਿਚ ਇਕੱਤ੍ਰ ਹੋਇਆ, ਰੋਜ਼ਾ ਨੇ ਇਕ ਮਤਾ ਪੇਸ਼ ਕੀਤਾ ਜੋ ਪਾਸ ਹੋ ਗਿਆ, ਕਿ ਕਾਮੇਂ ਤੇ ਕਿਰਸਾਣ ਕੌਮਾਂਤਰੀ ਯੁੱਧ ਤੇ ਸਾਮਰਾਜ ਦੀ ਡੱਟ ਕੇ ਵਿਰੋਧਤਾ ਕਰਨ। ਰੋਜ਼ਾ ਜਰਮਨੀ ਦੇ ਕਾਮਿਆਂ ਨੂੰ ਯੁੱਧ ਦੀ ਵਿਰੋਧਤਾ ਕਰਨ, ਤੇ ਫੌਜ ਵਿੱਚ ਭਰਤੀ ਹੋਣ ਤੋਂ ਇਨਕਾਰ ਕਰ ਦੇਣ ਲਈ ਦਿਨ ਰਾਤ ਪ੍ਰੇਰਨਾ ਕਰਨ ਲੱਗੀ। ਅਗਸਤ, ਸੰਨ ੧੯੧੩ ਵਿਚ, ਬਰਲਿਨ ਦੀ ਪੁਲਸ ਨੇ ਰੋਜ਼ਾ ਨੂੰ ਯੁੱਧ ਦੇ ਵਿਰੁਧ ਪ੍ਰਚਾਰ ਕਰਨ ਦੇ ਦੋਸ਼ ਵਿਚ ਫੜ ਲਿਆ ਤੇ ਉਸ ਉੱਤੇ ਫੌਜਾਂ ਵਿੱਚ ਗ਼ਦਰ ਮਚਾਉਣ ਦਾ ਦੂਸ਼ਨ ਲਾ ਕੇ ਮੁਕੱਦਮਾ ਚਲਾਇਆ। ਜਦੋਂ ਸਰਕਾਰੀ ਵਕੀਲ ਉਸ ਦੇ ਵਿਰੁੱਧ ਅਦਾਲਤ ਵਿਚ ਬਹਿਸ ਕਰਨ ਲੱਗਾ ਤਾਂ ਰੋਜ਼ਾ ਨੇ ਉਸ ਨੂੰ ਵਿਚੋਂ ਟੋਕ ਕੇ ਆਖਿਆ "ਸ੍ਰੀਮਾਨ ਜੀ ਇਹ ਗੱਦਰ ਦਾ ਨਾਮ ਕਿਉਂ ਘੜੀ ਮੁੜੀ ਲੈਂਦੇ ਹੋ? ਨਾ ਤਾਂ ਅਜੇ ਕੋਈ ਯੁੱਧ ਹੀ ਹੋ ਰਿਹਾ ਹੈ ਤੇ ਨਾ ਹੀ ਮੈਂ ਕਿਸੇ ਫੌਜੀ ਨੂੰ ਕੋਈ ਪ੍ਰੇਰਨਾ ਕੀਤੀ ਹੈ।" ਪਰ ਆਪਣੇ ਬਿਆਨ ਵਿਚ ਰੋਜ਼ਾ ਨੇ ਮੰਨ ਲਿਆ ਕਿ ਜੋ ਪ੍ਰਚਾਰ ਯੁੱਧ ਦੇ ਵਿਰੁੱਧ ਉਹ ਕਾਮਿਆਂ ਵਿਚ ਕਰਦੀ ਰਹੀ ਹੈ, ਜੇ ਕਾਮਿਆਂ ਦੇ ਥਾਂ ਫੌਜੀ ਸਪਾਹੀ ਉਸ ਦੇ

ਸਰੋਤਾ ਹੁੰਦੇ ਤਾਂ ਵੀ ਉਹ ਇੰਨ ਬਿੰਨ ਉਹੋ ਪ੍ਰਚਾਰ ਕਰਦੀ। ਰੋਜ਼ਾ ਨੂੰ ਇਕ ਸਾਲ ਦੀ ਕੈਦ ਹੋ ਗਈ, ਪਰ ਉਸ ਨੂੰ ਜੇਲਖਾਨੇ ਜਾਣ ਲਈ ਸੰਨ ੧੯੧੫ ਵਿੱਚ ਕਿਹਾ ਗਿਆ ਜਦੋਂ ਕਿ ਵਿਸ਼ਵ-ਵਿਆਪੀ ਯੁੱਧ ਛਿੜ ਚੁੱਕਾ ਸੀ। ਸੰਨ ੧੯੧੪ ਤੋਂ ਲੈ ਕੇ ਸੰਨ ੧੯੧੯ ਤਕ ਇਹ ਪਹਿਲਾ ਵਿਸ਼ਵ-ਵਿਆਪੀ ਯੁੱਧ ਹੁੰਦਾ ਰਿਹਾ। ਇਸ ਸਮੇਂ ਵਿਚ ਰੋਜ਼ਾ ੩ ਸਾਲ ਤੇ ੫ ਮਹੀਨੇ ਜੇਲ੍ਹ ਵਿੱਚ ਰਹੀ। ਆਪਣੇ ਬੰਦੀ ਦੇ ਦਿਨਾਂ ਵਿਚ ਰੋਜ਼ਾ ਇਸ ਗਲੋਂ ਬੜੀ ਦੁਖੀ ਸੀ ਕਿ ਉਹ ਆਪਣੇ ਸਾਥੀਆਂ ਨਾਲ ਮਿਲਕੇ, ਬਾਹਰ ਕਾਮਿਆਂ ਤੇ ਕਿਰਤੀਆਂ ਵਿੱਚ ਕੰਮ ਕਰਨ ਤੋਂ ਅਸਮਰਥ ਹੈ। ਬੰਦੀਖਾਨੇ ਵਿਚ ਉਸ ਦਾ ਸਰੀਰ ਤਾਂ ਪ੍ਰਾਧੀਨ ਸੀ, ਪਰ ਉਸ ਦਾ ਮਨ ਸਦਾ ਵਾਂਗਰ ਚੇਤੰਨ ਸੀ। ਸੰਨ ੧੯੧੫ ਵਿਚ ਉਸ ਨੇ ਇਕ ਚਿਠੀ ਆਪਣੇ ਇਕ ਸਾਥੀ ਨੂੰ ਲਿਖੀ, ਜਿਸ ਵਿਚ ਕਿਹਾ :

"ਇਕ ਗੱਲ ਨਿਸ਼ਚਿਤ ਜਾਣੋਂ, ਕੁ ਇਹ ਵਿਸ਼ਵ ਵਿਆਪੀ ਯੁੱਧ ਸਰਬ ਸੰਸਾਰ ਦੀ ਤਵਾਰੀਖ਼ ਵਿਚ ਇਕ ਮਹਾਨ ਸੰਗ ਮੀਲ ਹੈ।"

ਇਸ ਬੰਦੀਖਾਨੇ ਵਿਚ ਹੀ ਰੋਜ਼ਾ ਨੇ ਪ੍ਰਸਿੱਧ ਰੂਸੀ ਲਿਖਾਰੀ ਕੋਰੋਲੈਂਕੋ (Korolanko) ਦੀਆਂ ਪੁਸਤਕਾਂ ਨੂੰ ਜਰਮਨ ਬੋਲੀ ਵਿੱਚ ਉਲਥਾਇਆ। ਮਾਰਚ ੧੯੧੯ ਵਿਚ ਰੋਜ਼ਾ ਨੂੰ ਬੰਦੀਖਾਨੇ ਵਿਚੋਂ ਮੁਕਤੀ ਮਿਲੀ ਪਰ ੧੯੧੭ ਵਿੱਚ ਯੁੱਧ ਦੇ ਬਰਖ਼ਲਾਫ਼ ਮੁਜ਼ਾਹਿਰਾ ਕਰਨ ਦੇ ਦੋਸ਼ ਵਿੱਚ ਉਸ ਨੂੰ ਫੇਰ ਫੜ ਲਿਆ ਗਿਆ। ੯ ਨਵੰਬਰ ਸੰਨ ੧੯੧੮ ਨੂੰ ਜਰਮਨੀ ਵਿੱਚ ਲੋਕ ਰਾਜ ਦੀ ਨੀਂਹ ਰੱਖੀ ਗਈ ਤੇ ਸਾਰੇ ਰਾਜਸੀ ਕੈਦੀ ਛੱਡ ਦਿੱਤੇ ਗਏ, ਜਿਨ੍ਹਾਂ ਵਿੱਚ ਰੋਜ਼ਾ ਲਕਸਮਬਰਗ ਵੀ ਛੱਡੀ ਗਈ। ਉਸ ਵੇਲੇ ਜਰਮਨੀ ਵਿੱਚ ਬੜੀ ਹਫੜਾ ਦਫੜੀ ਪਈ ਹੋਈ ਸੀ। ਸਮਾਜਵਾਦੀਆਂ ਦੇ ਜਥੇ ਨੇ ਮਤਾ ਕੀਤਾ ਕੁ ਇਨਕਲਾਬ ਲਿਆਂਦਾ ਜਾਵੇ ਤੇ ਹਕੂਮਤ ਉੱਤੇ ਕਬਜ਼ਾ ਕਰ ਲਿਆ ਜਾਵੇ। ਰੋਜ਼ਾ ਨੇ ਇਸ ਮਤੇ ਦੀ ਵਿਰੋਧਤਾ ਕੀਤੀ, ਪਰ ਬਹੁ ਸੰਮਤੀ ਇਨਕਲਾਬ ਦੇ ਹੱਕ ਵਿਚ ਸੀ। ਪਰ ਅੰਤ ਨੂੰ ਓਹੋ ਹੋਇਆ ਜੋ ਰੋਜ਼ਾ ਕਹਿੰਦੀ ਸੀ ਕਿ ਹੋਵੇਗਾ। ਇਨਕਲਾਬ ਸਫਲ ਨਾ ਹੋ ਸਕਿਆ ਤੇ ਬਹੁਤ ਸਾਰੇ ਰਕਤ-ਸਰਾਵ ਪਿਛੋਂ ਇਨਕਲਾਬ ਨੂੰ ਦਬਾ ਦਿੱਤਾ ਗਿਆ ਤੇ ਇਨਕਲਾਬ ਕਰਨ ਵਾਲੇ ਆਗੂਆਂ ਦੀ ਪਕੜਾ ਪਕੜੀ ਆਰੰਭ ਹੋ ਗਈ। ਰੋਜ਼ਾ ਦੀ ਦਸ਼ਾ ਇਸ ਸਮੇਂ ਬੜੀ ਖ਼ਤਰਾ ਭਰਪੂਰ ਸੀ। ਆਪਣੇ ਸਾਥੀਆਂ ਨੂੰ ਛੱਡ ਕੇ ਉਹ ਬਰਲਿਨ ਤੋਂ ਬਾਹਰ ਜਾਣਾ ਨਹੀਂ ਸੀ ਚਾਹੁੰਦੀ ਤੇ ਬਰਲਿਨ ਵਿਚ ਟਿਕੇ ਰਹਿਣ ਨਾਲ ਪੁਲਸ ਦਾ ਉਸ ਨੂੰ ਇਨਕਲਾਬੀਆਂ ਦਾ ਆਗੂ ਸਮਝ ਕੇ ਫੜ ਲੈਣਾ ਨਿਸ਼ਚੇ ਸੀ। ਅੰਤ ਨੂੰ ਏਵੇਂ ਹੀ ਹੋਇਆ। ਕੁਝ ਦਿਨਾਂ ਪਿਛੋਂ ਹੀ, ਰੋਜ਼ਾ ਦੀ ਲੁਕਣ ਵਾਲੀ

ਬਾਂ ਦਾ ਫੌਜੀ ਪੁਲਸੀਆਂ ਨੂੰ ਪਤਾ ਲੱਗ ਗਿਆ ਤੇ ਫੌਜੀਆਂ ਨੇ ਰੋਜ਼ਾ ਨੂੰ ਗ੍ਰਿਫ਼ਤਾਰ ਕਰ ਲਿਆ। ਰੋਜ਼ਾ ਨੇ ਸਮਝਿਆ ਜੁ ਉਹ ਕੁਝ ਸਾਲਾਂ ਲਈ ਹੋਰ ਜੇਲ੍ਹ ਖਾਨੇ ਭੇਜ ਦਿਤੀ ਜਾਵੇਗੀ। ਉਸ ਨੇ ਫੌਜੀਆਂ ਨਾਲ ਜਾਣ ਤੋਂ ਪਹਿਲਾਂ ਆਪਣੇ ਕਪੜਿਆਂ ਦਾ ਬਕਸਾ ਵੀ ਨਾਲ ਲੈ ਲਿਆ। ਫੌਜੀ ਉਸ ਨੂੰ ਆਪਣੇ ਹੈੱਡ ਕੁਆਟਰ ਵਿੱਚ ਲੈ ਗਏ ਤੇ ਕੁਛ ਚਿਰ ਉਸ ਕੋਲੋਂ ਪੁਛ ਗਿਛ ਕਰਦੇ ਰਹੇ। ਫੇਰ ਉਸ ਨੂੰ ਕਿਹਾ, ਚਲ ਬਾਹਰ ਮੋਟਰ ਵਿੱਚ ਬੈਠ, ਤੈਨੂੰ ਕਿਤੇ ਹੋਰ ਲੈ ਜਾਣਾ ਹੈ। ਜਦੋਂ ਰੋਜ਼ਾ ਉਹਨਾਂ ਫੌਜੀਆਂ ਨਾਲ ਮੋਟਰ ਵੱਲ ਨੂੰ ਚੱਲੀ ਤਾਂ ਆਪਣੇ ਕੁੱਬ ਦੇ ਕਾਰਨ ਕੁਛ ਪਛੜ ਗਈ। ਅਜੇ ਮੋਟਰ ਕੋਲ ਪਹੁੰਚੀ ਨਹੀਂ ਸੀ, ਜੁ ਰੋਜ਼ਾ ਦੇ ਪਿਛੇ ਪਿਛੇ ਆ ਰਹੇ ਸੰਤਰੀ ਨੇ ਬੰਦੂਕ ਦਾ ਕੁੰਦਾ ਰੋਜ਼ਾ ਦੇ ਸਿਰ ਵਿਚ ਮਾਰਿਆ। ਰੋਜ਼ਾ ਬੇਹੋਸ਼ ਹੋ ਕੇ ਡਿਗ ਪਈ ਤਾਂ ਉਸ ਨੂੰ ਧੂਹ ਕੇ ਮੋਟਰ ਵਿਚ ਪਾ ਲਿਆ ਗਿਆ। ਕੁਛ ਫਰਲਾਂਗ ਅਜੇ ਜਾ ਕੇ ਰੋਜ਼ਾ ਥੋਹੜਾ ਜਿਹਾ ਹਿੱਲੀ ਤਾਂ ਇਕ ਫੌਜੀ ਅਫ਼ਸਰ ਨੇ ਪਸਤੌਲ ਦੀ ਗੋਲੀ ਉਸ ਦੇ ਸਿਰ ਵਿੱਚ ਮਾਰੀ ਤੇ ਅਗੇ ਜਾ ਕੇ ਰੋਜ਼ਾ ਦੀ ਲਾਸ਼ ਨੂੰ ਬਰਲਿਨ ਸ਼ਹਿਰ ਦੀ ਇਕ ਨਹਿਰ ਵਿੱਚ ਸੁੱਟ ਦਿੱਤਾ।

ਇਉਂ ਇਕ ਬੜੀ ਵਿਦਵਾਨ ਪੰਡਿਤਾ, ਮਹਾਨ ਕ੍ਰਾਂਤੀਕਾਰੀ ਇਸਤ੍ਰੀ ਨੂੰ ਕਤਲ ਕਰ ਦਿੱਤਾ ਗਿਆ। ਕਈਆਂ ਸੋਝੀਵਾਨਾਂ ਦਾ ਇਹ ਵਿਚਾਰ ਹੈ ਜੁ ਜੇ ਰੋਜ਼ਾ ਲਕਸਮਬਰਗ ਨੂੰ ਇਉਂ ਮਾਰ ਨਾ ਦਿੱਤਾ ਜਾਂਦਾ ਤਾਂ ਸੰਨ ੧੯੧੯ ਤੋਂ ਅਗਲੇ ਸਾਲਾਂ ਵਿੱਚ ਜਰਮਨੀ ਦਾ ਸਮਾਜਵਾਦੀ ਜਥਾ ਇਕ ਦੂਰਦਰਸ਼ੀ ਨੇਤਾ ਦੀ ਅਗਵਾਈ ਤੋਂ ਵਾਂਝਿਆਂ ਨਾ ਰਹਿੰਦਾ, ਤੇ ਹਿਟਲਰ ਜਰਮਨੀ ਦੇ ਰਾਜ ਸੰਘਾਸਨ ਉੱਤੇ ਕਬਜ਼ਾ ਨਾ ਕਰ ਸਕਦਾ, ਤੇ ਦੂਜਾ ਵਿਸ਼ਵ-ਵਿਆਪੀ ਯੁੱਧ ਨਾ ਹੁੰਦਾ। ਇਉਂ ਸੰਸਾਰ ਦੀ ਤਵਾਰੀਖ ਹੀ ਅੱਜ ਨਾਲੋਂ ਵੱਖਰੀ ਹੁੰਦੀ।

ਸ਼ੰਕ੍ਰਾਚਾਰੀਆ

ਆਚਾਰੀਆ ਕਹਿੰਦੇ ਹਨ, ਮਹਾਨ ਸਿਖਿਆ ਦੇਣ ਵਾਲੇ ਨੂੰ, ਜਿਸ ਦੀ ਸਿਖਿਆ ਨੂੰ ਮੰਨ ਕੇ ਲੋਕ ਉਸ ਸਿਖਿਆ ਉੱਤੇ ਤੁਰ ਪੈਣ। ਉਂਜ, ਆਚਾਰੀਆ ਉਹ ਹੈ ਜੋ ਵੇਦਾਂ ਸ਼ਾਸਤ੍ਰਾਂ ਦੀ ਕੋਈ ਅਜੇਹੀ ਵਿਆਖਿਆ ਕਰੇ, ਜੋ ਪ੍ਰਮਾਣੀਕ ਮੰਨੀ ਜਾਵੇ ਤੇ ਉਸ ਵਿਆਖਿਆ ਨੂੰ ਸਹੀ ਮੰਨ ਕੇ, ਲੋਕ ਉਸ ਦਾ ਪ੍ਰਚਾਰ ਪੀੜ੍ਹੀਓ ਪੀੜ੍ਹੀ ਜਾਰੀ ਰੱਖਣ। ਸਾਡੇ ਦੇਸ਼ ਦਾ ਧਰਮ ਤੇ ਆਚਾਰ ਹਿੰਦੂ ਮਤ ਦੇ ਮਹਾਨ ਪੁਸਤਕ, ਵੇਦਾ ਸ਼ਾਸਤ੍ਰਾਂ ਵਿੱਚ ਦਿੱਤੇ ਗਿਆਨ ਉੱਤੇ ਨਿਰਭਰ ਹੈ। ਇਨ੍ਹਾਂ ਵੇਦਾਂ ਸ਼ਾਸਤ੍ਰਾਂ ਦਾ ਰਚਨ ਕਾਲ ਈਸਵੀ ਸੰਮਤ ਦੇ ਆਰੰਭ ਤੋਂ ਕਈ ਪੰਦਰਾਂ ਸੌ ਸਾਲ ਪਹਿਲਾਂ ਤੋਂ ਲੈ ਕੇ, ਕੋਈ ਇਕ ਹਜ਼ਾਰ ਵਰ੍ਹੇ ਦਾ ਸਮਾਂ ਮੰਨਦੇ ਹਨ। ਮਸੀਹੀ ਸੰਮਤ, ਯਾ ਈਸਵੀ ਸੰਨ ਦੇ ਆਰੰਭ ਤੋਂ ਕੋਈ ਪੰਜ ਸੌ ਵਰ੍ਹੇ ਪਹਿਲਾਂ ਭਾਰਤ ਵਿਚ ਮਹਾਨ ਬੁਧ ਮਤ ਦਾ ਭਰਪੂਰ ਪ੍ਰਭਾਵ ਹਿੰਦੁਸਤਾਨ ਵਿੱਚ ਕਈ ਹਜ਼ਾਰ ਵਰ੍ਹਾ ਰਿਹਾ। ਛੇਵੀਂ ਸਦੀ ਈਸਵੀ ਤੋਂ ਲੈ ਕੇ, ਦਸਵੀਂ ਸਦੀ ਈਸਵੀ ਤਕ ਦਾ, ਪੰਜ ਸੌ ਵਰ੍ਹੇ ਦਾ ਸਮਾਂ, ਸਾਡੇ ਦੇਸ਼ ਵਿੱਚ ਵੇਦਾਂ ਸ਼ਾਸਤ੍ਰਾਂ ਦੇ ਬ੍ਰਾਹਮਣੀ ਮਤ ਦੇ ਮੁੜ ਪ੍ਰਕਾਸ਼ ਤੇ ਪ੍ਰਚਾਰ ਹੋਣ ਦਾ ਹੈ। ਦਸਵੀਂ ਸਦੀ ਈਸਵੀ ਦੇ ਅੰਤ ਵਿਚ ਉੱਤਰ ਪੱਛਮ ਵਲੋਂ ਮੁਸਲਮਾਨਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ, ਜਿਸ ਦਾ ਸਿੱਟਾ ਇਹ ਹੋਇਆ ਕਿ ਹਿੰਦੁਸਤਾਨੀਆਂ ਦੀ ਧਾਰਮਿਕ ਤੇ ਸਮਾਜਕ ਪ੍ਰਣਾਲੀ ਦੀ ਕਾਇਆ ਹੀ ਪਲਟ ਗਈ। ਮੁਸਲਮਾਨਾਂ ਦੇ ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਜੋ ਪੰਜ ਸੌ ਸਾਲ ਬੀਤੇ, ਉਹ ਭਾਰਤ ਵਾਸੀਆਂ ਦੇ ਧਾਰਮਿਕ ਖ਼ਿਆਲਾਂ ਵਿੱਚ ਪਰੀਵਰਤਨ ਦੇ ਦ੍ਰਿਸ਼ਟੀਕੋਣ ਤੋਂ ਬੜੇ ਗੌਰਵ ਮਈ ਤੇ ਮਨੋਰੰਜਕ ਹਨ। ਇਹ ਸਮਾਂ, ਛੇਵੀਂ ਸਦੀ ਦੇ ਅੰਤ ਤੋਂ ਲੈ ਕੇ ਬਾਹਰਵੀਂ ਸਦੀ ਦੇ ਆਰੰਭ ਤਕ, ਆਚਾਰੀਆ-ਕਾਲ ਕਹਿਣ ਯੋਗ ਹੈ। ਇਸ ਸਮੇਂ ਵਿੱਚ ਭਾਰਤ ਵਿੱਚ ਤਿੰਨ ਮਹਾਨ ਆਚਾਰੀਆਂ ਨੇ ਜਨਮ ਲਿਆ, ਜਿਹਨਾਂ ਨੇ ਵੇਦਾਂ ਸ਼ਾਸਤਰਾਂ ਦੀ ਅਜੇਹੇ ਢੰਗ ਨਾਲ ਵਿਆਖਿਆ ਕੀਤੀ, ਜੁ ਉਹਨਾਂ ਦੀ ਸਿਖਿਆ ਦਾ ਬੜਾ ਡੂੰਘਾ ਤੇ ਮਹਾਨ ਪਰਭਾਵ ਹਿੰਦੁਸਤਾਨ ਦੇ

ਲੋਕਾਂ ਦੇ ਧਾਰਮਿਕ ਜੀਵਨ ਉੱਤੇ ਪਿਆ। ਇਹ ਤਿੰਨ ਮਹਾਨ ਅਚਾਰੀਆ ਹਨ, ਸ਼ੰਕਰ, ਰਾਮਾਨੁਜ ਤੇ ਮਾਧਵਾ। ਸ਼ੰਕਰ ਅੱਠਵੀਂ ਸਦੀ, ਰਾਮਾਨੁਜ ਗਿਆਰਵੀਂ ਤੇ ਮਾਧਵ ਬਾਹਰਵੀਂ ਸਦੀ ਦੇ ਆਰੰਭ ਵਿਚ ਹੋਏ ਹਨ। ਹਿੰਦੁਸਤਾਨ ਵਿੱਚ ਵੱਸਣ ਵਾਲੇ ਸਭ ਹਿੰਦੂਆਂ ਉੱਤੇ ਇਹਨਾਂ ਤਿੰਨਾਂ ਆਚਾਰੀਆਂ ਵਿਚੋਂ ਕਿਸੇ ਨਾ ਕਿਸੇ ਦਾ ਪ੍ਰਭਾਵ ਉਹਨਾਂ ਦੇ ਧਾਰਮਿਕ ਵਿਚਾਰਾਂ ਉੱਤੇ ਹੈ ਤੇ ਯੂਰਪ ਦੇ ਵਿਦਵਾਨ ਭੀ ਇਹਨਾਂ ਆਚਾਰੀਆਂ ਦੇ ਖ਼ਿਆਲਾਂ ਨੂੰ ਬੜੀ ਦਿਲਚਸਪੀ ਨਾਲ ਪੜ੍ਹਦੇ ਤੇ ਵਿਚਾਰਦੇ ਹਨ।

ਇਨ੍ਹਾਂ ਤਿੰਨਾਂ ਆਚਾਰੀਆਂ ਵਿਚੋਂ ਸ਼ੰਕਰਾਚਾਰੀਆ ਪ੍ਰਿਥਮ ਆਚਾਰੀਆ ਹੈ, ਜਿਸ ਦਾ ਜਨਮ ਸੰਨ ੭੮੮ ਈਸਵੀ ਦਾ ਮੰਨਿਆ ਜਾਂਦਾ ਹੈ। ਉਂਜ ਕਈ ਇਸ ਦਾ ਜਨਮ ਦੋ ਸੌ ਵਰ੍ਹੇ ਪਹਿਲਾਂ ਦਾ ਵੀ ਮੰਨਦੇ ਹਨ, ਪਰ ਵਧੇਰੇ ਪ੍ਰਮਾਣੀਕ ਜਨਮ ਸੰਮਤ ਹੁਣ ੭੮੮ ਈਸਵੀ ਹੀ ਸਿਧ ਹੋਇਆ ਹੈ।

ਪਿਛੇ ਕਹਿ ਆਏ ਹਾਂ ਕੁ ਬ੍ਰਾਹਮਣੀ ਮਤ ਦੇ ਪੁਨਰ ਜੀਵਤ ਹੋਣ ਦਾ ਸਮਾਂ ਬੁਧ ਮਤ ਦੀ ਭਾਰਤ ਵਰਸ਼ ਵਿਚ ਇਕ ਹਜ਼ਾਰ ਵਰ੍ਹੇ ਦੀ ਪਰਧਾਨਤਾ ਤੋਂ ਪਿਛੋਂ ਆਰੰਭ ਹੁੰਦਾ ਹੈ। ਬੁਧ ਮਤ ਦੇ ਜਨਮ ਤੇ ਪਰਚਾਰ ਤੋਂ ਪਹਿਲਾਂ ਵੈਦਿਕ ਮਤ ਹੀ ਪਰਚਲਤ ਸੀ ਜਿਸ ਦਾ ਕਿ ਵਿਸ਼ੇਸ਼ ਰੂਪ ਯਗ ਕਰਨਾ ਆਦਿ ਸੀ। ਸੰਸਾਰਕ ਕਾਰਜ ਸਿੱਧੀ ਲਈ, ਯਾ ਸੁਰਗ-ਪ੍ਰਾਪਤੀ ਲਈ, ਸ਼ਤਰੂ ਹਨਣ ਲਈ, ਪੁੱਤਰ-ਪ੍ਰਾਪਤੀ ਲਈ, ਧਨ ਦੌਲਤ ਲਕਸ਼ਮੀ ਦੀ ਬ੍ਰਿਧੀ ਲਈ, ਵੈਦਿਕ ਧਰਮ ਦਾ ਸਰਵ ਪ੍ਰਮਾਣੀਕ ਰੂਪ ਏਹੋ ਸੀ ਕਿ ਪੂਰਣ ਵਿਧੀ ਅਨੁਸਾਰ ਯਗ ਕੀਤਾ ਜਾਵੇ। ਅਨੇਕ ਪਰਕਾਰ ਦੇ ਯਗ ਤੇ ਅਨੇਕ ਪਰਕਾਰ ਦੀਆਂ ਵਿਧੀਆ ਪਰਚਲਤ ਸਨ। ਅਸ਼ਵ-ਮੇਧ ਯਗ, ਗੋ-ਮੇਧ ਯਗ ਤੇ ਮਾਨੁਸ਼ ਮੇਧ ਯਗ ਆਦਿ, ਜਿਨ੍ਹਾਂ ਵਿੱਚ ਘੋੜਾ, ਗਊ, ਮਨੁਸ਼ ਆਦਿ ਦੀ ਕੁਰਬਾਨੀ ਦਿੱਤੀ ਜਾਂਦੀ। ਪਰ ਗੌਤਮ ਬੁਧ ਦੇ ਜਨਮ ਤੋਂ ਪਹਿਲਾਂ ਹੀ, ਹਿੰਦੂ ਜਾਤੀ ਦੀ ਸਰੇਸ਼ਟ ਆਤਮਾ, ਇਸ ਰਕਤ ਭਰਪੂਰ ਕਰਮ ਕਾਂਡਾਂ ਦੇ ਧਰਮ ਤੋਂ ਉਪ੍ਰਾਮ ਹੋ ਰਹੀ ਸੀ ਤੇ ਉਪਨਿਖਦਾਂ ਵਿੱਚ, ਜਿਨ੍ਹਾਂ ਨੂੰ ਕਿ ਵੇਦਾਂ ਦਾ ਸ਼ੁਧ ਅੰਸ਼ ਮੰਨਦੇ ਹਨ, ਇਕ ਹੋਰ ਯੱਗ, ਅਲੰਕਾਰਕ ਯੱਗ, ਦਾ ਖ਼ਿਆਲ ਪੁੰਗਰ ਰਿਹਾ ਸੀ, ਜਿਸ ਦੀ ਸੰਗਿਆ ਆਤਮ ਯੱਗ ਸੀ। ਨਾਰਾਯਣ ਉਪਨਿਖਦ ਦੇ ਅੰਤਮ ਸ਼ਲੋਕ ਦਾ ਭਾਵਾਰਥ ਹੈ : "ਜਿਸ ਨੇ ਯੱਗ ਦੇ ਅੰਦ੍ਰੀਵ ਰਹੱਸਯ ਨੂੰ ਜਾਤਾ ਹੈ, ਉਸ ਲਈ ਆਤਮਾ ਯਜਮਾਨ ਹੈ, ਹ੍ਰਿਦਯ ਯਗ ਸਥਾਨ ਹੈ, ਵਿਸ਼ੇ ਵਿਚਾਰ ਘ੍ਰਿਤ ਹਨ ਤੇ ਕ੍ਰੋਧ ਬਲੀ ਦਾ ਪਸ਼ੂ ਹੈ। ਧਿਆਨ ਅਗਨੀ ਤੇ ਸਾਰਾ ਜੀਵਨ ਯਗ ਦਾ ਮਹੂਰਤ ਹੈ। ਯਜਮਾਨ ਦਾ ਭੋਜਨ ਆਹਾਰ ਆਹੂਤੀ ਹੈ ਤੇ ਜਾਲ ਪਾਨ ਸੋਮ

ਰਸ ਹੈ ਅਤੇ ਦੇਹਾਂਤ ਮ੍ਰਿਤੂ ਅੰਤਮ ਸਨਾਨ ਹੈ।" ਇਹ ਵਿਚਾਰਧਾਰਾ ਹੀ ਵਾਸਤਵ ਰੂਪ ਵਿੱਚ ਗੌਤਮ ਬੁਧ ਦੇ ਉਪਦੇਸ਼ਾਂ ਦਾ ਸਾਰੰਸ਼ ਸੀ। ਗੌਤਮ ਦੇ ਬੁਧ ਮਤ ਨੇ ਯਗਾਂ ਵਿੱਚ ਜੀਵਾਂ ਦੀ ਬਲੀ ਦੇਣ ਦੇ ਵਿਰੁੱਧ ਭਰਪੂਰ ਤੇ ਸਫ਼ਲ ਪਰਚਾਰ ਕੀਤਾ, ਜਿਸ ਦਾ ਰੂਪ ਕਿ ਜੀਵਾਹਿੰਸਾ ਪਰਮੋਧਰਮ ਹੈ। ਗੌਤਮ ਨੇ ਸੰਸਕ੍ਰਿਤ ਬੋਲੀ ਨੂੰ ਧਰਮ ਦੇ ਪ੍ਰਚਾਰ ਦੇ ਵਾਹਨ ਰੂਪ ਵਿੱਚ ਤਿਆਗ ਦਿੱਤਾ ਤੇ ਜਨਤਾ ਵਿੱਚ ਬੋਲੀ ਜਾਣ ਵਾਲੀ ਤੇ ਸਮਝੇ ਜਾਣ ਵਾਲੀ ਬੋਲੀ ਨੂੰ ਧਰਮ ਦੇ ਪ੍ਰਚਾਰ ਲਈ ਵਰਤਿਆ, ਜਿਵੇਂ ਕਿ ਦੋ ਹਜ਼ਾਰ ਵਰ੍ਹੇ ਪਿਛੋਂ ਸਿਖ ਗੁਰੂਆਂ ਨੇ ਪੰਜਾਬੀ ਤੇ ਹਿੰਦਵੀ ਨੂੰ ਧਰਮ ਪਰਚਾਰ ਦੀ ਬੋਲੀ ਬਣਾਇਆ ਤੇ ਅਪਣਾਇਆ। ਗੌਤਮ ਬੁਧ ਨੇ ਗ੍ਰਹਸਤ ਨੂੰ ਤਿਆਗ ਕੇ ਧਰਮ ਪਰਵਿਰਤੀ ਤੇ ਧਰਮ ਪ੍ਰਚਾਰ ਨੂੰ ਜੀਵਨ ਦਾ ਸਰਵੋਤਮ ਮਨੋਰਥ ਮੰਨ ਲੈਣ ਵਾਲੇ ਸਾਧੂਆਂ, ਸੰਨਿਆਸੀਆਂ, ਸ਼੍ਰੀਮਨਾਂ ਦੀ ਪ੍ਰਨਾਲੀ ਤੇ ਸੰਘ ਦੀ ਨੀਂਹ ਰਖੀ। ਬਸ, ਇਹ ਦੋ ਵਿਸ਼ੇਸ਼ ਲਕਸ਼ਣ ਬੁਧ ਮਤ ਦੇ ਬਾਹਰੀ ਰੂਪ ਦੇ ਹਨ, ਜੋ ਕਿ ਕਿਸੇ ਨਾ ਕਿਸੇ ਰੂਪ ਵਿੱਚ ਹਿੰਦੂ ਧਰਮ ਤੇ ਸਮਾਜ ਦੀਆਂ ਧਾਰਮਿਕ ਬ੍ਰਿਤੀਆਂ ਦਾ ਆਧਾਰ ਬਣ ਚੁੱਕੇ ਹਨ। ਪੰਜਵੀਂ ਸਦੀ ਮਸੀਹੀ ਤਕ, ਇਕ ਹਜ਼ਾਰ ਵਰ੍ਹਾ, ਇਹ ਬੁਧ ਮਤ ਭਾਰਤ ਵਰਸ਼ ਵਿੱਚ ਪ੍ਰਧਾਨ ਰਿਹਾ। ਫੇਰ ਵੈਦਿਕ ਮਤ ਪੁਨਰ ਜੀਵਤ ਹੋਣਾ ਆਰੰਭ ਹੋਇਆ।

ਵੈਦਿਕ ਮਤ ਨੂੰ ਪੰਜਵੀਂ ਸਦੀ ਦੇ ਲਗਪਗ ਪੁੱਨਰ ਜੀਵਤ ਕਰਨ ਵਾਲੇ ਮੋਢੀਆਂ ਵਿਚੋਂ, ਕੁਮਾਰਲ ਭੱਟ ਦਾ ਨਾਮ ਪ੍ਰਸਿੱਧ ਹੈ। ਕੁਮਾਰਲ ਭੱਟ ਬੁਧ ਮਤ ਦਾ ਵਿਰੋਧ ਤੇ ਖੰਡਨ ਕਰਨ ਵਾਲਿਆਂ ਵਿਚੋਂ ਸਭ ਨਾਲੋਂ ਵੱਧ ਪ੍ਰਸਿੱਧ ਹੈ। ਕੁਮਾਰਲ ਭੱਟ, ਜਿਸ ਮਤ ਦਾ ਪ੍ਰਚਾਰ ਕਰਦਾ ਸੀ, ਉਸ ਨੂੰ ਉਹ ਕਰਮ ਮਾਰਗ ਕਹਿੰਦਾ ਸੀ। ਭਾਵ ਇਹ ਕਿ ਕਰਮਾਂ ਕਾਂਡਾਂ ਦੁਆਰਾ ਹੀ, ਓਹੋ ਕਰਮ ਕਾਂਡ ਜੋ ਕਿ ਵੇਦਾਂ ਵਿਚ ਨਿਰੂਪਣ ਕੀਤੇ ਹੋਏ ਯੋਗ ਹਨ, ਮੋਖ ਤੇ ਭੋਗ ਪ੍ਰਾਪਤ ਹੋ ਸਕਦੇ ਹਨ। ਅਜੇਹੇ ਪ੍ਰਚਾਰ ਤੇ ਅਸਰ ਹੇਠਾਂ ਜੀਵਹਿੰਸਾ ਪਰਮੋਧਰਮ ਸਿਧਾਂਤ ਦਾ ਪ੍ਰਭਾਵ ਤਾਂ ਹਿੰਦੂ ਜਾਤੀ ਦੀ ਆਤਮਾ ਉੱਤੋਂ ਨਾ ਉਤਰਿਆ ਤੇ ਪ੍ਰਾਚੀਨ ਵੈਦਿਕ ਮਤ ਵਿੱਚ ਪ੍ਰਮਾਣੀਕ ਰਕਤ-ਪੂਰਨ ਯਗ ਤੇ ਕੁਰਬਾਨੀਆਂ ਤੇ ਬਲੀਆਂ ਤਾਂ ਮੁੜ ਕੇ ਪ੍ਰਚਲਤ ਨਾ ਹੋਈਆਂ, ਪਰ ਬੁਧ ਮਤ ਦਾ ਹਿੰਦੁਸਤਾਨ ਵਿਚ ਅਭਾਵ ਹੋ ਗਿਆ ਤੇ ਨਵੀਨ ਵੈਦਿਕ ਮਤ ਜਿਸ ਨੂੰ ਯੂਰਪ ਦੇ ਵਿਦਵਾਨ, ਬ੍ਰਾਹਮਣੀ ਮਤ ਤੇ ਭਾਰਤ ਵਾਸੀ, ਹਿੰਦੂ ਮਤ ਕਹਿੰਦੇ ਹਨ, ਪ੍ਰਚਲਤ ਹੋ ਗਿਆ। ਕੁਛ ਸੰਸਕ੍ਰਿਤ ਦੇ ਗ੍ਰੰਥ, ਜੋ ਕਿ ਭਾਰਤ ਵਿੱਚ ਮੁਸਲਮਾਨਾਂ ਦੇ ਪ੍ਰਵੇਸ਼ ਦੇ ਸਮੇਂ ਤੋਂ ਕੁਛ ਪਹਿਲਾਂ ਲਿਖੇ ਗਏ, 'ਸ਼ੰਕ੍ਰ-ਵਿਜੈ' ਨਾਮਕ ਹਨ, ਜਿਨ੍ਹਾਂ ਵਿੱਚ ਸ਼ੰਕ੍ਰਾਚਾਰੀਆਂ ਦੀ ਸਿਖਿਆ ਤੇ

ਸਿਧਾਂਤ ਵਰਨਣ ਕੀਤੇ ਹੋਏ ਹਨ। ਉਨ੍ਹਾਂ ਗ੍ਰੰਥਾਂ ਵਿੱਚ ਲਿਖਿਆ ਹੈ, ਜੁ ਸ਼ੰਕ੍ਰਾਚਾਰੀਆ ਦੇ ਆਗਮਨ ਤੋਂ ਪਹਿਲਾਂ ਬੁਧ ਮਤ ਤੋਂ ਬਿਨਾਂ, ਹਿੰਦੂ ਜਾਤੀ ਵਿੱਚ ਤਿੰਨ ਮਤ ਪ੍ਰਧਾਨ ਸਨ, ਸ਼ਾਕਤ, ਗਣਪਤਿ ਤੇ ਭੈਰਵ। ਇਨ੍ਹਾਂ ਮਤਾਂ ਵਿੱਚ ਕਈ ਕੂਰ ਕੁਰੀਤੀਆਂ ਪ੍ਰਵੇਸ਼ ਕਰ ਚੁਕੀਆਂ ਸਨ ਤੇ ਇਹ ਮਤ ਮਤਾਂਤ੍ਰ ਇਕ ਦੂਜੇ ਦੇ ਕੱਟੜ ਵਿਰੋਧੀ ਤੇ ਇਕ ਦੂਜੇ ਨਾਲ ਸ਼ਤਰੂ ਭਾਵ ਰਖਦੇ ਸਨ। ਸ਼ਾਕਤ ਮਤ ਤਾਂ ਆਪਣੇ ਸਥੂਲ ਰੂਪ ਵਿੱਚ, ਪੰਜਵੀਂ ਸਦੀ ਤੋਂ ਲੈ ਕੇ ਪੰਦਰ੍ਹਵੀਂ ਸਦੀ ਤਕ, ਲਗਭਗ ਸਾਰੇ ਭਾਰਤ ਵਰਸ਼ ਵਿੱਚ ਪ੍ਰਚਲਤ ਰਿਹਾ ਤੇ ਦੋ ਤਿੰਨ ਸਦੀਆਂ ਪ੍ਰੋਖ ਰਹਿ ਕੇ ਉਨ੍ਹੀਵੀਂ ਸਦੀ ਦੇ ਅੰਤ ਵਿੱਚ, ਇਕ ਨਵਾਂ ਦਾਰਸ਼ਨਿਕ ਤੇ ਸੂਖਮ ਰੂਪ ਧਾਰ ਕੇ ਪੂਰਬੀ ਭਾਰਤ ਵਲ ਪ੍ਰਗਟ ਹੋ ਆਇਆ ਹੈ। ਕੇਂਦਰੀ ਸਿਧਾਂਤ ਇਸ ਸ਼ਾਕਤ ਮਤ ਦਾ ਸ਼ਕਤੀ ਦੀ ਪੂਜਾ ਸੀ, ਤੇ ਕਈ ਵਾਰ ਮਨੁੱਖਾਂ ਦੀ ਵੀ ਬਲੀ ਦੇਣੀ ਇਸ ਪੂਜਾ ਦਾ ਅੰਗ ਸੀ। ਇਹ ਸ਼ਾਕਤ ਮਤ ਉੱਤਰੀ ਤੇ ਪੱਛਮੀ ਭਾਰਤ ਵਿੱਚ ਆਮ ਪ੍ਰਚਲਤ ਸੀ, ਇਸ ਦਾ ਸਬੂਤ ਸਿਖ ਗੁਰੂਆਂ ਦੀ ਬਾਣੀ ਤੋਂ ਮਿਲਦਾ ਹੈ, ਜਿਸ ਵਿੱਚ ਕਿ ਥਾਂ ਥਾਂ ਲੋਕਾਂ ਨੂੰ ਸ਼ਾਕਤ ਮਤ ਦੇ ਕਰਮ ਕਾਂਡਾਂ ਤੋਂ ਵਰਜਿਆ ਹੋਇਆ ਹੈ। "ਬਿਰਥੀ ਸਾਕਤ ਕੀ ਆਰਜਾ। ਸਾਚ ਬਿਨਾ ਕਹ ਹੋਵਤ ਸੂਚਾ।" "ਕਬੀਰ ਸਾਕਤ ਸੰਗ ਨਾ ਕੀਜੀਏ; ਦੂਰੋਂ ਜਾਈਐ ਭਾਗ।"

ਛੇਵੀਂ ਸਦੀ ਵਿੱਚ ਜੋ ਕਿ ਸ਼ੰਕ੍ਰਾਚਾਰੀਆ ਦਾ ਆਗਮਨ ਸਮਾਂ ਹੈ, ਇਸ ਪ੍ਰਕਾਰ ਦੇ ਮਤ ਮਤਾਂਤ੍ਰ ਹਿੰਦੂ ਜਾਤੀ ਵਿੱਚ ਪ੍ਰਚਲਤ ਸਨ, ਤੇ ਇਹ ਮਤ ਮਤਾਂਤ੍ਰ ਆਪਣੇ ਸਿਧਾਂਤਾਂ ਨੂੰ ਵੈਦਿਕ ਸਿਧਾਂਤਾਂ ਉੱਤੇ ਨਿਰਭਰ ਮੰਨਦੇ ਸਨ। ਇਹ ਮੰਨਦੇ ਹੋਏ ਵੀ ਜੁ ਉਹਨਾਂ ਦੇ ਮਤਾਂ ਮਤਾਂਤ੍ਰਾਂ ਦਾ ਸੋਮਾ ਵੇਦ ਹੀ ਹਨ, ਉਹ ਇਕ ਦੂਜੇ ਦੇ ਮਤਾਂ ਦੇ ਕੱਟੜ ਵਿਰੋਧੀ ਸਨ। ਸ਼ੰਕ੍ਰਾਚਾਰੀਆਂ ਨੇ ਇਸ ਧਾਰਮਿਕ ਗੜਬੜ ਤੇ ਅੰਧਕਾਰ ਵਿਚ ਇਕਸਾਰਤਾ ਤੇ ਚਾਨਣ ਲਿਆਂਦਾ ਅਤੇ ਵੇਦਾਂ ਸ਼ਾਸਤ੍ਰਾਂ ਦੀ ਵਿਆਖਿਆ ਅਜੇਹੇ ਢੰਗ ਨਾਲ ਤੇ ਅਜੇਹੀ ਵਿਦਵਤਾ ਨਾਲ ਕੀਤੀ ਕਿ ਸਭ ਪ੍ਰਚਲਤ ਮਤਾਂ ਮਤਾਂਤ੍ਰਾਂ ਵਿੱਚ ਦਾਰਸ਼ਨਿਕ ਇਕਸਾਰਤਾ ਦਰਸਾ ਦਿੱਤੀ ਤੇ ਸਿੱਧ ਕਰ ਦਿਤੀ। ਇਉਂ ਹਿੰਦੂ ਜਾਤੀ ਤੇ ਹਿੰਦੂ ਮਤ ਦੇ ਪ੍ਰਸਪਰ ਵਿਰੋਧ ਮਤਾਂਤ੍ਰ ਇਕੋ ਮਾਲਾ ਦੇ, ਇਕੋ ਲੜੀ ਵਿਚ ਪ੍ਰੋਤੇ ਮਣਕੇ ਦਿਸ ਆਏ। ਅਜੇਹਾ ਮਹਾਨ ਤੇ ਸਦੀਵ ਗੌਰਵਮਈ ਕਾਰਜ ਸ਼ੰਕ੍ਰਾਚਾਰੀਆ ਨੇ ਆਪਣੀ ਛੋਟੀ ਜਿਹੀ ਆਯੂ ਵਿੱਚ ਸਿਰੇ ਚੜ੍ਹਾਇਆ, ਜਿਸ ਦੀ ਮਹਾਨਤਾ ਨੂੰ ਕਿ ਅਜ ਸਾਰਾ ਸੰਸਾਰ ਸ੍ਵੀਕਾਰ ਕਰਦਾ ਹੈ।

ਦੱਖਣੀ ਭਾਰਤ ਦੀ ਪੱਛਮੀ ਸਾਗਰ ਦੀ ਕੰਢੀ ਉੱਤੇ ਮਾਲਾਬਾਰ/ਦੇਸ਼ ਹੈ। ਉਸ ਵਿੱਚ ਕੋਚੀਨ ਸੁਰਨੂਰ ਨਾਮੀ ਰੇਲਵੇ ਲਾਈਨ ਹੈ, ਜਿਸ ਉੱਤੇ ਅਲਵੇਇ ਨਾਮ ਦਾ

ਇਕ ਛੋਟਾ ਜਿਹਾ ਸਟੇਸ਼ਨ ਹੈ। ਅਲਵੇਇ ਤੋਂ ਛੇ ਮੀਲ ਦੇ ਪੰਧ ਉੱਤੇ ਇਕ ਛੋਟਾ ਜਿਹਾ ਗ੍ਰਾਮ ਹੈ, ਕਲਦਿ ਨਾਮ ਦਾ। ਏਹੋ ਕਲਦਿ ਪਿੰਡ ਮਹਾਨ ਸ਼ੰਕ੍ਰਾਚਾਰੀਆ ਦੀ ਜਨਮ ਭੂਮੀ ਹੈ। ਇਹ ਕਲਦਿ ਪਿੰਡ ਇਕ ਅਗ੍ਰਹਾਰ ਦੇ ਆਲੇ ਦੁਆਲੇ ਅਬਾਦ ਹੋਇਆ ਹੈ। ਅਗ੍ਰਹਾਰ ਕਹਿੰਦੇ ਹਨ, ਬ੍ਰਾਹਮਣਾਂ ਦੀ ਬਸਤੀ ਨੂੰ ਤੇ ਇਸਦੇ ਇਸ ਕਲਦਿ ਪਿੰਡ ਦੇ ਅਗ੍ਰਹਾਰ ਵਿਚਕਾਰ ਇਕ ਬੜਾ ਪ੍ਰਾਚੀਨ ਸ਼ਿਵ-ਮੰਦਰ ਹੈ, ਜਿਸ ਦੇ ਪੁਜਾਰੀ ਇਸ ਅਗ੍ਰਹਾਰ ਦੇ ਵਸਨੀਕ ਬ੍ਰਾਹਮਣ ਹਨ। ਕਥਾ ਇਉਂ ਹੈ, ਜੁ ਪ੍ਰਾਚੀਨ ਸਮਿਆਂ ਵਿੱਚ ਕੋਈ ਮਹਾਨ ਰਾਜਾਧੀਰਾਜ, ਰਾਜਸ਼ੇਖਰ ਉਪਨਾਮ ਦਾ ਸੀ, ਜਿਸ ਨੂੰ ਸੁਪਨਾ ਆਇਆ ਕਿ ਕਲਦਿ ਪਿੰਡ ਵਾਲੀ ਥਾਂ ਉੱਤੇ ਸ਼ਿਵਜੀ ਆਪਣੇ ਲਿੰਗ ਰੂਪ ਵਿਚ ਆਪਣੇ ਆਪ ਪ੍ਰਗਟ ਹੋ ਆਇਆ ਹੈ, ਸ਼ੰਭੂ ਸ਼ਿਵ, ਸ਼ਿਵ ਸ਼ੰਭੂ। ਇਸ ਸੁਪਨੇ ਦੇ ਆਧਾਰ ਉੱਤੇ ਇਸ ਰਾਜਸ਼ੇਖਰ ਮਹਾਰਾਜਾਧੀਰਾਜ ਨੇ ਇਸ ਪਵਿੱਤ੍ਰ ਅਸਥਾਨ ਉੱਤੇ ਇਕ ਪੱਥਰ ਦਾ ਸ਼ਿਵ ਮੰਦਰ ਚਿਣਵਾ ਦਿੱਤਾ ਤੇ ਇਸ ਮੰਦਰ ਵਿੱਚ ਪੂਜਾ ਕਰਨ ਲਈ ਉੱਚ ਨੰਮਬੂਦ੍ਰੀ ਜਾਤੀ ਦੇ ਕੁਛ ਬ੍ਰਾਹਮਣ ਘਰਾਣਿਆਂ ਨੂੰ ਜਾਗੀਰਾਂ ਲਾ ਕੇ ਇਥੇ ਵਸਾ ਦਿੱਤਾ। ਇਨ੍ਹਾਂ ਉੱਚ ਕੁਲ ਦੇ ਬ੍ਰਾਹਮਣਾਂ ਵਿਚੋਂ ਇਕ ਬ੍ਰਾਹਮਣ ਪੁਜਾਰੀ ਵਿਦਿਆਧੀਰਾਜ ਉਪਨਾਮ ਦਾ ਸੀ, ਜਿਸ ਦਾ ਇਕਲੌਤਾ ਪੁਤਰ ਸ਼ਿਵਗੁਰੂ ਨਾਮ ਦਾ ਸੀ। ਇਸ ਸ਼ਿਵਗੁਰੂ ਤੇ ਇਸ ਦੀ ਪਤੀਬ੍ਰਤਾ ਇਸਤ੍ਰੀ ਨੇ ਬੜੇ ਪਾਠ ਪੂਜਾ ਪੁਤ੍ਰ ਪ੍ਰਾਪਤੀ ਲਈ ਕੀਤੇ, ਤਾਂ ਇਕ ਰਾਤ ਸ਼ਿਵਗੁਰੂ ਦੀ ਪਤਨੀ ਨੂੰ ਸੁਪਨ ਵਿਚ ਸ਼ਿਵਜੀ ਦੇ ਦਰਸ਼ਨ ਹੋਏ। ਸ਼ਿਵ ਜੀ ਨੇ ਇਸ ਸ਼ੁਧਾਤਮਾ ਇਸਤ੍ਰੀ ਨੂੰ ਕਿਹਾ :-"ਅਹੋ, ਭਾਗਾਤਮਾ, ਕੈਲਾਸ਼ ਪਰਬਤ ਉੱਤੇ ਪਾਰਬਤੀ ਤੇ ਮੈਂ, ਅਸਾਂ ਦੋਹਾਂ ਨੇ ਨਿਸ਼ਚਾ ਕੀਤਾ ਹੈ, ਜੁ ਇਕ ਉੱਚਾਤਮਾ ਭਾਰਤ ਵਿੱਚ ਜਨਮ ਲੈ ਕੇ ਮਹਾਨ ਹਿੰਦੂ ਧਰਮ ਨੂੰ ਪੁਨਰ ਸੁਰੱਖਯਤ ਕਰੇ। ਹੇ ਪੁਤ੍ਰੀ, ਕਹਿ, ਜੋ ਤੂੰ ਇਕ ਦੀਰਘਾਯੂ ਪਰ ਅਪੰਡਿਤ ਪੁਤ੍ਰ ਨੂੰ ਜਨਮ ਦੇਣਾ ਲੋਚਦੀਂ ਹੈ ਕਿ ਇਕ ਅਲਪਾਯੂ ਪਰ ਵਿਸ਼ਵ ਮਾਨਨੀਯ ਪੰਡਿਤ ਦੀ ਮਾਤਾ ਬਣਨਾ ਚਾਹੁੰਦੀ ਹੈਂ।" ਸ਼ਿਵ ਗੁਰੂ ਦੀ ਸ਼ੁਧਆਤਮਾ ਪਤਨੀ ਨੇ, ਬਿਨਾਂ ਕਿਸੇ ਸੰਸ਼ੇ ਦੇ, ਇਹ ਵਰ ਮੰਗ ਲਿਆ ਕਿ ਉਸ ਦੇ ਘਰ ਇਕ ਪੰਡਿਤ ਤੇ ਦਿਗਵਿਜਈ ਪੁਤ੍ਰ ਜਨਮ ਧਾਰੇ ਭਾਵੇਂ ਉਸ ਦੀ ਉਮਰ ਛੋਟੀ ਤੇ ਥੋਹੜੀ ਹੀ ਹੋਵੇ। ਇਹ ਤੇ ਹੋਰ ਕਈ ਪ੍ਰਕਾਰ ਦੀਆਂ ਰਵਾਇਤਾਂ ਤੇ ਦੰਤ ਕਥਾਵਾਂ ਸ਼ੰਕ੍ਰਾਚਾਰੀਆ ਦੇ ਜਨਮ ਬਾਬਤ ਪ੍ਰਸਿੱਧ ਹਨ।

ਇਹ ਗੱਲ ਸਭ ਮੰਨਦੇ ਹਨ ਜੁ ਸ਼ੰਕ੍ਰ ਦਾ ਪਿਤਾ ਉਸ ਦੇ ਜਨਮ ਤੋਂ ਪਹਿਲਾਂ ਜਾਂ ਉਸ ਦੇ ਜਨਮ ਤੋਂ ਥੋਹੜੇ ਸਮੇਂ ਉਪ੍ਰਾਂਤ ਹੀ ਮ੍ਰਿਤੂ ਹੋ ਗਿਆ ਤੇ ਸ਼ੰਕ੍ਰ ਦੀ ਪਾਲ ਪੋਸ ਉਸ ਦੀ ਵਿਧਵਾ ਮਾਤਾ ਨੇ ਹੀ ਕੀਤੀ। ਸ਼ੰਕ੍ਰ ਜਨਮ ਤੋਂ ਹੀ ਬੜਾ ਚਤੁਰ ਤੇ

ਬੁਧੀਵਾਨ ਸੀ ਤੇ ਸਤ ਸਾਲ ਦੀ ਆਯੂ ਵਿੱਚ ਯਗਯਪਵੀਤ ਧਾਰਨ ਕਰਨ ਤੋਂ ਪਿਛੋਂ ਸ਼ੰਕ੍ਰ ਨੂੰ ਵੇਦ ਸਿਖਸ਼ਾ ਤੇ ਵੇਦਾਂਗ ਸਿਖਸ਼ਾ ਪ੍ਰਾਪਤ ਕਰਨ ਲਈ ਪੜ੍ਹਨ ਪਾਇਆ ਗਿਆ। ਕਹਿੰਦੇ ਹਨ ਕਿ ਦੋਂਹ ਤਿੰਨਾਂ ਵਰ੍ਹਿਆਂ ਵਿਚ ਹੀ ਸ਼ੰਕ੍ਰ ਨੇ ਚਾਰੇ ਵੇਦ ਤੇ ਛੇ ਵੇਦਾਂਗ ਪੜ੍ਹ ਲਏ। ਹੋ ਸਕਦਾ ਹੈ ਇਹ ਗੱਲ ਪਿਛੋਂ ਸ਼ੰਕ੍ਰ ਦੇ ਸ਼ਰਧਾਲੂਆਂ ਨੇ ਐਵੇਂ ਬਣਾ ਲਈ ਹੋਵੇ, ਕਿਉਂ ਜੁ ਚਾਰ ਵੇਦ ਤੇ ਵੇਦਾਂਗ ਇਤਨੀ ਭਾਰੀ ਤੇ ਵਿਸ਼ਾਲ ਵਿਦਿਆ ਹੈ, ਜਿਸ ਨੂੰ ਪੜ੍ਹਨ ਤੇ ਸਮਝਣ ਲਈ ਦੋਂਹ ਤਿੰਨਾਂ ਵਰ੍ਹਿਆਂ ਤੋਂ ਕਿਤੇ ਵਧ ਸਮਾਂ ਲੋੜੀਂਦਾ ਹੈ। ਚਾਰ ਵੇਦ, ਰਿਗਵੇਦ, ਯਜੁਰ ਵੇਦ, ਅਥਰਵ ਵੇਦ ਆਪਣੇ ਆਪ ਵਿਚ ਬੜੇ ਕਠਨ ਤੇ ਗੂੜ੍ਹ ਵਿਸ਼ੇ ਹਨ, ਜਿਨ੍ਹਾਂ ਨੂੰ ਕੰਠ ਕਰਨ ਤੇ ਸਮਝਣ ਲਈ ਚੰਗੇ ਤੋਂ ਚੰਗੇ ਬੁਧੀਵਾਨ ਲਈ ਵੀ ਕਈ ਵਰ੍ਹੇ ਚਾਹੀਦੇ ਹਨ। ਅਤੇ ਛੇ ਵੇਦਾਂਗ ਹੋਰ ਵੀ ਵਿਸ਼ਾਲ ਵਿਦਿਆ ਹਨ, ਜਿਨ੍ਹਾਂ ਵਿਚੋਂ ਇਕ ਦੀ ਸੂਝ ਬੂਝ ਪ੍ਰਾਪਤ ਕਰਨ ਲਈ ਕਈ ਕਈ ਵਰ੍ਹੇ ਭਾਰੀ ਮਿਹਨਤ ਕਰਨੀ ਪੈਂਦੀ ਹੈ। ਛੇ ਵੇਦਾਂਗ ਇਕ ਸੰਸਕ੍ਰਿਤ ਦੇ ਸ਼ਲੋਕ ਵਿਚ ਇਉਂ ਦਿੱਤੇ ਹਨ।

> ਸ਼ਿਲਖ਼ਾ ਕਲਪੋ ਵਯਾਕ੍ਰਣੰ,
> ਨਿਰੁਕਤੰ, ਛੰਦੋ ਜਿਯੋਤਸ਼ੰ॥

ਸਿਖਸ਼ਾ (Pronunciation) ਸ਼ਬਦਾਂ ਦਾ ਉਚਾਰ-ਬੋਧ, ਕਲਪ, ਯੱਗ ਆਦਕ ਕਰਨ ਦੀ ਵਿਧੀ, ਵਿਆਕਰਣ, (Grammar), ਨਿਰੁਕਤ (Etymology) ਸ਼ਬਦਾਂ ਦੀ ਬਣਤਰ ਦਾ ਬੋਧ, ਛੰਦ, ਕਵਿਤਾ ਕਰਨ ਦਾ ਗਿਆਨ, ਤੇ ਜਿਯੋਤਿਸ਼ (Astronomy and Astrology), ਆਪਣੇ ਆਪ ਵਿੱਚ ਇਕ ਸੰਪੂਰਣ ਤੇ ਮਹਾਨ ਵਿਦਿਆਵਾਂ ਹਨ। ਦੋਹਾਂ ਤਿੰਨ੍ਹਾਂ ਵਰ੍ਹਿਆਂ ਵਿੱਚ ਇਹ ਸਾਰੀਆਂ ਵਿਦਿਆਵਾਂ ਪੜ੍ਹ ਕੇ ਇਨ੍ਹਾਂ ਉੱਤੇ ਹਾਵੀ ਹੋ ਜਾਣਾ, ਕਿਸੇ ਕਰਾਮਾਤ ਰਾਹੀਂ ਹੀ ਹੋ ਸਕਦਾ ਹੈ, ਤੇ ਏਹੋ ਭਾਵ ਸ਼ੰਕਰ ਦੇ ਸ਼ਰਧਾਲੂਆਂ ਦਾ ਜਾਪਦਾ ਹੈ ਕਿ ਸ਼ੰਕਰ ਕੋਈ ਅਗੰਮੀ ਜੀਵਾਤਮਾ ਸੀ।

ਕਿਵੇਂ ਵੀ ਹੋਵੇ, ਕਥਾ ਇਉਂ ਚਲਦੀ ਹੈ ਜੁ ਵਿਦਿਆ ਸਮਾਪਤ ਕਰਨ ਉਪਰਾਂਤ ਜਦ ਸ਼ੰਕਰ ਘਰ ਮੁੜਿਆ ਤਾਂ ਉਸ ਦੀ ਜਾਤ ਬਰਾਦਰੀ ਵਿਚੋਂ ਕਈਆਂ ਨੇ ਆਪਣੀਆਂ ਧੀਆਂ ਦਾ ਨਾਤਾ ਉਸ ਨਾਲ ਕਰਨਾ ਚਾਹਿਆ। ਨੰਮਬੂਦ੍ਰੀ ਜਾਤੀ ਦੇ ਬਰਾਹਮਣਾਂ ਵਿਚ ਇਹ ਰਿਵਾਜ ਕਦੇ ਵੀ ਨਹੀਂ ਰਿਹਾ ਜੁ ਕੁੜੀਆਂ ਮੁੰਡਿਆਂ ਦੇ ਵਿਆਹ ਸੱਤ ਅੱਠ ਸਾਲ ਦੀ ਆਯੂ ਵਿੱਚ ਕਰ ਦਿੱਤੇ ਜਾਣ। ਇਸ ਤੋਂ ਵੀ ਜਾਪਦਾ ਹੈ, ਜੋ ਵਿਦਿਆ ਸਮਾਪਤ ਕਰਨ ਸਮੇਂ ਸ਼ੰਕਰ ਵੀ ਆਯੂ ਪੰਦਰਾਂ ਸੋਲ੍ਹਾਂ ਵਰ੍ਹਿਆਂ ਦੀ ਜ਼ਰੂਰ ਹੋਵੇਗੀ ਤੇ ਇਉਂ ਉਹ ਅੱਠ ਨੌਂ ਸਾਲ ਤੇ ਵੇਦਾਂਗਾਂ ਦੀ ਪੜ੍ਹਾਈ ਕਰਦਾ ਰਿਹਾ ਹੋਵੇਗਾ।

ਘਰ ਮੁੜਦਿਆਂ ਹੀ ਸ਼ੰਕਰ ਨੇ ਆਪਣੀ ਮਾਂ ਨੂੰ ਕਿਹਾ ਜੁ ਉਸ ਨੇ ਬਿਨਾਂ ਗ੍ਰਹਸਤ ਵਿੱਚ ਪ੍ਰਵੇਸ਼ ਕੀਤੇ ਦੇ ਹੀ ਝੱਟ ਪਟ ਸਨਿਆਸ ਧਾਰਨ ਕਰਨ ਦਾ ਨਿਸ਼ਚਾ ਕਰ ਲਿਆ ਹੈ। ਇਹ ਸੁਣ ਕੇ ਉਸ ਦੀ ਮਾਤਾ ਨੇ ਬੜਾ ਦੁਖ ਪਰਗਟ ਕੀਤਾ ਤੇ ਕਿਹਾ, ਕਿ ਪੁਤ੍ਰ, ਮੇਰੇ ਜੀਊਂਦਿਆਂ ਜੀ ਤੈਨੂੰ ਸਨਿਆਸ ਧਾਰਨ ਨਹੀਂ ਸੋਭਦਾ : ਕਿਉਂ ਜੁ ਤੂੰ ਮੇਰਾ ਇਕੋ ਇਕ ਸਹਾਰਾ ਹੈਂ। ਅਤੇ ਜੇ ਤੂੰ ਸਨਿਆਸ ਧਾਰਨ ਕਰ ਲਿਆ ਤਾਂ ਮੇਰੇ ਮਰਨ ਪਿਛੋਂ ਮੇਰਾ ਕਿਰਿਆ ਕਰਮ ਆਦਿ ਕੌਣ ਕਰਵਾਏਗਾ। ਸ਼ੰਕਰ ਨੇ ਉੱਤਰ ਦਿੱਤਾ, ਹੇ ਮਾਤਾ, ਭਾਵੇਂ ਮੈਂ ਸਨਿਆਸੀ ਹੋਵਾਂ, ਮੈਂ ਤੇਰਾ ਅੰਤਮ ਸੰਸਕਾਰ ਤੇ ਕਿਰਿਆ ਕਰਮ ਅਵੱਸ਼ ਅਪਣੇ ਹੱਥੀਂ ਕਰਾਂਗਾ। ਜਦੋਂ ਕੋਈ ਸੰਸਾਰ ਦਾ ਤਿਆਗ ਕਰਕੇ ਸਨਿਆਸੀ ਹੋ ਜਾਂਦਾ ਹੈ ਤਾਂ ਉਹ ਜਗਤ ਵਲੋਂ ਮਿਰਤੂ ਹੋਇਆ ਮਿਥਿਆ ਜਾਂਦਾ ਹੈ ਤੇ ਉਸ ਦਾ ਕੋਈ ਧਰਮ ਆਪਣੇ ਸਾਕਾਂ ਸੰਬੰਧੀਆਂ ਜਾਂ ਮਾਤਾ ਪਿਤਾ ਵਲ ਨਹੀਂ ਰਹਿੰਦਾ। ਪਰ ਜਦ ਸ਼ੰਕਰ ਦੀ ਮਾਤਾ ਦਾ ਦੇਹਾਂਤ ਹੋਇਆ ਤਾਂ ਸ਼ੰਕਰ ਭਾਵੇਂ ਉਸ ਵੇਲੇ ਸਨਿਆਸ ਧਾਰਣ ਕਰ ਚੁੱਕਾ ਸੀ, ਫੇਰ ਵੀ ਉਹ ਆਪਣੇ ਬਚਨਾਂ ਦਾ ਬੱਧਾ, ਆਪਣੀ ਮਾਤਾ ਦਾ ਅੰਤਮ ਸੰਸਕਾਰ ਕਰਨ ਤੇ ਕਿਰਿਆ ਕਰਮ ਕਰਵਾਉਣ ਆਪਣੇ ਜਨਮਗ੍ਰਾਮ, ਕਲਾਦਿ, ਵਿਚ ਆਇਆ। ਬਹੁਤ ਲੋਕਾਂ ਨੇ ਉਸ ਦੇ ਇਸ ਕਰਮ ਨੂੰ ਸਨਿਆਸ ਧਰਮ ਦੇ ਅਨੁਕੂਲ ਨਾ ਮਿਥਦਿਆਂ ਹੋਇਆਂ ਅਧਰਮ ਕਹਿ ਕੇ ਵੀ ਨਿੰਦਿਆ, ਪਰ ਸ਼ੰਕਰ ਨੇ ਇਸ ਨਿੰਦਾ ਦੀ ਪਰਵਾਹ ਨਾ ਕੀਤੀ।

ਇਕ ਦਿਨ ਦੀ ਗੱਲ ਹੈ ਕਿ ਸ਼ੰਕਰ ਆਪਣੀ ਮਾਤਾ ਨਾਲ ਦਰਿਆ ਉੱਤੇ ਅਸ਼ਨਾਨ ਕਰਨ ਗਿਆ ਤਾਂ ਦਰਿਆ ਬਰਖਾ ਕਰ ਕੇ ਚੜ੍ਹਿਆ ਹੋਇਆ ਸੀ। ਸ਼ੰਕਰ ਜਦ ਅਸ਼ਨਾਨ ਕਰ ਰਿਹਾ ਸੀ ਤਾਂ ਇਕ ਮਗਰਮੱਛ ਨੇ ਸ਼ੰਕਰ ਦੀ ਟੰਗ ਪਕੜ ਲਈ ਤੇ ਉਸ ਨੂੰ ਮੰਝਧਾਰ ਵਲ ਨੂੰ ਘੜੀਸ ਤੁਰਿਆ। ਸ਼ੰਕਰ ਨੇ ਕਿਹਾ : "ਹੇ ਮਾਤਾ, ਮੇਰਾ ਅੰਤਮ ਸਮਾਂ ਆ ਗਿਆ ਹੈ। ਮੈਂ ਬਿਨਾਂ ਸਨਿਆਸ ਧਾਰਨ ਕੀਤੇ ਦੇ ਹੀ ਮਰ ਰਿਹਾ ਹਾਂ। ਹੁਣ ਤੂੰ ਸਨਿਆਸੀ ਬਣਨ ਦੀ ਆਗਿਆ ਦੇ ਦੇਹ।" ਉਸ ਦੀ ਮਾਤਾ ਨੇ ਇਉਂ ਆਗਿਆ ਦੇ ਦਿੱਤੀ ਤਾਂ ਸ਼ੰਕਰ ਨੇ ਸਨਿਆਸੀ ਹੋਣ ਦਾ ਪ੍ਰਣ ਉਸੇ ਵੇਲੇ ਕਰ ਲਿਆ। ਅਜੇਹੇ ਸਨਿਆਸੀ ਨੂੰ, ਜਿਹੜਾ ਕਿ ਬਿਨਾਂ ਗੁਰੂ ਦੀਖਸ਼ਾ ਦੇ, ਤੇ ਬਿਨਾਂ ਕਿਸੇ ਰਸਮ ਦੇ ਆਪਣੇ ਆਪ ਲੈ ਲਿਆ ਜਾਵੇ, ਉਸ ਨੂੰ ਆਪਤ ਸਨਿਆਸ ਕਹਿੰਦੇ ਹਨ। ਜਿਸ ਵੇਲੇ ਸ਼ੰਕਰ ਨੇ ਸਨਿਆਸ ਦਾ ਪ੍ਰਣ ਕੀਤਾ, ਮਗਰਮੱਛ ਨੇ ਉਸ ਦੀ ਟੰਗ ਛੱਡ ਦਿਤੀ ਤੇ ਸ਼ੰਕਰ ਬਾਹਰ ਨਿਕਲ ਆਇਆ। ਘਰ ਆ ਕੇ ਸ਼ੰਕਰ ਨਰਬਦਾ ਨਦੀ ਦੇ ਕੰਢੇ ਉੱਤੇ ਸਥਾਪਤ ਇਕ ਮੱਠ ਵਿਚ ਚਲਾ

ਗਿਆ, ਜਿਸ ਦਾ ਮਹੰਤ, ਇਕ ਗੋਵਿੰਦ ਨਾਮੀ ਸਨਿਆਸੀ ਸੀ। ਗੋਵਿੰਦ ਦੇ ਚਰਨ ਪਰਸ ਕੇ ਸ਼ੰਕਰ ਨੇ ਬੇਨਤੀ ਕੀਤੀ ਕਿ ਉਸ ਨੂੰ ਸਨਿਆਸੀ ਬਣਾ ਲਿਆ ਜਾਵੇ। ਗੋਵਿੰਦ ਨੇ ਪੁਛਿਆ, "ਤੂੰ ਕੌਣ ਹੈਂ?" ਸ਼ੰਕਰ ਨੇ ਉੱਤਰ ਦਿੱਤਾ : "ਮੈਂ ਸ਼ਿਵਗੁਰੂ ਬ੍ਰਾਹਮਣ ਦਾ ਪੁਤ੍ਰ, ਕੇਰਲ ਦਾ ਵਾਸੀ, ਹਾਂ। ਮੇਰੀ ਵਿਧਵਾ ਮਾਤਾ ਨੇ ਮੈਨੂੰ ਪਾਲਿਆ ਹੈ। ਮੈਂ ਵੇਦ ਸ਼ਾਸਤ੍ਰ ਦੇ ਪਠਨ ਪਾਠਨ ਦੀ ਵਿਦਿਆ ਪੜ੍ਹੀ ਹੈ।" ਫੇਰ ਸ਼ੰਕਰ ਨੇ ਮਗਰਮੱਛ ਗ੍ਰਸਤ ਹੋਣ ਦੀ ਕਥਾ ਸੁਣਾਈ ਤੇ ਹੱਥ ਬੰਨ੍ਹ ਕੇ ਬੇਨਤੀ ਕੀਤੀ ਕਿ ਹੁਣ ਉਸ ਨੂੰ ਵਿਧੀ ਪੂਰਵਕ ਸਨਿਆਸੀ ਬਣਾ ਲਿਆ ਜਾਵੇ। ਗੋਵਿੰਦ ਨੇ ਸ਼ੰਕਰ ਦੀ ਇਹ ਬੇਨਤੀ ਪ੍ਰਵਾਨ ਕਰ ਲਈ ਤੇ ਉਸ ਨੂੰ ਸਨਿਆਸੀ ਬਣਾ ਲਿਆ। ਇਸ ਗੋਬਿੰਦ ਦਾ ਗੁਰੂ ਗੌੜਪਾਦ ਨਾਮੀ ਸੀ, ਜੋ ਕਿ ਬੜਾ ਵਿਦਵਾਨ ਪੰਡਿਤ ਸੀ। ਗੋਵਿੰਦ ਦੇ ਮੱਠ ਵਿੱਚ ਸ਼ੰਕਰ ਕਈ ਵਰ੍ਹੇ ਰਿਹਾ, ਤੇ ਗੋਵਿੰਦ ਕੋਲੋਂ ਵੇਦਾਰਥ ਤੇ ਸ਼ਾਸਤ੍ਰਾਰਥ ਆਦਿ ਸਿਖਦਾ ਰਿਹਾ। ਜਿਸ ਵੇਲੇ ਸ਼ੰਕਰ ਸ਼ਾਸਤ੍ਰਾਰਥ ਦੀ ਵਿਦਿਆ ਵਿੱਚ ਨਿਪੁਣ ਹੋ ਗਿਆ ਤਾਂ ਸ਼ੰਕਰ ਦੇ ਗੁਰੂ ਗੋਵਿੰਦ ਨੇ ਉਸ ਨੂੰ ਆਗਿਆ ਕੀਤੀ ਕਿ ਤੂੰ ਹੁਣ ਬਨਾਰਸ ਚਲਾ ਜਾਹ ਤੇ ਉਥੇ ਜਾ ਕੇ ਧਰਮ ਦਾ ਪ੍ਰਚਾਰ ਕਰ। ਇਉਂ ਸ਼ੰਕਰ ਆਪਣੇ ਗੁਰੂ ਦੀ ਆਗਿਆ ਪਾ ਕੇ ਬਨਾਰਸ ਆ ਟਿਕਿਆ।

ਬਨਾਰਸ ਵਿੱਚ ਆਉਂਦਿਆਂ ਹੀ ਸ਼ੰਕਰ ਦੀ ਪੰਡਤਾਈ ਦੀ ਸ਼ੋਭਾ ਦੂਰ ਦੂਰ ਪਸਰ ਗਈ। ਸ਼ੰਕਰ ਕੋਲੋਂ ਵਿਦਿਆ ਪ੍ਰਾਪਤ ਕਰਨ ਹਿਤ ਕਈ ਵਿਦਿਆਰਥੀ ਉਸ ਦੇ ਸ਼ਿਸ਼ ਬਣ ਗਏ ਅਤੇ ਬਨਾਰਸ ਦੇ ਰਾਜੇ ਨੇ ਸ਼ੰਕਰ ਦੀ ਵਿਦਵਤਾ ਤੇ ਉਸ ਦੇ ਉੱਚ ਜੀਵਨ ਦੀ ਸ਼ੋਭਾ ਦੇਖ ਸੁਣ ਕੇ ਸ਼ੰਕਰ ਦੇ ਛਾਤ੍ਰਾਂ ਦੇ ਗੁਜ਼ਾਰੇ ਲਈ ਚੰਗੀ ਜ਼ਗੀਰ ਲਗਾ ਦਿੱਤੀ। ਇਹਨਾਂ ਵਿਦਿਆਰਥੀਆਂ ਵਿਚੋਂ, ਸਭ ਨਾਲੋਂ ਪ੍ਰਸਿੱਧ ਤੇ ਪ੍ਰਿਯ ਸ਼ਿਸ਼, ਦੱਖਣੀ ਭਾਰਤ ਦੇ ਚਿਦੰਬ੍ਰਮ ਨਾਮੀ ਨਗਰ ਦਾ ਵਾਸੀ ਬ੍ਰਾਹਮਣ ਸੀ, ਜਿਸ ਦਾ ਨਾਮ ਕਿ ਪਦਮਪਦ ਸੀ। ਇਸ ਪਦਮਪਦ ਦੀ ਅਗਾਧ ਸ਼ਰਧਾ ਆਪਣੇ ਗੁਰੂ ਸ਼ੰਕਰ ਵਿਚ ਇਸ ਹਦ ਤਕ ਸੀ, ਕਿ ਇਕ ਵਾਰ ਉਸ ਨੂੰ ਪਰਖਣ ਲਈ ਸ਼ੰਕਰ ਨੇ ਉਸ ਨੂੰ ਗੰਗਾ ਨਦੀ ਦੇ ਜਲ ਉੱਤੇ ਚਲਣ ਦੀ ਆਗਿਆ ਕੀਤੀ ਤਾਂ ਪਦਮਪਦ, ਬਿਨਾਂ ਬਿਲੰਬ ਦੇ, ਆਪਣੇ ਸ਼ਰਧਾ ਬਲ ਨਾਲ ਗੰਗਾ ਨਦੀ ਦੇ ਜਲ ਉੱਤੇ ਚੱਲਣ ਲਗ ਪਿਆ। ਇਥੇ, ਬਨਾਰਸ ਵਿੱਚ ਹੀ, ਸ਼ੰਕਰ ਨੇ ਆਪਣੇ ਮਹਾਨ ਦਾਰਸ਼ਨਿਕ ਵਿਦਿਆ ਦੇ ਗ੍ਰੰਥ ਤੇ ਭਾਸ਼ ਲਿਖੇ ਜਿਨ੍ਹਾਂ ਕਰਕੇ ਉਸਦਾ ਮਾਨ ਤੇ ਕੀਰਤੀ ਸਾਰੇ ਹਿੰਦੂ ਜਗਤ ਤੇ ਸਾਰੇ ਸੰਸਾਰ ਵਿਚ ਸੂਰਜ ਵਤ ਉਘੇ ਹਨ। ਰਵਾਇਤ ਇਉਂ ਹੈ ਜੁ ਸਭ ਤੋਂ ਪਹਿਲਾਂ ਸ਼ੰਕਰ ਨੇ 'ਵਿਸ਼ਨੂੰ ਸਹਸ੍ਰਨਾਮ' ਨਾਮੀ ਗ੍ਰੰਥ

ਉੱਤੇ ਭਾਸ਼ ਲਿਖਿਆ। ਇਸ ਦੇ ਉਪ੍ਰੰਤ ਉਸ ਨੇ ਹੋਰ ਕਈ ਛੋਟੇ ਮੋਟੇ ਗ੍ਰੰਥ ਲਿਖੇ ਤੇ ਅੰਤ ਨੂੰ ਚੀਦਾ ਚੀਦਾ ਉਪਨਿਖਿਦਾਂ ਤੇ ਗੀਤਾ ਉੱਤੇ ਭਾਸ਼ ਲਿਖੇ, ਜੋ ਕਿ ਅਜ ਹਜ਼ਾਰ ਵਰ੍ਹੇ ਤੋਂ ਉੱਤੇ ਬੀਤ ਜਾਣ ਤੇ ਭੀ, ਬੜੇ ਮੁਸਤਨਦ ਤੇ ਪ੍ਰਮਾਣੀਕ ਮੰਨੇ ਜਾਂਦੇ ਹਨ। ਸਭ ਨਾਲੋਂ ਪਿਛੋਂ ਸ਼ੰਕਰ ਨੇ ਵੇਦਾਂਤ ਸੂਤ੍ਰਾ ਉੱਤੇ ਆਪਣਾ ਗੌਰਵਮਈ ਤੇ ਰਹਸ ਪੂਰਤ ਪਰਿਭਾਸ਼ ਲਿਖਿਆ ਜੋ ਕਿ ਸ਼ੰਕਰ ਦੀ ਮਹਾਨ ਵਿਦਵਤਾ ਦਾ ਸਥਿਰ ਤੇ ਪ੍ਰਭਾਵਸ਼ਾਲੀ ਨਮੂਨਾ ਹੈ। ਇਸੇ ਸਮੇਂ ਸ਼ੰਕਰ ਨੇ ਹੋਰ ਕਈ ਛੋਟੇ-ਛੋਟੇ ਕਾਵਯ ਲਿਖੇ ਜੋ ਕਿ ਉਸ ਦਾ ਜੀਵਨ-ਫਿਲਸਫ਼ਾ ਦਰਸਾਉਂਦੇ ਹਨ। ਇਹ ਕਾਵਯ ਭਿੰਨ ਭਿੰਨ ਸਮਿਆਂ ਉੱਤੇ ਵਾਪਰੀਆਂ ਹੋਈਆਂ ਛੋਟੀਆਂ-ਛੋਟੀਆਂ ਘਟਨਾਵਾਂ ਨਾਲ ਸੰਬੰਧਿਤ ਹਨ। ਇਹ ਕਥਾ ਇਉਂ ਹੈ ਕਿ ਇਕ ਦਿਨ ਸ਼ੰਕਰ ਆਪਣੇ ਕੁਛ ਚੇਲਿਆਂ ਨਾਲ ਗੰਗਾ ਵੱਲ ਨੂੰ ਅਸ਼ਨਾਨ ਕਰਨ ਤੁਰਿਆ ਜਾਂਦਾ ਸੀ। ਅਗਿਉਂ ਇਕ ਚੰਡਾਲ ਤੁਰਿਆ ਆਉਂਦਾ ਸੀ ਤਾਂ ਸ਼ੰਕਰ ਦੇ ਚੇਲਿਆਂ ਨੇ ਰੌਲਾ ਪਾਇਆ, "ਪਰੇ ਹਟ ਜਾਉਂ, ਚੰਡਾਲ ਦਾ ਪ੍ਰਛਾਵਾਂ ਬ੍ਰਾਹਮਣ ਉੱਤੇ ਪੈ ਜਾਵੇਗਾ।" ਕਹਿੰਦੇ ਹਨੇ ਚੰਡਾਲ ਨੇ ਉੱਤਰ ਦਿੱਤਾ, "ਸ਼ੰਕਰ ਬ੍ਰਾਹਮਣ ਤਾਂ ਇਹ ਉਪਦੇਸ਼ ਕਰਦਾ ਹੈ ਕਿ ਇਕੋ ਬ੍ਰਹਮ, ਦੂਤੀਆ ਨਾਸਤਿ, ਬਿਨਾਂ ਬ੍ਰਹਮ ਤੋਂ ਹੋਰ ਕੁਛ ਹੈ ਨਹੀਂ, ਤਾਂ ਕੇਹੜੇ ਚੰਡਾਲ ਦੇ ਪਰਛਾਵੇਂ ਨਾਲ ਸ਼ੰਕਰ ਬ੍ਰਾਹਮਣ ਭ੍ਰਿਸ਼ਟ ਹੋ ਜਾਵੇਗਾ?" ਕਹਿੰਦੇ ਹਨ ਸ਼ੰਕਰ ਇਸ ਉੱਤਰ ਉੱਤੇ ਬੜਾ ਪ੍ਰਸੰਨ ਹੋਇਆ ਤੇ ਉਸੇ ਵੇਲੇ ਸੰਸਕ੍ਰਿਤ ਵਿਚ ਬੜੇ ਸੁੰਦਰ ਪੰਜ ਸ਼ਲੋਕ ਉਚਾਰਣ ਕੀਤੇ ਜੋ ਕਿ 'ਮਾਨਿਸ਼ ਪੰਚਕ' ਨਾਮ ਨਾਲ ਪ੍ਰਸਿੱਧ ਹਨ ਜਿਨ੍ਹਾਂ ਵਿਚੋਂ ਹਰ ਇਕ ਸ਼ਲੋਕ ਦੇ ਚਰਣ ਦਾ ਭਾਵ ਅਰਥ ਇਉਂ ਹੈ, "ਜੋ ਸਭ ਬ੍ਰਹਮੰਡ ਨੂੰ ਬ੍ਰਹਮ ਦਾ ਰੂਪ ਜਾਣਦਾ ਹੈ, ਉਹ ਭਾਵੇਂ ਚੰਡਾਲ ਹੈ ਤੇ ਭਾਵੇਂ ਦ੍ਵਿਜ, ਉਹ ਮੇਰਾ ਗੁਰੂ ਹੈ।"

ਇਉਂ ਵਿਦਿਆ ਪੜ੍ਹਾਂਦਾ, ਗ੍ਰੰਥ ਰਚਦਾ ਤੇ ਉਪਦੇਸ਼ ਦਿੰਦਾ, ਕਈ ਵਰ੍ਹੇ ਸ਼ੰਕਰ ਬਨਾਰਸ ਵਿੱਚ ਟਿਕਿਆ ਰਿਹਾ। ਬਨਾਰਸ ਵਿਚ ਦੂਰੋਂ ਦੂਰੋਂ ਪੰਡਿਤ ਆ ਕੇ ਸ਼ੰਕਰ ਨਾਲ ਸ਼ਾਸਤ੍ਰਾਰਥ ਕਰਦੇ ਰਹੇ ਤੇ ਸ਼ੰਕਰ ਸਭ ਨੂੰ ਜਿਤ ਲੈਂਦਾ ਰਿਹਾ : ਅੰਤ ਨੂੰ ਸ਼ੰਕਰ ਨੇ ਸਾਰੇ ਭਾਰਤ ਵਿੱਚ ਆਪ ਚਲਕੇ ਤੇ ਉੱਘੇ ਉੱਘੇ ਥਾਂਵਾਂ ਤੇ ਜਾ ਕੇ, ਆਪਣੇ ਵੇਦਾਂਤ ਸੂਤ੍ਰਾਂ ਦੇ ਕੀਤੇ ਹੋਏ ਪਰਿਭਾਸ਼ਾਂ ਨੂੰ ਪ੍ਰਮਾਣੀਕ ਦਰਸਾਉਣ ਦਾ ਸੰਕਲਪ ਕੀਤਾ। ਇਉਂ ਸ਼ੰਕਰ ਨੇ ਬਨਾਰਸ ਤੋਂ ਬਾਹਰ, ਉਘੇ ਉਘੇ ਥਾਵਾਂ ਦੀ ਯਾਤਰਾ ਕਰ ਕੇ, ਕਾਮਯਾਬ ਸ਼ਾਸਤ੍ਰਾਰਥ ਕੀਤੇ, ਜਿਨ੍ਹਾਂ ਨੂੰ ਕਿ 'ਦਿਗ ਵਿਜੈ' ਕਹਿੰਦੇ ਹਨ। ਉਸ ਵੇਲੇ ਬਨਾਰਸ ਦਾ ਰਾਜਾ ਰਤਨ ਸਿੰਘ ਨਾਮੇ ਸੀ, ਜਿਸ ਨੇ ਸ਼ੰਕਰ ਦੇ 'ਦਿਗ ਵਿਜੈ' ਉੱਤੇ ਚੜ੍ਹਨ ਲਈ, ਉਸ ਨੂੰ ਹਾਥੀ, ਘੋੜੇ, ਪਾਲਕੀਆਂ ਤੇ

ਹੋਰ ਧਨ ਸੰਪਦਾ ਦਿੱਤੀ ਤਾਂ ਜੁ ਸ਼ੰਕਰ ਇਕ ਮਹਾਨ ਰਾਜ ਅਚਾਰੀਆ ਵਾਂਗਰ ਭਾਰਤ ਦਾ ਚੱਕਰ ਕੱਟ ਸਕੇ।

ਇਹ 'ਦਿਗ ਵਿਜੈ' ਆਰੰਭ ਕਰਨ ਸਮੇਂ ਸ਼ੰਕ੍ਰਾਚਾਰੀਆ ਦੀ ਆਯੂ ਕੋਈ ਪੰਝੀ ਵਰ੍ਹੇ ਦੇ ਲਗਭਗ ਹੋਵੇਗੀ। ਸਭ ਤੋਂ ਪਹਿਲਾਂ ਸ਼ੰਕ੍ਰਾਚਾਰੀਆ ਪਰਯਾਗ ਰਾਜ ਤੀਰਥ ਉੱਤੇ ਪਹੁੰਚੇ ਤੇ ਉਥੇ ਤ੍ਰਿਬੇਣੀ ਸੰਗਮ ਉੱਤੇ ਅਸ਼ਨਾਨ ਕੀਤਾ। ਪਿਛੇ ਕਹਿ ਆਏ ਹਾਂ ਜੋ ਪੰਜਵੀਂ ਸਦੀ ਮਸੀਹੀ ਦੇ ਅੰਤ ਵਿਚ ਭਾਰਤ ਵਰਸ਼ ਵਿੱਚ ਬੁੱਧ ਮੱਤ ਦਾ ਪਰਤਾਪ ਘਟ ਗਿਆ ਸੀ ਤੇ ਵੈਦਿਕ ਮੱਤ ਬ੍ਰਾਹਮਣੀ ਮੱਤ ਦੇ ਰੂਪ ਵਿੱਚ ਪੁਨਰ ਜੀਵਤ ਹੋ ਉਠਿਆ ਸੀ। ਬ੍ਰਾਹਮਣੀ ਮੱਤ ਦੇ ਇਸ ਪੁਨਰ ਜਨਮ ਦੇਣ ਵਾਲਿਆਂ ਦਾ ਪ੍ਰਸਿਧ ਮੋਢੀ ਕੁਮਾਰਲ ਭਟ ਸੀ, ਜੋ ਕਿ ਪੂਰਵ ਮੀਮਾਂਸਾ ਨਾਮੇ ਸ਼ਾਸਤ੍ਰ ਦਾ ਮਹਾਨ ਵੇਤਾ ਤੇ ਵੈਦਿਕ ਧਰਮ ਦੇ ਕਰਮ ਮਾਰਗ ਦਾ ਪ੍ਰਚਾਰ ਕਰਨ ਵਾਲਾ ਸੀ। ਇਸ ਕੁਮਾਰਲ ਭੱਟ ਦਾ ਸਮਾਂ ਸ਼ੰਕ੍ਰਾਚਾਰੀਆ ਦੇ ਸਮੇਂ ਤੋਂ ਕਈ ਤਿੰਨ ਸਦੀਆਂ ਪਹਿਲਾਂ ਦਾ ਨੀਯਤ ਹੁੰਦਾ ਹੈ ਤੇ ਇਉਂ ਸੰਭਵ ਨਹੀਂ ਜਾਪਦਾ ਜੁ ਕੁਮਾਰਲ ਭੱਟ ਤੇ ਸ਼ੰਕ੍ਰਾਚਾਰੀਆ ਦਾ ਮੇਲ ਪੰਚ ਭੌਤਕ ਸਰੀਰ ਵਿੱਚ ਹੋਇਆ ਹੋਵੇ। ਪਰ ਰਵਾਇਤ ਇਉਂ ਹੈ ਜੁ ਜਦੋਂ ਸ਼ੰਕ੍ਰਾਚਾਰੀਆ ਪਰਯਾਗ ਰਾਜ ਤੀਰਥ ਉੱਤੇ ਪਹੁੰਚਾ ਤਾਂ ਉਸ ਨੂੰ ਕਿਸੇ ਨੇ ਖ਼ਬਰ ਦਿੱਤੀ ਕਿ ਮਹਾਂ ਪ੍ਰਸਿਧ ਕੁਮਾਰਲ ਭਟ ਆਪਣੇ ਸਰੀਰ ਨੂੰ ਅਗਨੀ ਭੇਟਾ ਕਰਕੇ ਅਪਣਾ ਜੀਵਨ ਅੰਤ ਕਰ ਰਿਹਾ ਹੈ। ਸ਼ੰਕ੍ਰਾਚਾਰੀਆ ਝਟ ਪਟ ਉਸ ਥਾਂ ਪੁਹੰਚਾ, ਜਿਥੇ ਕੁਮਾਰਲ ਭੱਟ ਚਿਖਾ ਚਿਣ ਕੇ ਉਸ ਨੂੰ ਅਗਨੀ ਦੇ ਕੇ ਆਪ ਵਿੱਚ ਬੈਠ ਚੁੱਕਾ ਸੀ। ਸ਼ੰਕ੍ਰਾਚਾਰੀਆ ਨੇ ਕੁਮਾਰਲ ਭਟ ਤੋਂ ਇਸ ਆਤਮ ਘਾਤ ਦਾ ਕਾਰਣ ਪੁਛਿਆ ਤਾਂ ਕੁਮਾਰਲ ਭੱਟ ਨੇ ਉੱਤਰ ਦਿੱਤਾ ਕਿ ਉਸ ਕੋਲੋਂ ਜੀਵਨ ਵਿੱਚ ਦੋ ਉੱਗ੍ਰ ਪਾਪ ਹੋਏ ਹਨ, ਜਿਨ੍ਹਾਂ ਦਾ ਪ੍ਰਾਇਸ਼ਚਿਤ ਉਹ ਆਪਣੇ ਸਰੀਰ ਨੂੰ ਅਗਨੀ ਭੇਟਾ ਕਰਕੇ ਕਰਨਾ ਚਾਹੁੰਦਾ ਹੈ। ਕੁਮਾਰਲ ਭੱਟ ਨੇ ਵਿਦਿਆ ਇਕ ਬੋਧ ਗੁਰੂ ਕੋਲੋਂ ਪਰਾਪਤ ਕੀਤੀ ਸੀ। ਜਦ ਕੁਮਾਰਲ ਭੱਟ ਨੇ ਸ਼ਾਸਤ੍ਰਰਥਾਂ ਵਿੱਚ ਬੋਧੀ ਵਿਦੱਵਾਨਾਂ ਨੂੰ ਹਰਾ ਕੇ ਨਿਰੁਤਰ ਕਰ ਦਿੱਤਾ ਤਾਂ ਭਾਰਤ ਦੇਸ਼ ਦੇ ਬਹੁਤ ਸਾਰਿਆਂ ਰਾਜਿਆਂ ਨੇ ਹੁਕਮ ਜਾਰੀ ਕਰ ਦਿੱਤੇ ਜੁ ਕੋਈ ਬੁੱਧ ਮੱਤ ਦਾ ਪੈਰੋਕਾਰ ਨ ਰਹੇ ਤੇ ਜੁ ਮੁੜ ਕੇ ਬ੍ਰਾਹਮਣੀ ਮੱਤ ਗ੍ਰਹਿਣ ਨਾ ਕਰੇ, ਉਸ ਨੂੰ ਮਾਰ ਦਿੱਤਾ ਜਾਵੇ। ਇਸ ਘਲੂਘਾਰੇ ਵਿੱਚ, ਜਿਸ ਦਾ ਕਿ ਮੁੱਖ ਕਾਰਣ ਕੁਮਾਰਲ ਭੱਟ ਸੀ, ਉਸ ਦਾ ਬੋਧੀ ਗੁਰੂ ਵੀ ਮਾਰਿਆ ਗਿਆ। ਇਉਂ ਕੁਮਾਰਲ ਭੱਟ ਆਪਣੇ ਆਪ ਨੂੰ ਗੁਰੂ ਹੱਤਿਆ ਦਾ ਦੋਸ਼ੀ ਸਮਝਦਾ ਸੀ, ਜਿਸ ਮਹਾਨ ਹੱਤਿਆ ਦਾ ਕਿ ਉਹ ਪ੍ਰਾਇਸ਼ਚਿਤ ਕਰਨਾ ਅਵੱਸ਼ ਸਮਝਦਾ ਸੀ। ਦੂਜਾ ਮਹਾਨ ਦੋਸ਼ ਆਪਣਾ

ਕੁਮਾਰਲ ਭੱਟ ਇਹ ਸਮਝਦਾ ਸੀ ਜੁ ਉਸ ਨੇ ਵੇਦਾਂ ਦੇ ਈਸ਼ਵਰ ਕ੍ਰਿਤ ਹੋਣ ਦਾ ਤੇ ਵੈਦਕ ਕਰਮ ਕਾਂਡਾਂ ਨੂੰ ਮੁਕਤ ਭੁਗਤ ਦੋਹਾਂ ਦਾ ਦਾਤਾ ਮੰਨਕੇ ਤੇ ਪ੍ਰਚਾਰ ਕੇ ਬ੍ਰਹਮ ਦੇ ਸਰਵ ਸ਼ਕਤੀਮਾਨ ਹੋਣ ਤੋਂ ਮਾਨੋਂ ਇਨਕਾਰ ਕੀਤਾ ਹੈ। ਇਸ ਮਹਾਨ ਪਾਪ ਦਾ ਪ੍ਰਾਇਸ਼ਚਿਤ ਭੀ ਚਿਤਾ ਵਿੱਚ ਜੀਵਤ ਜਲਕੇ ਹੀ ਸਮ੍ਰਿਤੀਆਂ ਅਨੁਸਾਰ ਹੋ ਸਕਦਾ ਹੈ। ਕਥਾ ਇਉਂ ਹੈ ਜੁ ਸ਼ੰਕ੍ਰਾਚਾਰੀਆ ਨੇ ਕੁਮਾਰਲ ਭੱਟ ਨਾਲ ਸ਼ਾਸਤ੍ਰਾਰਥ ਕਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਕੁਮਾਰਲ ਭੱਟ ਉਸ ਵੇਲੇ ਤੱਕ ਅੱਧਾ ਜਲ ਚੁਕਾ ਸੀ। ਕੁਮਾਰਲ ਭਟ ਨੇ ਕਿਹਾ, "ਮੇਰਾ ਸਮਾਂ ਹੁਣ ਅੰਤ ਹੋ ਗਿਆ ਹੈ। ਮੇਰਾ ਸ਼ਿਸ਼, ਮੰਡਣ ਮਿਸਰ, ਤੁਹਾਡੇ ਨਾਲ ਸ਼ਾਸਤ੍ਰਾਰਥ ਕਰੇਗਾ।" ਵੀਹ ਵਿਸਵੇ ਇਹ ਐਵੇਂ ਕਾਵ ਸੰਕੇਤਕ ਕਥਾ ਹੀ ਹੈ।

ਦੱਖਣ ਦੇਸ਼ ਵਿੱਚ, ਮਹਿਸ਼ਮਟੀ ਨਾਮੇ ਰਾਜ ਨਗਰ ਵਿੱਚ, ਮੰਡਣ ਮਿਸਰ ਰਾਜਗੁਰੂ ਸੀ। ਮੰਡਣ ਮਿਸਰ ਇਕ ਬੜੇ ਸੋਹਣੇ ਤੇ ਵਿਸ਼ਾਲ ਮਹਿਲ ਵਿਚ ਰਾਜਿਆਂ ਵਾਂਗਰ ਰਹਿੰਦਾ ਸੀ, ਜਿਸ ਦੇ ਦੁਆਲੇ ਇਕ ਬੜਾ ਵੱਡਾ ਬਾਗ਼ ਲਗਾ ਹੋਇਆ ਸੀ। ਮੰਡਣ ਮਿਸਰ ਦੀਆਂ ਦਰਜਨਾਂ ਦਾਸ ਦਾਸੀਆਂ ਸੇਵਾ ਲਈ ਸਨ ਤੇ ਬਾਗ਼ ਵਿੱਚ ਹਰ ਬੂਟੇ ਨਾਲ ਇਕ ਤੋਤੇ ਦਾ ਪਿੰਜਰਾ ਟੰਗਿਆ ਹੋਇਆ ਸੀ ਤੇ ਹਰ ਤੋਤਾ ਘੜੀ ਘੜੀ ਮੰਡਣ ਮਿਸਰ ਦਾ ਇਹ ਪ੍ਰਿਯ ਸ਼ਲੋਕ ਉਚਾਰੀ ਜਾਂਦਾ ਸੀ : "ਸੁਤਹ ਪ੍ਰਮਾਣਮ ਪ੍ਰਤਹ ਪ੍ਰਮਾਣਮ", ਜੋ ਕਿ ਪੂਰਵ ਮੀਮਾਂਸਾ ਨਾਮੀ ਨਿਯਾਯ ਦੇ ਸ਼ਾਸਤ੍ਰ ਦਾ ਸ਼ਲੋਕ ਹੈ, ਜਿਸ ਦਾ ਭਾਵ ਇਹ ਹੈ ਕਿ ਜੋ ਵਚਨ ਸੁਤੇ ਸਿਧ ਨਾ ਹੋਵੇ, ਉਸ ਨੂੰ ਸਿਧ ਕਰਨ ਲਈ ਹੋਰ ਪ੍ਰਮਾਣ ਦੇਣੇ ਪੈਂਦੇ ਹਨ। ਮੰਡਣ ਮਿਸਰ ਦੀ ਰਹਿਣੀ ਬਹਿਣੀ ਦਾ ਇਹ ਹਾਲ ਮਾਧਵ ਦੀ ਪ੍ਰਸਿੱਧ ਸੰਸਕ੍ਰਿਤ ਪੁਸਤਕ, "ਸ਼ੰਕਰ ਵਿਜੈ" ਵਿੱਚ ਦਿੱਤਾ ਹੈ। ਸ਼ੰਕ੍ਰਾਚਾਰੀਆ ਸ਼ਾਸਤ੍ਰਾਰਥ ਕਰਨ ਲਈ ਮਹਿਸ਼ਮਟੀ ਵਿੱਚ ਮੰਡਣ ਮਿਸਰ ਦੇ ਘਰ ਪੁੱਜਾ ਤਾਂ ਅੱਗੇ ਮੰਡਣ ਮਿਸਰ ਆਪਣੇ ਪਿੱਤਰਾਂ ਦਾ ਸ਼ਰਾਧ ਕਰਵਾ ਰਿਹਾ ਸੀ। ਕੁਮਾਰਲ ਭੱਟ ਦਾ ਚੇਲਾ ਤੇ ਕਰਮ ਮੀਮਾਂਸਾ ਸ਼ਾਸਤ੍ਰ ਦਾ ਪੈਰੋਕਾਰ, ਮੰਡਣ ਮਿਸਰ, ਸਨਿਆਸ ਧਾਰਣ ਕਰਨ ਦੀ ਪ੍ਰਣਾਲੀ ਨੂੰ ਵੇਦ ਵਿਰੁੱਧ ਤੇ ਕੁਧਰਮ ਸਮਝਦਾ ਸੀ। ਇਸ ਲਈ ਮੰਡਣ ਮਿਸਰ ਸ਼ੰਕ੍ਰਾਚਾਰੀਆਂ ਨੂੰ ਆਪਣੇ ਪਿੱਤਰੀ ਸ਼ਰਾਧਾਂ ਦੇ ਸਮੇਂ ਘਰ ਆਇਆ ਦੇਖ ਕੇ ਕੋਈ ਬਹੁਤਾ ਪ੍ਰਸੰਨ ਨਾ ਹੋਇਆ। ਮਾਧਵ ਨੇ ਆਪਣੀ ਪੁਸਤਕ ਸ਼ੰਕਰਵਿਜੈ ਵਿਚ ਇਸ ਸਮੇਂ ਜੁ ਇਨ੍ਹਾਂ ਦੋਹ ਮਹਾਨ ਪੰਡਤਾਂ ਵਿੱਚ ਤੂੰ ਤੂੰ, ਮੈਂ ਮੈਂ ਹੋਈ ਉਸਦਾ ਖੋਹਲ ਕੇ ਵਰਣਨ ਕੀਤਾ ਹੈ। ਮੁਕਦੀ ਗੱਲ ਇਹ ਕਿ ਸ਼ੰਕ੍ਰਾਚਾਰੀਆ ਨੇ ਮੰਡਣ ਮਿਸਰ ਨੂੰ ਜੋ ਸ਼ਾਸਤ੍ਰਾਰਥ ਲਈ ਵੰਗਾਰਿਆ ਤਾਂ ਮੰਡਣ ਮਿਸਰ ਮੰਨ ਗਿਆ, ਤੇ ਸ਼ਰਤ ਇਹ ਹੋਈ ਕਿ

ਸ਼ਾਸਤ੍ਰਾਰਥ ਵਿੱਚ ਜਿੱਤ ਜਾਏ, ਹਾਰਿਆ ਹੋਇਆ ਉਸ ਦਾ ਧਰਮ ਗ੍ਰਹਿਣ ਕਰ ਲਵੇ। ਜੇ ਮੰਡਣ ਮਿਸਰ ਜਿੱਤ ਜਾਵੇ ਤਾਂ ਸ਼ੰਕ੍ਰਾਚਾਰੀਆ ਸਨਿਆਸ ਤਿਆਗ ਕੇ ਗ੍ਰਹਿਸਤ ਵਿਚ ਆ ਜਾਵੇ, ਅਤੇ ਇਹ ਇਕ ਸਨਿਆਸੀ ਲਈ ਬੜਾ ਨੀਚ ਤੇ ਪਤਿਤ ਕਰਮ ਗਿਣਿਆ ਜਾਂਦਾ ਹੈ। ਜੇ ਸ਼ੰਕ੍ਰਾਚਾਰੀਆਂ ਜਿੱਤ ਜਾਵੇ ਤਾਂ ਮੰਡਣ ਮਿਸਰ ਗ੍ਰਹਿਸਤ ਤਿਆਗ ਕੇ ਸਨਿਆਸੀ ਬਣ ਜਾਵੇ, ਜੋ ਕਿ ਕਰਮ ਮੀਮਾਂਸਾ ਦੇ ਮੱਤ ਅਨੁਸਾਰ ਬੜਾ ਕੁਧਰਮ ਹੈ, ਕਿਉਂ ਜੁ ਸਨਿਆਸੀ ਵੇਦਾਂ ਸ਼ਾਸਤ੍ਰਾਂ ਵਿੱਚ ਕਹੇ ਹੋਏ ਸਭ ਕਰਮ ਕਾਂਡ ਤਿਆਗ ਦਿੰਦੇ ਹਨ ਤੇ ਕੇਵਲ ਚਤੁਸ਼ਟਯ ਸਾਧਨ, ਆਤਮਕ ਉੱਨਤੀ ਲਈ ਦਰਸਾਏ ਹੋਏ ਚੌਹ ਸਾਧਨਾਂ, ਦੀ ਪਾਲਨਾ ਕਰਦੇ ਹਨ ਤੇ ਵੇਦਾਂਤ ਸੂਤ੍ਰਾਂ, ਵਿਚ ਆਏ ਮਹਾਂਵਾਕ, 'ਸੋਹਮ' ਯਾ 'ਅਹਮ-ਬ੍ਰਹਮਾਸਮਿ' ਆਦਿ ਦਾ ਹੀ ਸਿਮਰਨ ਕਰਨਾ ਮੋਕਸ਼ ਪ੍ਰਾਪਤੀ ਦਾ ਕਾਰਣ ਮੰਨਦੇ ਸਨ।

ਨਿਸ਼ਚਾ ਇਹ ਹੋਇਆ ਕਿ ਜਦ ਦੋਵੇਂ ਪੰਡਿਤ ਸ਼ਾਸਤ੍ਰਾਰਥ ਕਰਨ ਤਾਂ ਮੰਡਣ ਮਿਸਰ ਦੀ ਇਕ ਮਹਾਨ ਵਿਦਵਾਨ, ਪਤਿਬ੍ਰਤਾ ਤੇ ਰੂਪਵਤੀ ਇਸਤ੍ਰੀ, ਜਿਸ ਦਾ ਨਾਮ ਕਿ 'ਭਾਰਤੀ' ਸੀ, ਇਹਨਾਂ ਦੋਹਾਂ ਪੰਡਿਤਾਂ ਵਿਚਕਾਰ ਪੰਚ ਬਣੇ ਤੇ ਅੰਤਮ ਫੈਸਲਾ ਦੇਵੇ ਕਿ ਕੌਣ ਜਿੱਤਿਆ ਤੇ ਕੌਣ ਹਾਰਿਆ। ਇਹ ਭਾਰਤੀ ਇਤਨੀ ਧੁਰੰਧਰ ਵਿਦਵਾਨ ਸੀ ਕਿ ਪਿਛੋਂ ਜਾ ਕੇ ਸ਼ੰਕ੍ਰਾਚਾਰੀਆਂ ਨੇ ਆਪ ਇਸ ਨੂੰ ਸਾਰਦਾ ਅਥਵਾ ਸੁਰਸ੍ਵਤੀ ਦਾ ਅਵਤਾਰ ਜਾਣ ਕੇ ਸਤਕਾਰਿਆ।

ਮਾਧਵ 'ਸ਼ੰਕ੍ਰ-ਵਿਜੈ' ਵਿਚ ਲਿਖਦਾ ਹੈ ਕਿ ਜਦੋਂ ਮੰਡਣ ਮਿਸਰ ਸ਼ਾਸਤ੍ਰਾਰਥ ਵਿੱਚ ਹਾਰ ਗਿਆ ਤਾਂ ਭਾਰਤੀ ਨੇ ਸ਼ਾਸਤ੍ਰਾਰਥ ਆਪ ਕਰਨਾ ਚਾਹਿਆ। ਜਦੋਂ ਸ਼ੰਕ੍ਰਾਚਾਰੀਆ ਨੇ ਇਸਤਰੀ ਨਾਲ ਸ਼ਾਸਤ੍ਰਾਰਥ ਕਰਨ ਤੋਂ ਨਾਂਹ ਕੀਤੀ ਤਾਂ ਭਾਰਤੀ ਨੇ ਸਮ੍ਰਿਤੀਆਂ ਵਿਚੋਂ ਹਵਾਲੇ ਦੇ ਕੇ ਦਸਿਆ ਜੁ ਇਸਤਰੀਆਂ ਵੇਦ ਪੜ੍ਹਨ ਤੇ ਸ਼ਾਸਤ੍ਰਾਰਥ ਕਰਨ ਦੀਆਂ ਅਧਿਕਾਰੀ ਹਨ ਤਾਂ ਸ਼ੰਕ੍ਰਾਚਾਰੀਆ ਨੂੰ ਮੰਨਣਾ ਪਿਆ। ਦਸ ਦਿਨ ਭਾਰਤੀ ਤੇ ਸ਼ੰਕ੍ਰਾਕਾਰੀਆ ਵਿਚਕਾਰ ਵਖੋ-ਵੱਖ ਸ਼ਾਸਤ੍ਰਾਂ ਦੇ ਵੱਖ-ਵੱਖ ਵਿਸ਼ਿਆਂ ਤੇ ਸ਼ਾਸਤ੍ਰਾਰਥ ਹੁੰਦਾ ਰਿਹਾ ਤੇ ਸ਼ੰਕ੍ਰਾਚਾਰੀਆ ਜਿੱਤਦਾ ਰਿਹਾ, ਤਾਂ ਭਾਰਤੀ ਨੇ ਇਹ ਜਾਣ ਕੇ ਜੁ ਸ਼ੰਕ੍ਰਾਚਾਰੀਆ ਬਾਲ ਬ੍ਰਹਮਚਾਰੀ ਤੇ ਬਾਲ ਸਨਿਆਸੀ ਹੈ, ਤੇ ਇਸ ਲਈ ਗ੍ਰਹਿਸਤ ਧਰਮ ਦੇ ਰਹੱਸਯ ਤੋਂ ਅਗਿਆਤ ਹੈ, ਉਸ ਨੂੰ ਇਸ ਵਿਸ਼ੇ ਉੱਤੇ ਸ਼ਾਸਤ੍ਰਾਰਥ ਕਰਕੇ ਪ੍ਰਾਜੈ ਕਰਨ ਦੇ ਮੰਤਵ ਤੋਂ ਕਾਮ ਸ਼ਾਸਤਰ ਦੇ ਸੂਤਰ ਪੜ੍ਹੇ। ਸ਼ੰਕ੍ਰਾਚਾਰੀਆ ਨੂੰ ਇਸ ਸ਼ਾਸਤਰ ਦਾ ਬਿਲਕੁਲ ਕੋਈ ਬੋਧ ਨਹੀਂ ਸੀ। ਸੋ ਸ਼ੰਕ੍ਰਾਚਾਰੀਆ ਨੇ ਇਕ ਮਹੀਨੇ ਦੀ ਮੁਹਲਤ ਮੰਗੀ ਤੇ ਸ਼ਾਸਤ੍ਰਾਰਥ ਮੁਲਤਵੀ ਹੋ ਗਿਆ।

ਸ਼ੰਕ੍ਰਾਚਾਰੀਆ ਨਰਬਦਾ ਨਦੀ ਦੇ ਕੰਢੇ ਇਕ ਜੰਗਲ ਵਿਚ ਮੁੜ ਆਇਆ ਤੇ ਉਥੇ ਆਪਣੇ ਸ਼ਿਸ਼ਾਂ ਨੂੰ ਕਿਹਾ, "ਮੈਂ ਆਪਣਾ ਸਰੀਰ ਤਿਆਗ ਕੇ ਇਕ ਮਹੀਨੇ ਲਈ ਕਿਸੇ ਹੋਰ ਸਰੀਰ ਵਿੱਚ ਪ੍ਰਵੇਸ਼ ਕਰਨ ਲੱਗਾ ਹਾਂ। ਮੇਰੇ ਸਰੀਰ ਨੂੰ ਇਸ ਬਰਖ ਦੇ ਖੁੰਡ ਵਿੱਚ ਛੁਪਾ ਦਿਉ ਤੇ ਦਿਨ ਰਾਤ ਇਸ ਦੀ ਰੱਖਿਆ ਕਰੋ, ਜਦੋਂ ਤੱਕ ਮੈਂ ਮੁੜ ਨਾ ਆਵਾਂ।" ਉਸ ਵੇਲੇ ਕਿਸੇ ਨਾਲ ਦੀ ਰਾਜਧਾਨੀ ਵਿੱਚ ਇਕ ਰਾਜਾ, ਅਮਰੁਕ ਨਾਮੀ, ਮਿਰਤੂ ਹੋ ਗਿਆ ਸੀ ਤੇ ਉਸ ਦੇ ਸਰੀਰ ਨੂੰ ਅਗਨੀ ਭੇਟ ਕਰਨ ਲਗੇ ਹੀ ਸਨ ਜੁ ਸ਼ੰਕਰ ਦੀ ਆਤਮਾ ਅਮਰੁਕ ਦੇ ਮਿਰਤੂ ਸਰੀਰ ਵਿੱਚ ਪ੍ਰਵੇਸ਼ ਕਰ ਗਈ। ਰਾਣੀਆਂ, ਮੰਤਰੀ, ਪਰਜਾ ਸਭ ਅਮਰੁਕ ਦੇ ਮੁੜ ਜੀਵਤ ਹੋ ਉੱਠਣ ਨਾਲ ਬੜੇ ਪ੍ਰਸੰਨ ਹੋਏ ਤੇ ਇਉਂ ਸ਼ੰਕਰ ਅਮਰੁਕ ਦੇ ਰੂਪ ਵਿੱਚ ਗ੍ਰਹਿਸਤ ਦੇ ਭੋਗ ਭੋਗਣ ਲੱਗਾ। ਗ੍ਰਹਿਸਤ ਦੇ ਭੋਗਾਂ ਬਾਰੇ ਜੋ ਅਨੁਭਵ ਤੇ ਭਾਵ ਸ਼ੰਕਰ ਦੀ ਆਤਮਾ ਨੇ ਅਮਰੁਕ ਰਾਜੇ ਦੇ ਸਰੀਰ ਵਿੱਚ ਪ੍ਰਵੇਸ਼ ਕਰਕੇ ਸਮਝੇ, ਉਹ ਸ਼ੰਕਰ ਦੇ ਅੰਕਤ ਕੀਤੇ ਹੋਏ "ਅਮਰੁਕ ਸ਼ੱਤਕ" ਨਾਮੀ ਗ੍ਰੰਥ ਦੇ ਰੂਪ ਵਿੱਚ ਅੱਜ ਵੀ ਮਿਲਦੇ ਹਨ। ਸ਼ੰਕਰ ਦੀ ਆਤਮਾ ਮੁੜ ਆਪਣੇ ਸਰੀਰ ਵਿੱਚ ਪ੍ਰਵੇਸ਼ ਕਰ ਗਈ ਤੇ ਸ਼ੰਕ੍ਰਾਚਾਰੀਆਂ ਨੇ ਕਾਮ ਸ਼ਾਸਤ੍ਰ ਤੇ ਸ਼ਾਸਤ੍ਰਾਰਥ ਵਿੱਚ ਵੀ ਭਾਰਤੀ ਨੂੰ ਹਰਾ ਦਿੱਤਾ। ਇਉਂ ਮੰਡਣ ਮਿਸਰ ਤੇ ਭਾਰਤੀ ਦੋਵੇਂ ਗ੍ਰਹਿਸਤ ਦਾ ਤਿਆਗ ਕਰਕੇ ਸਨਿਆਸੀ ਬਣ ਗਏ।

ਸ਼ੰਕ੍ਰਾਚਾਰੀਆ ਇਸ ਤੋਂ ਪਿਛੋਂ ਸਾਰੇ ਮਹਾਂਰਾਸ਼ਟਰ ਵਿੱਚ ਗਮਨ ਕਰਦੇ ਰਹੇ ਤੇ ਜਿਥੇ ਕਿਤੇ ਵੀ ਸੂਹ ਪੈਂਦੀ ਕਿ ਧਾਰਮਿਕ ਭੁੱਲਾਂ ਦਾ ਪਰਚਾਰ ਹੋ ਰਿਹਾ ਹੈ, ਉਥੇ ਹੀ ਸ਼ੰਕ੍ਰਾਚਾਰੀਆ ਆਪਣੇ ਸ਼ਿਸ਼ਾਂ ਸਮੇਤ ਪਹੁੰਚਦੇ ਤੇ ਸ਼ਾਸਤ੍ਰਾਰਥ ਕਰਕੇ ਵੇਦਾਂਤ ਸੂਤ੍ਰਾਂ ਦਾ ਜੋ ਭਾਵਾਰਥ ਸ਼ੰਕ੍ਰਾਚਾਰੀਆ ਨੇ ਕੀਤਾ ਹੈ ਉਸ ਨੂੰ ਮੰਨਵਾ ਲੈਂਦੇ ਤੇ ਉਸ ਦਾ ਪਰਚਾਰ ਕਰਦੇ। ਸ਼ੰਕ੍ਰਾਚਾਰੀਆ ਦੇ ਇਹ ਸਿਧਾਂਤ, ਅਦ੍ਵੈਤਵਾਦ, ਕਹਾਉਂਦੇ ਹਨ, ਕਿਉਂਜੁ ਇਹਨਾਂ ਸਿਧਾਂਤਾਂ ਦਾ ਤਤ੍ਵ, ਬ੍ਰਹਮ ਦੁਤੀਆਂ ਨਾਸਤਿ ਹੈ। ਭਾਵ ਇਹ ਇਕ ਬ੍ਰਹਮ ਹੀ ਸੱਤ ਹੈ, ਬਾਕੀ ਜੋ ਕੁਛ ਪਰਤੀਤ ਹੁੰਦਾ ਹੈ, ਉਹ ਅਸੱਤ ਹੈ।

ਮਹਾਂਰਾਸ਼ਟਰ ਵਿੱਚ ਵਿਚਰਨ ਤੇ ਪਰਚਾਰ ਕਰਨ ਤੋਂ ਪਿਛੋਂ ਸ਼ੰਕ੍ਰਾਚਾਰੀਆ ਪਰੇ ਦੱਖਣ ਵਲ ਨੂੰ ਚਲੇ ਗਏ। ਇਉਂ ਵਿਚਰਦੇ-ਵਿਚਰਦੇ ਸ਼ੰਕ੍ਰਾਚਾਰੀਆ ਤੁੰਗ ਭੱਦਰਾ ਨਦੀ ਦੇ ਸੋਮੇ ਕੋਲ ਪੁੱਜ ਗਏ, ਜਿਥੇ ਕਿ ਸ਼ੰਕ੍ਰਾਚਾਰੀਆ ਨੇ ਇਕ ਮੰਦਰ ਬਣਵਾਇਆ ਜਿਸ ਵਿੱਚ ਕਿ ਸਾਰਦਾ ਦੀ ਮੂਰਤੀ ਸਥਾਪਤ ਕੀਤੀ। ਇਸ ਮੰਦਰ ਦੇ ਨਾਲ ਇਕ ਮੱਠ ਦੀ ਸਥਾਪਨਾ ਕੀਤੀ, ਤੇ ਉਸ ਮੱਠ ਦਾ ਸ੍ਰੀ ਮਹੰਤ, ਮੰਡਣ ਮਿਸਰ ਨੂੰ ਥਾਪਿਆ ਜਿਸ ਦਾ ਨਾਮ ਕਿ ਉਸ ਦੇ ਸਨਿਆਸੀ ਬਨਣ ਉਪਰੰਤ, ਸੁਰੇਸ਼੍ਵਰ ਆਚਾਰੀਆ ਰੱਖ ਦਿੱਤਾ ਗਿਆ ਸੀ। ਇਹ ਮੱਠ ਦੱਖਣੀ ਭਾਰਤ ਦਾ

ਮਹਾਨ ਪ੍ਰਸਿਧ ਧਾਰਮਿਕ ਅਸਥਾਨ, ਸ਼੍ਰਿੰਗੇਰੀ ਮੱਠ ਹੈ, ਤੇ ਇਸ ਮੱਠ ਦਾ ਸ੍ਰੀ ਮਹੰਤ ਅੱਜ ਵੀ ਸੁਰੇਸ਼੍ਵਰਾਚਾਰੀਆ ਹੀ ਕਹਾਉਂਦਾ ਹੈ। ਇਸ ਮੱਠ ਨਾਲ ਰਾਜਿਆਂ ਵਲੋਂ ਭਾਰੀਆਂ ਜਗੀਰਾਂ ਲੱਗੀਆਂ ਹੋਈਆਂ ਹਨ ਤੇ ਇਹ ਸਨਿਆਸੀ ਸੰਪ੍ਰਦਾਏ ਦਾ ਬੜਾ ਮਾਨਨੀਯ ਤੇ ਪ੍ਰਤਿਸ਼ਟ ਮੱਠ ਹੈ।

ਇਥੇ ਸ਼੍ਰਿੰਗੇਰੀ ਮੱਠ ਵਿੱਚ ਸ਼ੰਕ੍ਰਾਚਾਰੀਆ ਕੁਛ ਸਮਾਂ ਟਿਕੇ ਰਹੇ ਤੇ ਲਿਖਣ ਲਿਖਾਣ ਦਾ ਕੰਮ ਕਰਦੇ ਰਹੇ। ਇਥੇ ਹੀ ਸ਼ੰਕ੍ਰਾਚਾਰੀਆ ਨੇ ਇੱਛਾ ਪ੍ਰਗਟ ਕੀਤੀ ਕਿ ਮੰਡਣ ਮਿਸਰ, ਜੋ ਕਿ ਹੁਣ ਸੁਰੇਸ਼੍ਵਰਾਚਾਰੀਆ ਸੀ, ਸ਼ੰਕ੍ਰਾਚਾਰੀਆ ਰਚਿਤ ਵੇਦਾਂਤ ਸੂਤ੍ਰ ਪਰਿਭਾਸ਼ਾ ਉੱਤੇ ਪ੍ਰਯਾਯ ਲਿਖੇ ਤਾਂ ਜੁ ਅਗੋਂ ਤੋਂ ਸ਼ੰਕ੍ਰਾਚਾਰੀਆ ਦੇ ਸਿਧਾਂਤ ਬਾਰੇ ਕੋਈ ਭੁਲੇਖਾ ਨਾ ਰਹੇ। ਪਰ ਸ਼ੰਕ੍ਰਾਚਾਰੀਆ ਦੇ ਸ਼ਿਸ਼ਾਂ ਨੇ ਇਸ ਇੱਛਾ ਦੀ ਵਿਰੋਧਤਾ ਇਹ ਕਹਿ ਕੇ ਕੀਤੀ ਜੋ ਮੰਡਣ ਮਿਸਰ ਇਤਨੇ ਵੱਡੇ ਸਨਮਾਨ ਦੇ ਯੋਗ ਨਹੀਂ ਕਿਉਂ ਜੁ ਉਹ ਆਪਣੇ ਵਿਸ਼ਵਾਸ਼ਾਂ ਵਿਚ ਕਰਮ ਕਾਂਡੀ ਹੈ ਤੇ ਕੇਵਲ ਸ਼ਾਸਤ੍ਰਾਰਥ ਵਿਚ ਹਾਰ ਕੇ ਸਨਿਆਸੀ ਬਣਿਆ ਹੈ ਤਾਂ ਸ਼ੰਕ੍ਰਾਚਾਰੀਆ ਨੇ ਇਹ ਪ੍ਰਯਾਯ ਲਿਖਣ ਦਾ ਸਨਮਾਨ ਆਪਣੇ ਪ੍ਰਿਦਮ ਚੇਲੇ, ਪਦਮਪਦ, ਨੂੰ ਦੇ ਦਿੱਤਾ ਤੇ ਮੰਡਣ ਮਿਸਰ ਨੂੰ ਉਪਨਿਖਦਾਂ ਉੱਤੇ ਭਾਸਾ ਲਿਖਣ ਦੀ ਆਗਿਆ ਕੀਤੀ।

ਸ਼ੰਕ੍ਰਾਚਾਰੀਆ ਅਜੇ ਇਸ ਸ਼੍ਰਿੰਗੇਰੀ ਮੱਠ ਵਿਚ ਹੀ ਸੀ ਜੁ ਉਸ ਨੂੰ ਆਪਣੀ ਮਾਤਾ ਦੇ ਅੰਤ ਸਮਾਂ ਪੁੱਜ ਜਾਣ ਦੀ ਖ਼ਬਰ ਪਹੁੰਚੀ। ਸ਼ੰਕ੍ਰਾਚਾਰੀਆ ਬਿਨਾਂ ਬਿਲੰਬ ਦੇ ਆਪਣੇ ਜਨਮ ਗ੍ਰਾਮ ਆਪਣੀ ਮਾਤਾ ਕੋਲ ਪੁੱਜਾ ਤੇ ਆ ਉਸ ਦੇ ਚਰਣਾਂ ਉੱਤੇ ਆਪਣਾ ਸੀਸ ਰੱਖ ਦਿੱਤਾ। ਇਹ ਗੱਲ ਸਨਿਆਸ ਧਰਮ ਵਿਰੁੱਧ ਹੈ, ਕਿਉਂ ਜੁ ਸਨਿਆਸੀ ਸਭ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਕੇ, ਸੰਸਾਰ ਵਲੋਂ ਮਿਰਤੂ ਹੋ ਜਾਂਦਾ ਹੈ, ਤੇ ਇਉਂ ਉਸ ਦਾ ਕੋਈ ਸਾਕ ਸੰਬੰਧੀ ਨਹੀਂ ਰਹਿੰਦਾ। ਅੱਗ੍ਰਹਾਰ ਦੇ ਬ੍ਰਾਹਮਣਾਂ ਨੇ ਸ਼ੰਕ੍ਰਾਚਾਰੀਆ ਦੇ ਆਪਣੀ ਮਾਤਾ ਦੇ ਚਰਣਾਂ ਉੱਤੇ ਸੀਸ ਰੱਖਣ ਨੂੰ ਸਨਿਆਸ ਧਰਮ ਤੋਂ ਪਤਿਤ ਹੋਣ ਦੇ ਤੁੱਲ ਸਮਝਿਆ ਤੇ ਜਦੋਂ ਸ਼ੰਕ੍ਰਾਚਾਰੀਆ ਦੀ ਮਾਤਾ ਦਾ ਦੇਹਾਂਤ ਹੋ ਗਿਆ ਤਾਂ ਕੋਈ ਬ੍ਰਾਹਮਣ ਉਸ ਦੀ ਮਾਤਾ ਦੀ ਅਰਥੀ ਚੁੱਕਣ ਨਾ ਆਇਆ, ਕਿਉਂ ਜੁ ਉਹ ਇਹ ਸਮਝਦੇ ਸਨ ਕਿ ਸ਼ੰਕ੍ਰਾਚਾਰੀਆ ਸਨਿਆਸੀ ਹੋ ਕੇ ਆਪਣੀ ਮਾਤਾ ਦਾ ਕ੍ਰਿਆ ਕਰਮ ਕਰਨ ਦਾ ਅਧਿਕਾਰੀ ਨਹੀਂ। ਕਹਿੰਦੇ ਹਨ ਸ਼ੰਕਰ ਨੇ ਆਪ, ਇਕੱਲਿਆਂ ਹੀ ਆਪਣੀ ਮਾਤਾ ਦੇ ਸ਼ਰੀਰ ਨੂੰ ਅਸ਼ਨਾਨ ਕਰਵਾਇਆ ਤੇ ਫੇਰ ਆਪਣੇ ਘਰ ਦੇ ਵੇਹੜੇ ਵਿਚ ਹੀ ਚਿਖਾ ਚਿਣ ਕੇ ਆਪਣੀ ਮਾਤਾ ਦੇ ਸ਼ਰੀਰ ਦੇ ਟੋਟੇ ਕਰਕੇ, ਉਸ ਚਿਖਾ ਉੱਤੇ ਰੱਖ ਕੇ, ਉਸ ਦਾ ਦਾਹ ਸੰਸਕਾਰ ਕਰ ਦਿੱਤਾ। ਇਉਂ ਸ਼ੰਕਰ ਨੇ ਆਪਣਾ ਉਹ ਬਚਨ ਪਾਲਿਆ ਜੋ ਉਸ ਨੇ

ਸਨਿਆਸ ਧਾਰਨ ਕਰਨ ਤੋਂ ਪਹਿਲਾਂ ਆਪਣੀ ਮਾਤਾ ਨਾਲ ਕੀਤਾ ਸੀ, ਕਿ ਉਹ ਉਸ ਦਾ ਅੰਤਮ ਸੰਸਕਾਰ ਜਿਵੇਂ ਕਿਵੇਂ ਭੀ ਹੋਵੇ ਆਪਣੇ ਹੱਥੀਂ ਕਰੇਗਾ। ਰਵਾਇਤ ਇਉਂ ਹੈ, ਕਿ ਜਦੋਂ ਉਥੋਂ ਦੇ ਰਾਜੇ ਨੂੰ ਅੱਗ੍ਰਹਾਰ ਦੇ ਬ੍ਰਾਹਮਣਾਂ ਦੀ ਇਸ ਧਾਰਮਿਕ ਨਿਰਦੈਤਾ ਦਾ ਪਤਾ ਲੱਗਾ ਤਾਂ ਉਸ ਨੇ ਹੁਕਮ ਕੱਢ ਦਿੱਤਾ ਕਿ ਉਨ੍ਹਾਂ ਬ੍ਰਾਹਮਣਾਂ ਦੀ ਕੁਲ ਵਿੱਚ ਜਿਨ੍ਹਾਂ ਨੇ ਕਿ ਸ਼ੰਕ੍ਰਾਚਾਰੀਆ ਦੀ ਮਾਤਾ ਦੀ ਮਿਰਤੂ ਸਮੇਂ ਸ਼ੰਕ੍ਰਾਚਾਰੀਆ ਨਾਲ ਇਹ ਸਲੂਕ ਕੀਤਾ ਹੈ, ਹਮੇਸ਼ਾਂ ਮੁਰਦੇ ਘਰ ਵਿੱਚ ਹੀ ਜਲਾਏ ਜਾਇਆ ਕਰਨ ਤੇ ਮੁਰਦਿਆਂ ਨੂੰ ਅਗਨਭੇਟ ਕਰਨ ਤੋਂ ਪਹਿਲਾਂ ਉਨ੍ਹਾਂ ਮੁਰਦਿਆਂ ਦੇ ਸ਼ਰੀਰ ਦੇ ਟੁਕੜੇ ਕੀਤੇ ਜਾਇਆ ਕਰਨ। ਅੱਜ ਤਕ ਨੰਮਬੂੰਦ੍ਰੀ ਬ੍ਰਾਹਮਣਾਂ ਦੀਆਂ ਕੁਲਾਂ ਵਿੱਚ ਰਿਵਾਜ ਹੈ ਕਿ ਮ੍ਰਿਤਕ ਘਰਾਂ ਵਿੱਚ ਹੀ ਜਲਾਏ ਜਾਂਦੇ ਹਨ ਤੇ ਮੁਰਦੇ ਦੇ ਸਰੀਰ ਨੂੰ ਅਗਨੀ ਭੇਟ ਕਰਨ ਤੋਂ ਪਹਿਲਾਂ ਛੁਰੀ ਨਾਲ ਮੁਰਦੇ ਦੀਆਂ ਟੰਗਾਂ ਤੇ ਬਾਹਵਾਂ ਉੱਤੇ ਨਿਸ਼ਾਨ ਲਾ ਦਿੰਦੇ ਹਨ।

ਆਪਣੀ ਮਾਤਾ ਦਾ ਅੰਤਮ ਸੰਸਕਾਰ ਕਰਨ ਪਿਛੋਂ ਸ਼ੰਕ੍ਰਾਚਾਰੀਆ ਸ਼੍ਰਿੰਗੇਰੀ ਮੱਠ ਵਿੱਚ ਮੁੜ ਆਇਆ। ਇਥੇ ਥੋੜ੍ਹਾ ਕੁ ਸਮਾਂ ਟਿਕ ਕੇ ਸ਼ੰਕ੍ਰਾਚਾਰੀਆ ਨੇ ਦੱਖਣੀ ਭਾਰਤ ਦੀ ਪੂਰਬੀ ਸਮੁੰਦਰੀ ਕੰਧੀ ਦੇ ਦੇਸ਼, ਕਾਰੋਮੰਡਲ ਦਾ ਦੌਰਾ ਕੀਤਾ ਅਤੇ ਜਿਥੇ ਜਿਥੇ ਧਰਮ ਪ੍ਰਚਾਰ ਦੇ ਕੇਂਦਰ ਯਾ ਉੱਘੇ ਉੱਘੇ ਠਿਕਾਣੇ ਸਨ, ਉਹ ਉਥੇ ਪਹੁੰਚੇ ਤੇ ਆਪਣੇ ਸਿਧਾਂਤ, ਅਦ੍ਵੈਤਵਾਦ, ਦਾ ਪਰਚਾਰ ਕੀਤਾ। ਪੁਰੀ ਨਾਮੀ ਤੀਰਥ ਉੱਤੇ, ਜੋ ਕਿ ਅੱਜ ਕੱਲ ਜਗਨਨਾਥਪੁਰੀ ਕਹਿਲਾਂਦਾ ਹੈ, ਸ਼ੰਕ੍ਰਾਚਾਰੀਆ ਨੇ ਇਕ ਮੱਠ ਦੀ ਸਥਾਪਨਾ ਕੀਤੀ ਜੋ ਕਿ ਸਨਿਆਸੀਆਂ ਦਾ ਦੂਜਾ ਮਹਾਨ ਤੇ ਜਗਤ ਪ੍ਰਸਿੱਧ ਮੱਠ ਹੈ ਤੇ ਗਵਰਧਨ ਮੱਠ ਅਖਵਾਉਂਦਾ ਹੈ। ਉਸ ਸਮੇਂ ਕਾਂਜੀਵਰਮ ਸ਼ਾਕਤ ਮੱਤ ਦਾ ਗੜ੍ਹ ਸੀ, ਤੇ ਕਾਂਚੀ ਸ਼ਹਿਰ ਦਾ ਕਾਮਾਖਸ਼ੀ ਦੇਵੀ ਦਾ ਮੰਦਰ, ਤੇ ਮਦੂਰਾ ਸ਼ਹਿਰ ਦਾ ਮੀਨਾਕਸ਼ੀ ਦੇਵੀ ਦਾ ਮੰਦਰ, ਸ਼ਾਕਤ ਮੱਤ ਦੇ ਕੇਂਦਰ ਸਨ। ਸ਼ੰਕ੍ਰਾਚਾਰੀਆ ਨੇ ਇਸ ਦੇਸ਼ ਵਿੱਚ ਸ਼ਾਕਤ ਮੱਤ ਦਾ ਸੁਧਾਰ ਕੀਤਾ ਤੇ ਇਹਨਾਂ ਮਹਾਨ ਮੰਦਰਾਂ ਵਿਚੋਂ ਕੁਰੀਤੀਆਂ ਤੇ ਰਕਤ ਸਰਾਵ ਰਸਮਾਂ ਬੰਦ ਕੀਤੀਆਂ। ਇਉਂ ਦੱਖਣੀ ਭਾਰਤ ਵਿਚ ਦੋ ਮਹਾਨ ਮੱਠਾਂ ਦੀ ਸਥਾਪਨਾ ਕਰਕੇ ਸਨਿਆਸੀ ਪਰਚਾਰਕਾਂ ਰਾਹੀਂ ਸਾਰੇ ਦੱਖਣੀ ਭਾਰਤ ਵਿੱਚ ਲਗਾਤਾਰ ਧਰਮ ਪ੍ਰਚਾਰ ਦਾ ਪੱਕਾ ਪ੍ਰਬੰਧ ਕਰਕੇ, ਸ਼ੰਕ੍ਰਾਚਾਰੀਆ ਨੇ ਉੱਤਰੀ ਭਾਰਤ, ਜਿਸ ਨੂੰ ਕਿ ਹਿੰਦੁਸਤਾਨ ਕਹਿੰਦੇ ਹਨ, ਵਿਚ ਪ੍ਰਚਾਰ ਕਰਨ ਦਾ ਸੰਕਲਪ ਕੀਤਾ। ਬਰਾਰ ਪ੍ਰਦੇਸ਼ ਵਿਚੋਂ ਲੰਘਕੇ ਸ਼ੰਕ੍ਰਾਚਾਰੀਆ, ਆਪਣੇ ਕੁਛ ਚੇਲਿਆਂ ਸਮੇਤ, ਉਜੈਨ ਆਏ। ਉਜੈਨ ਉਦੋਂ ਭੈਰਵ ਮੱਤ ਦੇ ਆਗੂ, ਕ੍ਰਕੱਚ,

ਨਾਲ ਸ਼ਾਸਤ੍ਰਾਰਥ ਕਰ ਕੇ ਉਸ ਨੂੰ ਪ੍ਰਾਜੈ ਕੀਤਾ ਤੇ ਉਥੇ ਅਦ੍ਵੈਤਵਾਦ ਦਾ ਪ੍ਰਚਾਰ ਕੀਤਾ। ਉਸ ਤੋਂ ਪਿਛੋਂ ਸ਼ੰਕ੍ਰਾਚਾਰੀਆ ਗੁਜਰਾਤ ਦੇਸ਼ ਨੂੰ ਚਲੇ ਗਏ ਤੇ ਉਥੇ ਦਵਾਰਕਾ ਨਗਰ ਵਿਚ, ਤੀਜਾ ਮੱਠ ਸਥਾਪਤ ਕੀਤਾ। ਉਸ ਤੋਂ ਪਿਛੋਂ ਸ਼ੰਕ੍ਰਾਚਾਰੀਆਂ ਗੰਗਾ ਦੇ ਕੰਢੇ, ਕਾਸ਼ੀ ਵਲ ਨੂੰ ਆਏ ਤੇ ਰਾਹ ਵਿੱਚ ਮੱਤ ਮਤਾਂਤ੍ਰਾਂ ਦੇ ਵਿਦਵਾਨਾਂ ਨਾਲ ਸ਼ਾਸਤ੍ਰਾਰਥ ਕਰ ਉਨ੍ਹਾਂ ਨੂੰ ਪ੍ਰਾਜੈ ਕਰਦੇ ਗਏ। ਭਾਸਕਰ, ਬਾਣ, ਡੰਡਿਨ ਆਦਿਕ, ਬੜੇ-ਬੜੇ ਵਿਦਵਾਨ ਪੰਡਿਤ ਇਸ ਦੌਰੇ ਵਿੱਚ ਸ਼ੰਕ੍ਰਾਚਾਰੀਆ ਨਾਲ ਸ਼ਾਸਤ੍ਰਾਰਥ ਕਰ ਕੇ ਹਾਰੇ ਤੇ ਵੇਦਾਂਤ ਸੂਤਰਾਂ ਦੇ ਅਦ੍ਵੈਤਵਾਦ ਸਿਧਾਂਤ ਨੂੰ ਸਵੀਕਾਰ ਕੀਤਾ। ਇਸ ਤੋਂ ਪਿਛੋਂ ਸ਼ੰਕ੍ਰਾਚਾਰੀਆਂ ਹਿਮਾਲਯ ਪ੍ਰਦੇਸ਼ ਵਿੱਚ ਵਿਚਰਦੇ ਕਸ਼ਮੀਰ ਦੇਸ਼ ਤੱਕ ਪਹੁੰਚੇ, ਜਿਥੇ ਕਿ ਸ੍ਰੀ ਨਗਰ ਸ਼ਹਿਰ ਦੇ ਲਾਗੇ ਸ਼ੰਕ੍ਰਾਚਾਰੀਆ ਨਾਮੀ ਪ੍ਰਬਤ ਉੱਤੇ ਉਨ੍ਹਾਂ ਦੀ ਯਾਦਗਾਰ ਵਿੱਚ ਇਕ ਮੰਦਰ ਹੈ।

ਸ਼ੰਕ੍ਰਾਚਾਰੀਆ ਦਾ ਅੰਤਮ ਸ਼ਾਸਤ੍ਰਾਰਥ ਆਸਾਮ ਦੇਸ਼, ਜਿਹੜਾ ਕਿ ਓਦੋਂ ਕਾਮਰੂਪ ਦੇਸ਼ ਕਹਾਉਂਦਾ ਸੀ, ਦੇ ਪ੍ਰਸਿੱਧ ਨਗਰ ਗੋਹਾਟੀ ਵਿੱਚ ਹੋਇਆ। ਗੋਹਾਟੀ ਵਿੱਚ ਸ਼ਾਕਤ ਮੱਤ ਦੇ ਵਾਮਾਚਾਰੀ ਮਤਾਂਤ੍ਰ ਦਾ ਪ੍ਰਸਿੱਧ ਆਚਾਰਯ, ਅਭਿੱਨਵ ਗੁਪਤ, ਰਹਿੰਦਾ ਸੀ, ਤੇ ਉਸ ਦੀ ਵਿੱਦਵਤਾ ਤੇ ਉਸ ਦੀਆਂ ਰਿੱਧੀਆਂ ਸਿੱਧੀਆਂ ਦੀ ਸ਼ਕਤੀ ਦੀ ਕੀਰਤੀ ਸਾਰੇ ਭਾਰਤਵਰਸ਼ ਵਿਚ ਪਸਰੀ ਹੋਈ ਸੀ। ਸ਼ੰਕ੍ਰਾਚਾਰੀਆ ਨੇ ਅਭਿੱਨਵ ਗੁਪਤ ਨੂੰ ਸ਼ਾਸਤ੍ਰਾਰਥ ਵਿੱਚ ਪ੍ਰਾਜੈ ਕੀਤਾ ਤੇ ਕਾਮ ਰੂਪ ਵਿੱਚ ਅਦ੍ਵੈਤਵਾਦ ਦਾ ਪ੍ਰਚਾਰ ਕੀਤਾ। ਇਥੇ ਹੀ ਸ਼ੰਕ੍ਰਾਚਾਰੀਆ ਨੂੰ ਕੋਈ ਅਸਾਧ ਰੋਗ ਹੋ ਗਿਆ ਤੇ ਇਸ ਰੋਗ ਗ੍ਰਸਤ ਅਵਸਥਾ ਵਿਚ ਹੀ ਸ਼ੰਕ੍ਰਾਚਾਰੀਆਂ ਬਦਰੀ ਨਗਰ ਵਿੱਚ ਪੁੱਜਾ ਜਿਥੇ ਕਿ ਉਸ ਨੇ ਸਨਿਆਸੀ ਸ਼੍ਰੇਣੀ ਦਾ ਚੌਥਾ ਤੇ ਆਖਰੀ ਮੱਠ ਸਥਾਪਤ ਕੀਤਾ। ਉਥੇ, ਬਦਰੀ ਵਿਚ, ਸ਼ੰਕ੍ਰਾਚਾਰੀਆ ਨੇ ਇਕ ਮੰਦਰ ਨਾਰਾਯਣ ਦੀ ਮੂਰਤੀ ਸਥਾਪਤ ਕਰਕੇ ਬਣਾਇਆ। ਇਸੇ ਕਰਕੇ ਇਹ ਨਗਰ ਹੁਣ, ਬਦਰੀ ਨਾਰਾਯਣ, ਕਰ ਕੇ ਪ੍ਰਸਿੱਧ ਹੈ। ਇਸ ਤੋਂ ਪਿਛੋਂ ਸ਼ੰਕ੍ਰਾਚਾਰੀਆ ਕੇਦਾਰਨਾਥ ਚਲਾ ਗਿਆ ਜਿਥੇ ਕਿ ਬੱਤੀ ਬਰਸ ਦੀ ਆਯੂ ਵਿਚ, ਸੰਨ ੮੨ੰ ਈਸਵੀ ਵਿਚ ਉਸ ਦਾ ਦੇਹਾਂਤ ਹੋ ਗਿਆ। ਕਈ ਇਹ ਵੀ ਕਹਿੰਦੇ ਹਨ ਜੁ ਸ਼ੰਕ੍ਰਾਚਾਰੀਆ ਦੀ ਆਯੂ ਮ੍ਰਿਤੂ ਸਮੇਂ ਅਠੱਤੀਆਂ ਵਰ੍ਹਿਆਂ ਦੀ ਸੀ।

ਸ਼ੰਕ੍ਰਾਚਾਰੀਆ ਨੇ ਆਪਣੀ ਅਲਪ ਆਯੂ ਵਿੱਚ ਇਤਨਾ ਮਹਾਨ ਕੰਮ ਕੀਤਾ ਹੈ ਕਿ ਤਵਾਰੀਖ਼ ਵਿਚ ਉਸ ਦੀ ਤੁਲਨਾ ਦੁਰਲੱਭ ਹੈ। ਪਿੱਛੇ ਦਸ ਆਏ ਹਾਂ, ਜੁ ਬੁੱਧ ਮੱਤ ਇਕ ਹਜ਼ਾਰ ਵਰ੍ਹਾ ਭਾਰਤਵਰਸ਼ ਵਿੱਚ ਪ੍ਰਧਾਨ ਰਹਿ ਕੇ ਹਿੰਦੂ ਮੱਤ ਵਿੱਚ

ਅਭੇਦ ਹੋ ਗਿਆ, ਸੀ ਤੇ ਇਹ ਪੁਨਰ ਜੀਵਤ ਵੇਦਿਕ ਮੱਤ, ਜਿਸ ਨੂੰ ਕਿ ਬ੍ਰਾਹਮਣੀ ਮੱਤ ਕਹਿੰਦੇ ਹਨ, ਬੁੱਧ ਮੱਤ ਦੇ ਪ੍ਰਕਾਸ਼ ਤੋਂ ਪਹਿਲੇ ਪ੍ਰਚਲਤ ਵੇਦਿਕ ਮੱਤ ਨਾਲੋਂ ਭਿੰਨ ਸੀ। ਇਹ ਪੁਨਰ ਜੀਵਤ ਹਿੰਦੂ ਮੱਤ ਨੇ ਬੁੱਧ ਧਰਮ ਦਿਆਂ ਸਿਧਾਂਤਾਂ ਤੋਂ ਪ੍ਰਭਾਵਤ ਹੋ ਕੇ ਰਕਤ ਸ਼ਰਾਵਕ ਪਸ਼ੂ ਬਲੀਆਂ, ਤੇ ਮਨੁਸ਼ ਬਲੀਆਂ ਤਿਆਗ ਦਿੱਤੀਆਂ ਤੇ 'ਜੀਵਹਿੰਸਾ ਪਰਮੋ ਧਰਮ' ਦੇ ਸਿਧਾਂਤ ਨੂੰ ਹਿੰਦੂ ਧਰਮ ਦਾ ਬੁਨਿਆਦੀ ਸਿਧਾਂਤ ਮੰਨ ਲਿਆ ਸੀ। ਦੂਜੀ ਗੱਲ ਜੋ ਪੁਨਰ ਜੀਵਤ ਹਿੰਦੂ ਮੱਤ ਨੇ ਗ੍ਰਹਿਣ ਕੀਤੀ ਉਹ ਨਗਰ ਕੀਰਤਨ, ਰਥ-ਯਾਤਰਾ ਆਦਿ ਦੀ ਪ੍ਰਾਪਤੀ ਸੀ, ਜੋ ਕਿ ਬੁੱਧ ਮੱਤ ਦਾ ਪ੍ਰਚਾਰ ਢੰਗ ਸੀ। ਤੀਜੀ ਗੱਲ ਨਵੀਂ ਇਸ ਪੁਨਰ ਜੀਵਤ ਹਿੰਦੂ ਮੱਤ ਵਿਚ ਭਗਵਦ ਗੀਤਾ ਪੁਸਤਕ ਦਾ ਪ੍ਰਧਾਨਤਾ ਪਕੜਨਾ ਸੀ ਜੋ ਕਿ ਵੇਦਾਂ ਤੇ ਸ਼ਾਸਤ੍ਰਾਂ ਨਾਲੋਂ ਵੀ ਵਧੇਰੇ ਪ੍ਰਮਾਣੀਕ ਮੰਨ ਲਈ ਗਈ ਤੇ ਅੱਜ ਤੱਕ ਮੰਨੀ ਜਾਂਦੀ ਹੈ। ਇਸ ਭਗਤੀ ਮਾਰਗ ਦੀ ਵਿਸ਼ੇਸ਼ਤਾ, ਬੁੱਧ ਮੱਤ ਦੀ ਨਾਸਤਕਤਾ ਯਾ ਅਨੀਸ਼੍ਵਰਤਾ ਦਾ ਪ੍ਰਤੀਕਰਮ ਸੀ। ਚੌਥੀ ਗੱਲ ਇਹ ਹੋਈ ਜੁ ਪੁਨਰ ਜੀਵਤ ਹਿੰਦੂ ਮੱਤ ਵਿੱਚ ਬੁੱਧ ਮੱਤ ਵਾਂਗਰ ਧਰਮ ਦੇ ਜੀਵਨ ਉੱਤੇ ਚੱਲਣ ਵਾਲਿਆਂ ਤੇ ਤਿਆਗੀ ਸਾਧੂਆਂ ਦੇ ਸੰਘ ਬਣਾਏ ਗਏ ਪਰ ਇਸਤ੍ਰੀਆਂ ਨੂੰ ਇਹਨਾਂ ਵਿੱਚ ਪ੍ਰਵੇਸ਼ ਦੀ ਆਗਿਆ ਨਾ ਦਿੱਤੀ ਗਈ, ਜਿਵੇਂ ਬੁੱਧ ਮੱਤ ਵਿੱਚ ਇਸਤਰੀਆਂ ਵੀ ਭਿਖੁਣੀਆਂ ਬਣ ਸਕਦੀਆਂ ਸਨ। ਇਸ ਪਿਛੋਕੜ ਵਿੱਚ ਸ਼ੰਕ੍ਰਾਚਾਰੀਆ ਨੇ ਆਪਣਾ ਜੀਵਨ-ਕਰਮ ਕੀਤਾ। ਸ਼ੰਕ੍ਰਾਚਾਰੀਆ ਦੀ ਫਿਲਾਸਫੀ ਦਾ ਕੇਂਦਰੀ ਸਿਧਾਂਤ, ਅਦ੍ਵੈਤਵਾਦ, ਕਹਾਉਂਦਾ ਹੈ। ਇਹ ਸਭ ਕੁਛ, ਸਾਰੀ ਕੁਦਰਤ ਜੋ ਅਸੀਂ ਦੇਖਦੇ, ਸੁਣਦੇ, ਸਪਰਸ਼ ਕਰਦੇ ਤੇ ਅਨੁਭਵ ਕਰਦੇ ਹਾਂ, ਇਹ ਮਾਇਆ ਹੈ, ਅਵਿੱਦਿਆ ਹੈ, ਜੋ ਕਿ ਸੱਤ ਵਸਤੂ ਬ੍ਰਹਮ ਨੂੰ ਛੁਪਾਉਂਦੀ ਹੈ। "ਜਿਵੇਂ ਅਗਨੀ ਵਿੱਚੋਂ ਧੂਆਂ ਉਠਕੇ ਖਿੰਨ ਭੰਗਰ ਲਈ ਜੁਵਾਲਾ ਨੂੰ ਅਲੋਪ ਕਰ ਦਿੰਦਾ ਹੈ", ਇਵੇਂ ਹੀ ਅਵਿੱਦਿਆ, ਮਾਇਆ, ਸੱਤ ਵਸਤੂ ਬ੍ਰਹਮ ਦਾ ਅਭਾਵ ਕਰ ਦਿੰਦੀ ਹੈ। ਜੋ ਕੁਛ ਅਸੀਂ ਦੇਖਦੇ, ਸੁਣਦੇ ਸਪਰਸ਼ ਕਰਦੇ ਹਾਂ ਇਹ ਇਉਂ ਹੀ ਸੱਤ ਭਾਸਦਾ ਹੈ, ਜਿਵੇਂ ਕਿ ਸੁੱਤਿਆਂ ਸੁਪਨਾ ਸੱਤ ਭਾਸਦਾ ਹੈ, ਯਾ ਜਿਵੇਂ ਮੂੰਹ ਹਨੇਰੇ ਰੱਸੀ ਸੱਪ ਹੋ ਭਾਸਦੀ ਹੈ। ਪਰ ਜਦੋਂ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਅਗਿਆਨ, ਅਵਿੱਦਿਆ ਦਾ ਹਨੇਰਾ ਮਿਟ ਜਾਂਦਾ ਹੈ, ਤੇ ਉਸ ਵੇਲੇ ਇਕੋ ਬ੍ਰਹਮ ਹੀ ਸੱਤ ਹੈ, ਇਹ ਪ੍ਰਤੀਤ ਹੋ ਆਉਂਦਾ ਹੈ। ਸ਼ੰਕ੍ਰਾਚਾਰੀਆ ਦਾ ਇਹ ਸਿਧਾਂਤ ਹੁਣ ਤੱਕ ਕਿਸੇ ਨਾ ਕਿਸੇ ਰੂਪ ਵਿਚ ਸੰਸਾਰ ਭਰ ਦੇ ਬਹੁਤ ਸਾਰੇ ਧਰਮਾਂ ਤੇ ਮਜ਼ਹਬਾਂ ਦਾ ਸਿਧਾਂਤ ਬਣ ਗਿਆ ਹੈ। ਗੁਰੂ ਤੇਗ ਬਹਾਦਰ ਦਾ ਮਹਾਂਵਾਕ ਹੈ, "ਜਿਉਂ ਸੁਪਨਾ ਅਰ

ਪੇਖਨਾ ਤੈਸੇ ਜਗ ਕੋ ਜਾਨ। ਇਨ ਮੈਂ ਕਿਛ ਸਾਚੋ ਨਹੀਂ ਨਾਨਕ ਬਿਨ ਭਗਵਾਨ।'' ਇਹ ਸ਼ੰਕ੍ਰਾਚਾਰੀਆ ਦੇ ਸੂਤ੍ਰ ਭਾਸ਼ਯ ਦੇ ਇਕ ਸ਼ਲੋਕ ਦਾ ਅਨੁਵਾਦ ਹੀ ਤਾਂ ਹੈ। ਇਹ ਅਵਿੱਦਿਆ ਦਾ ਹਨੇਰਾ ਕਿਵੇਂ ਦੂਰ ਹੋਵੇ? ਇਸ ਲਈ ਸ਼ੰਕ੍ਰਾਚਾਰੀਆ ਦਾ ਦੱਸਿਆ ਹੋਇਆ ਸਾਧਨ ਇਹ ਹੈ ਕਿ ਵੇਦਾਂਤ ਦਾ ਅਧਯਨ ਤੇ ਵੇਦਾਂਤ ਦੇ ਮਹਾਂਵਾਕਾਂ, 'ਅਹਮ ਬ੍ਰਹਮ' ਆਦ ਦਾ ਨਿਤਾਪ੍ਰਤਿ ਸੁਾਸ ਸੁਾਸ ਸਿਮਰਨ ਕੀਤਾ ਜਾਵੇ। ਇਹੋ ਗਿਆਨ ਮਾਰਗ, ਧਰਮ ਦਾ ਸਭ ਤੋਂ ਸਰੇਸ਼ਟ ਮਾਰਗ ਹੈ। ਪਰ ਸ਼ੰਕ੍ਰਾਚਾਰੀਆ ਨੇ ਭਗਤੀ ਮਾਰਗ ਨੂੰ ਵੀ ਪ੍ਰਮਾਣੀਕ ਮੰਨਿਆ ਹੈ। ਅੰਤ ਭਗਤੀ ਮਾਰਗ ਦਾ ਵੀ ਉਹ ਗਿਆਨ ਦੀ ਪ੍ਰਾਪਤੀ ਦੱਸਦਾ ਹੈ। ਉਹ ਏਕੋ ਬ੍ਰਹਮ ਜਿਸ ਤੋਂ ਬਗੈਰ ਹੋਰ ਕੋਈ ਸੱਤ ਵਸਤੂ ਨਹੀਂ ਹੈ, ਉਸ ਦਾ ਸਾਰਾ ਰੂਪ ਸ਼ੰਕ੍ਰਾਚਾਰੀਆ, ਸੱਤ-ਚਿਤ ਆਨੰਦ ਕਹਿੰਦਾ ਹੈ। ਉਹ ਸੱਤ ਹੈ, ਸਦਾ ਸਥਿਰ, ਕਦੇ ਨਾਸ਼ ਨਾ ਹੋਣ ਵਾਲਾ। ਉਹ ਚਿੱਤ ਹੈ, ਆਪਣੀ ਹੋਂਦ ਤੋਂ ਗਿਆਤ, ਜੜ੍ਹ ਨਹੀਂ। ਉਹ ਆਨੰਦ ਰੂਪ ਹੈ, ਦੁੱਖ ਕਲੇਸ਼ ਦੀ ਉਸ ਨੂੰ ਲੇਸ਼ ਨਹੀਂ। ਇਹ ਸੱਤ ਚਿੱਤ ਅਨੰਦ ਬ੍ਰਹਮ ਹੈ, ਜਿਸ ਤੋਂ ਬਿਨਾਂ ਬਾਕੀ ਸਭ ਮਾਇਆ ਤੇ ਅਵਿੱਦਿਆ ਹੈ।

ਸ਼ੰਕ੍ਰਾਚਾਰੀਆ ਦਾ ਉਪਦੇਸ਼ ਇਹ ਸੀ ਜੁ ਜਿਤਨੇ ਮੱਤ ਮਤਾਂਤ੍ਰ ਪੁਨਰ ਜੀਵਤ ਹਿੰਦੂ ਧਰਮ ਵਿਚ ਪ੍ਰਚਲਤ ਹਨ, ਉਹਨਾਂ ਸਾਰਿਆਂ ਦਾ ਸਾਰੰਸ਼ ਇਹ ਅਦ੍ਵੈਤਵਾਦ ਦਾ ਹੀ ਸਿਧਾਂਤ ਹੈ। ਇਸ ਲਈ ਸਭ ਮੱਤ ਮਤਾਂਤ੍ਰਾਂ ਨੂੰ ਪਰਸਪਰ ਪ੍ਰੇਮ ਵਿੱਚ ਵਿਚਰਦੇ ਹੋਏ, ਇਸ ਕੇਂਦਰੀ ਸਿਧਾਂਤ ਨੂੰ ਸਦਾ ਮੁੱਖ ਰੱਖਣਾ ਚਾਹੀਏ। ਇਉਂ ਸ਼ੰਕ੍ਰਾਚਾਰੀਆ ਦੇ ਸਿਧਾਂਤ ਭਾਰਤ ਵਰਸ਼ ਵਿੱਚ ਧਾਰਮਿਕ ਤੇ ਸਮਾਜਿਕ ਵੈਰ ਵਿਰੋਧ ਨੂੰ ਘਟਾਉਣ ਦਾ ਵੱਡਾ ਕਾਰਣ ਬਣੇ। ਇਸ ਕਰਕੇ ਸ਼ੰਕ੍ਰਾਚਾਰੀਆ ਨੂੰ 'ਭਦ੍ਰਾਕ' ਕਹਿੰਦੇ ਹਨ, ਅਜੇਹਾ ਅੰਕੁਰ ਬੀਜ ਯਾ ਪੌਦਾ, ਜਿਸ ਵਿਚੋਂ ਭੱਦ੍ਰਤਾ, ਨੇਕੀ ਫਲੀ ਫੁਲੀ।

ਮੀਰਾ

ਮੀਰਾ ਬਾਈ ਦਾ ਨਾਮ ਸਾਡੇ ਦੇਸ਼ ਵਿੱਚ ਕੌਣ ਨਹੀਂ ਜਾਣਦਾ? ਰਾਜ ਘਰਾਣੇ ਦੀ ਪੁਤਰੀ, ਰਾਜ ਘਰਾਣੇ ਦੀ ਨੂੰਹ ਤੇ ਰਾਣੀ, ਕ੍ਰਿਸ਼ਨ ਭਗਤੀ ਦਾ ਜਗਤ ਪ੍ਰਸਿੱਧ ਤੇ ਨਿਰਮੋਲ ਚਾਨਣ ਮੁਨਾਰਾ ਤੇ ਹਿੰਦੀ ਬੋਲੀ ਦੀ ਮਹਾਨ ਕਾਵਿਤ੍ਰੀ, ਮੀਰਾ ਬਾਈ ਦੇ ਭਜਨ, ਸਾਰੇ ਹਿੰਦੁਸਤਾਨ ਵਿਚ ਜਿਥੇ ਜਿਥੇ ਹਿੰਦੀ ਭਾਸ਼ਾ ਬੋਲੀ ਜਾਂ ਸਮਝੀ ਜਾਂਦੀ ਹੈ, ਮੰਦਰਾਂ ਵਿੱਚ, ਥੀਏਟਰਾਂ ਵਿੱਚ, ਨਗਰ ਨਗਰ, ਡਗਰ ਡਗਰ ਗਲੀ ਮਹੱਲੇ, ਸਭ ਥਾਂ ਸ਼ਰਧਾ ਤੇ ਪ੍ਰੇਮ ਨਾਲ ਪੜ੍ਹੇ, ਤੇ ਗਾਏ ਜਾਂਦੇ ਹਨ। ਹਿੰਦੀ ਦੇ ਅੱਠ ਪ੍ਰਮਾਣੀਕ ਕਵੀ ਜਿਨ੍ਹਾਂ ਨੂੰ ਕਿ ਅਸ਼ਟਛਾਪ ਕਹਿੰਦੇ ਹਨ, ਵਿਚੋਂ ਮੀਰਾ ਇਕ ਗਿਣੀ ਜਾਂਦੀ ਹੈ। ਉਸ ਦੀ ਕਵਿਤਾ ਦੀ ਬੋਧ-ਸ਼ਕਤੀ, ਉਸ ਦੇ ਖ਼ਿਆਲਾਂ ਦੀ ਸੋਜ਼, ਉਸ ਦੀ ਕਾਵਿ-ਸ਼ੈਲੀ ਦੀ ਨਿਰਮਲਤਾ ਤੇ ਸੂਛਮਣੀ, ਤੇ ਉਸ ਦੀ ਬੋਲੀ ਦੀ ਸਫਲਤਾ, ਤੇ ਸਭ ਤੋਂ ਵਧੀਕ ਉਸ ਦੇ ਭਗਤੀ ਪੂਰਤ ਹਿਰਦੇ ਦੀ ਪਵਿੱਤ੍ਰਤਾ, ਮੀਰਾ ਨੂੰ ਸੰਸਾਰ ਭਰ ਦੇ ਮਹਾਨ ਕਵੀਆਂ ਦੀ ਸ਼੍ਰੇਣੀ ਵਿੱਚ ਲੈ ਜਾਂਦੇ ਹਨ। ਜਦੋਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਧੀ ਤਾਂ, ਰਵਾਇਤ ਹੈ, ਕਿ ਉਸ ਦੀ ਇਕ ਕੱਚੀ ਸੰਚੀ ਵਿੱਚ ਇਕ ਮੀਰਾ ਦਾ ਭਜਨ ਵੀ ਸ਼ਾਮਲ ਕੀਤਾ, ਜਿਸ ਦੇ ਬੋਲ ਹਨ :

"ਮੇਰਾ ਮਨ ਬੇਧਿਓ ਮਾਈ ਰੀ ਕੰਵਲ-ਨੈਣ।"

ਮੀਰਾ ਦੀ ਬੋਲੀ ਦੇ ਜਾਦੂ ਤੇ ਉਸ ਦੀ ਭਗਤੀ-ਰਸ ਲੀਨ ਆਤਮਾ ਦੀ ਪਵਿੱਤ੍ਰਤਾ ਤੇ ਮੋਹਿਤ ਹੋ ਕੇ ਗੁਰੂ ਅਰਜਨ ਦੇਵ ਜੀ ਦੇ ਮਹਾਂਕਵੀ ਮਨ ਨੇ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਇਕ ਕੱਚੀ ਸੰਚੀ ਵਿੱਚ ਲਿਖ ਲਿਆ, ਪਰ ਪੱਕੀਆਂ ਸੰਚੀਆਂ ਲਿਖੇ ਜਾਣ ਤੋਂ ਪਹਿਲਾਂ ਇਸ ਉੱਤੇ "ਪੜਤਾਲ" ਫੇਰ ਦਿੱਤੀ ਤੇ ਬਚਨ ਕੀਤਾ : "ਮੀਰਾ ਬੜੀ ਉੱਚ ਕੋਟੀ ਦੀ ਭਗਤ ਹੈ, ਤੇ ਬੜੀ ਉੱਚ ਅਵਸਥਾ ਵਿੱਚ ਵਿਚਰਨ ਵਾਲੀ ਕਵੀ। ਪਰ ਇਸ ਜਨਮ ਵਿੱਚ ਅਵਤਾਰਵਾਦ ਦੇ ਸਰਗੁਣ

ਮੰਡਲਾਂ ਵਿਚ ਹੀ ਵਿਚਰਦੀ ਰਹੀ। ਕਿਸੇ ਕਾਲ ਫਿਰ ਨਿਰਗੁਣ ਅਕਾਲ ਪੁਰਖ ਦੇ ਸਚਖੰਡ ਦੀ ਛੋਹ ਪ੍ਰਾਪਤ ਕਰਕੇ, ਸੰਸਾਰ ਵਿਚ ਮੁੜ ਕਾਵ ਸੰਗੀਤ ਦਾ ਰੰਗ ਬਨੇਗੀ ਤੇ ਸਿੱਖੀ ਮੰਡਲ ਦੇ ਅਕਾਸ਼ ਵਿੱਚ ਚੰਦ੍ਰਮਾ ਵਤ ਤੇਜ ਪ੍ਰਾਪਤ ਕਰੇਗੀ। ਉਹ ਸਮਾਂ ਅਜੇ ਆਉਣ ਵਾਲਾ ਹੈ।" ਇਉਂ ਬਚਨ ਕੀਤੇ ਤੇ ਮੀਰਾ ਦਾ ਇਹ ਭਜਨ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿੱਚ ਸ਼ਾਮਲ ਨਾ ਕੀਤਾ। ਜਦੋਂ ਗੁਰੂ ਗ੍ਰੰਥ ਸਾਹਿਬ ਦੀਆਂ ਪੱਕੀਆ ਸੰਚੀਆਂ ਦੀ ਲਾਹੌਰੋਂ ਜਿਲਦ ਬਨ੍ਹਾਉਣ ਲਈ ਗੁਰੂ ਸਾਹਿਬ ਨੇ ਮਾਂਗਟਾ ਦੇ ਵਸਨੀਕ, ਭਾਈ ਬੰਨੋਂ ਨੂੰ ਆਗਿਆ ਕੀਤੀ ਤਾਂ ਰਾਹ ਵਿਚ ਭਾਈ ਬੰਨੋਂ ਨੇ ਇਨ੍ਹਾਂ ਸੰਚੀਆਂ ਦਾ ਉਤਾਰਾ ਕਰਵਾ ਲਿਆ। ਭਾਈ ਬੰਨੋਂ ਨੇ ਗੁਰੂ ਅਰਜਨ ਦੇਵ ਜੀ ਦੇ ਪ੍ਰਸੰਸਾ ਪੂਰਵਕ ਵਾਕ ਮੀਰਾ ਬਾਈ ਸੰਬੰਧੀ ਕਹੇ ਹੋਏ ਸੁਣੇ ਸਨ। ਆਪਣੇ ਉਤਾਰੇ ਵਿੱਚ ਉਸ ਨੇ ਮੀਰਾ ਸ਼ਬਦ : "ਮੇਰਾ ਮਨ ਬੇਧਿਓ ਮਾਈ ਰੀ ਕੰਵਲ-ਨੈਣ" ਵੀ ਲਿਖਵਾ ਲਿਆ। ਇਸ ਉਤਾਰੇ ਦੀ ਜਿਲਦ ਵਿਚ, ਜੋ ਕਿ ਭਾਈ ਬੰਨੋਂ ਵਾਲੀ ਬੀੜ ਕਰਕੇ ਪ੍ਰਸਿੱਧ ਹੈ, ਇਹ ਸ਼ਬਦ ਅੱਜ ਵੀ ਬਾਕੀ ਗੁਰਬਾਣੀ ਦੇ ਨਾਲ ਹੀ ਮੌਜੂਦ ਹੈ। ਸੰਸਾਰ ਭਰ ਦੀ ਹੋਰ ਕਿਸੇ ਪੂਜਯ ਧਰਮ ਪੁਸਤਕ ਵਿੱਚ ਕਿਸੇ ਇਸਤ੍ਰੀ ਦੀ ਬਾਣੀ ਨੂੰ ਚੜ੍ਹਾਉਣ ਦਾ ਕਦੇ ਸੰਕਲਪ ਨਹੀਂ ਕੀਤਾ ਗਿਆ।

ਮੀਰਾ ਬਾਈ ਮਿਰਾਟਾ ਰਾਜ ਘਰਾਣੇ ਦੇ ਰਾਜਪੂਤ ਰਾਣਾ ਰਤਨ ਸਿੰਘ ਰਾਠੌਰ ਦੀ ਪੁਤਰੀ ਸੀ। ਮੀਰਾ ਬਾਈ ਦਾ ਜਨਮ ਸੰਨ ੧੫੦੪ ਈਸਵੀ ਦਾ ਮੰਨਦੇ ਹਨ। ਇਸ ਦੀ ਮੰਗਣੀ ਪ੍ਰਸਿਧ ਰਾਣਾ ਸਾਂਗਾ ਦੇ ਰਾਜਕੁਮਾਰ, ਕੰਵਰ ਭੋਜ ਰਾਜ, ਨਾਲ ਹੋਈ ਤੇ ਵਿਆਹ ਸੰਨ ੧੫੧੬ ਈਸਵੀ ਵਿਚ ਹੋਇਆ। ਮੀਰਾ ਬਾਈ ਅਜੇ ਚੌਹ ਵਰ੍ਹਿਆਂ ਦੀ ਹੀ ਸੀ ਕਿ ਉਸ ਦੀਆਂ ਧਾਰਮਿਕ ਬਿਰਤੀਆਂ ਉਜਾਗਰ ਹੋ ਉੱਠੀਆਂ। ਮੀਰਾ ਬਾਈ ਦੀ ਮਾਤਾ ਬੜੀ ਭਗਤੀ ਸ਼ਰਧਾ ਵਾਲੀ ਤੇ ਸਾਤਵਕ ਸੁਭਾ ਦੀ ਸੀ। ਉਸ ਦੇ ਸੰਸਕਾਰਾਂ ਦਾ ਮੀਰਾ ਦੀ ਆਤਮਾ ਉੱਤੇ ਪ੍ਰਭਾਵ ਅਵੱਸ਼ ਪਿਆ ਹੋਵੇਗਾ। ਇਕ ਦਿਨ ਦੀ ਗੱਲ ਹੈ, ਕਿ ਮੀਰਾ ਦੇ ਪਿਤਾ ਦੇ ਰਾਜ-ਮਹਿਲ ਅੱਗੋਂ ਦੀ ਇਕ ਜੰਞ ਲੰਘ ਰਹੀ ਸੀ। ਰਾਜ ਮਹਿਲ ਦੀਆਂ ਹੋਰ ਦਾਸ ਦਾਸੀਆਂ ਨਾਲ ਮੀਰਾ ਵੀ ਝਰੋਕੇ ਵਿਚ ਖੜੀ ਜੰਞ ਦੇਖ ਰਹੀ ਸੀ। ਇਕ ਟਹਿਲਣ ਕੋਲੋਂ ਪੁਛਿਓਨੇ : "ਏਹ ਲੋਕ ਕੀ ਕਰਦੇ ਹਨ?" ਟਹਿਲਣ ਨੇ ਉੱਤਰ ਦਿੱਤਾ। 'ਰਾਜਕੁਮਾਰੀ, ਇਹ ਲਾੜਾ ਲਾੜੀ ਨੂੰ ਵਿਆਹੁਣ ਚਲਿਆ ਹੈ।" ਜਦੋਂ ਅੰਦਰ ਮਹਿਲਾਂ ਵਿਚ ਮੁੜੀ ਤਾਂ ਉਸ ਦੀ ਮਾਤਾ ਅਜੇ ਪੂਜਾ-ਅਸਥਾਨ ਉੱਤੇ ਕ੍ਰਿਸ਼ਨ ਦੀ ਮੂਰਤੀ ਦੀ ਪੂਜਾ ਕਰ ਰਹੀ

ਸੀ। ਜਦੋਂ ਉਸ ਦੀ ਮਾਤਾ ਪੂਜਾ ਸਮਾਪਤ ਕਰ ਚੁਕੀ ਤਾਂ ਬਾਲੀ ਮੀਰਾ ਨੇ ਪੁਛਿਆ : "ਮਾਂ, ਜਦੋਂ ਮੈਂ ਲਾੜੀ ਬਣਾਂਗੀ, ਤਾਂ ਮੇਰਾ ਲਾੜਾ ਕੌਣ ਹੋਵੇਗਾ।" ਮਾਤਾ ਨੇ ਸ੍ਰੀ ਕ੍ਰਿਸ਼ਨ ਦੀ ਮੂਰਤੀ ਵਲ ਇਸ਼ਾਰਾ ਕੀਤਾ। ਮੀਰਾ ਨੇ ਕ੍ਰਿਸ਼ਨ ਦੀ ਪ੍ਰਤਿਮਾ ਵਲ ਤਕਿਆ ਤੇ ਕੋਈ ਜਨਮ ਜਨਮਾਤਰਾਂ ਦੀ ਸ਼ਰਧਾ ਭਗਤੀ, ਮੀਰਾ ਦੀ ਆਤਮਾ ਵਿੱਚ ਸੰਚਤ ਹੋਈ ਹੋਈ, ਉਗਮ ਪਈ। ਮੀਰਾ ਨੇ ਝੱਟ ਪੱਟ ਘੁੰਡ ਕੱਢ ਲਿਆ, ਜਿਵੇਂ ਕਿ ਨਵੀਂ ਵਿਆਹੀ ਕੁੜੀ ਆਪਣੇ ਪਤੀ ਨੂੰ ਦੇਖ ਕੇ ਕਢਦੀ ਹੈ। ਉਸ ਦਿਨ ਤੋਂ ਲੈਕੇ ਮੀਰਾ ਕ੍ਰਿਸ਼ਨ ਦੀ ਮੂਰਤੀ ਨੂੰ ਪਤੀ ਭਾਵ ਨਾਲ ਪੂਜਣ ਲੱਗੀ ਤੇ ਬਿਨਾਂ ਕਿਸੇ ਲੱਜਾ ਦੇ ਸਭ ਨੂੰ ਕਹੇ : " ਕ੍ਰਿਸ਼ਨ ਮੇਰਾ ਪਤੀ ਹੈ, ਤੇ ਮੈਂ ਉਸ ਦੀ ਵਹੁਟੀ ਹਾਂ।" ਜਦੋਂ ਮੀਰਾ ਦਾ ਵਿਆਹ ਹੋਇਆ ਤਾਂ ਮੀਰਾ ਦਾ ਰਾਜ ਪਤੀ ਬੜੇ ਠਾਠ ਨਾਲ ਮੀਰਾ ਦੇ ਪਿਤਾ ਦੇ ਮਹਿਲਾਂ ਵਿੱਚ ਆਇਆ, ਪਰ ਜਿਵੇਂ ਕਿ ਰਾਜਪੂਤ ਰਾਜ ਘਰਾਣਿਆਂ ਵਿੱਚ ਰਿਵਾਜ ਸੀ, ਮੀਰਾ ਨੇ ਆਪਣੇ ਪਤੀ ਦੀਆਂ ਤਿੰਨ ਪਰਕ੍ਰਮਾਂ ਨਾ ਕੀਤੀਆਂ ਤੇ ਨਾ ਹੀ ਉਸ ਦੀ ਆਰਤੀ ਉਤਾਰੀ, ਸਗੋਂ ਆਪਣੇ ਮਾਨੁਸ਼ੀ ਪਤੀ ਵਲ ਕੋਈ ਧਿਆਨ ਹੀ ਨਾ ਦਿੱਤਾ। ਜਿਸ ਵੇਲੇ ਮੀਰਾ ਨੂੰ ਸੌਹਰੀਂ ਤੋਰਨ ਲੱਗੇ ਤਾਂ ਮੀਰਾ ਨੇ ਉਸੇ ਕ੍ਰਿਸ਼ਨ ਦੀ ਮੂਰਤੀ ਨੂੰ, ਜਿਸ ਦੀ ਕਿ ਮੀਰਾ ਦੀ ਮਾਤਾ ਪੂਜਾ ਕਰਦੀ ਹੁੰਦੀ ਸੀ, ਨਾਲ ਲੈ ਜਾਣ ਉੱਤੇ ਜ਼ਿਦ ਕੀਤੀ ਅਤੇ ਸਭ ਨੂੰ ਸੁਣਾ ਕੇ ਆਖਿਆ ਕਿ ਕ੍ਰਿਸ਼ਨ ਦੀ ਉਸ ਪ੍ਰਤਿਮਾ ਤੋਂ ਜੁਦਾ ਹੋ ਕੇ ਉਸ ਲਈ ਜੀਉਣਾ ਕਠਨ ਹੋ ਜਾਵੇਗਾ। ਇਹ ਦੇ ਮਾਪੇ ਮੀਰਾ ਦੀ ਬਿਨਤੀ ਮੰਨ ਗਏ ਤੇ ਉਹ ਕ੍ਰਿਸ਼ਨ ਦੀ ਮੂਰਤੀ ਮੀਰਾ ਨੂੰ ਦਾਜ ਵਿੱਚ ਦੇ ਦਿੱਤੀ।

ਜਦੋਂ ਮੀਰਾ ਆਪਣੇ ਸਹੁਰੀਂ ਮੇਵਾੜ ਪੁੱਜੀ, ਤੇ ਉਸ ਦੇ ਸੱਸ ਸਹੁਰੇ, ਮਹਾਰਾਣੀ ਤੇ ਮਹਾਰਾਜਾ ਮੇਵਾੜ ਨੇ ਮੀਰਾ ਨੂੰ ਰਾਜਪੂਤ ਹਿੰਦੂਆਂ ਦੇ ਧਾਰਮਿਕ ਰਿਵਾਜ ਅਨੁਸਾਰ ਦੁਰਗਾ ਦੀ ਪੂਜਾ ਕਰਨ ਲਈ ਕਿਹਾ ਤਾਂ ਮੀਰਾ ਨੇ ਉੱਕਾ ਨਾਂਹ ਕਰ ਦਿੱਤੀ ਤੇ ਉੱਤਰ ਦਿੱਤਾ : "ਮੈਂ ਕ੍ਰਿਸ਼ਨ ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਾਂਗੀ।" ਮੀਰਾ ਨੂੰ ਸਮਝਾਉਣ ਵਾਲੀਆਂ ਨੇ ਸਮਝਾਇਆ ਕਿ ਇਹ ਕੁਲ-ਰੀਤ ਤੇ ਧਾਰਮਿਕ ਰੀਤ ਕਰਨੀ ਹੀ ਉਚਿਤ ਹੈ, ਤਾਂ ਮੀਰਾ ਨੇ ਭਜਨ ਉਚਾਰਿਆ।

ਮੇਰੋ ਤੋ ਗਿਰਧਰ ਗੋਪਾਲ,
ਦੂਸਰਾ ਨਾ ਕੋਈ।
ਜਾਕੇ ਸਿਰ ਮੋਰ ਮੁਕਟ, ਮੇਰੋ ਪਤੀ ਸੋਈ।
ਤਾਤ, ਮਾਤ, ਭ੍ਰਾਤ, ਬੰਧੂ, ਆਪਣਾ ਨਹੀਂ ਕੋਈ।

ਛੋਡ ਦਈ ਕੁਲ ਕੀ ਕਾਣ, ਕਿਆ ਕਰੇਗਾ ਕੋਈ।
ਸੰਤਨ ਢਿਗ ਬੈਠ ਬੈਠ, ਲੋਕ ਲਾਜ ਖੋਈ।
ਆਂਸੂਅਨ ਜਲ ਸੀਂਚ ਸੀਂਚ ਪ੍ਰੇਮ ਬੇਲ ਬੋਈ।
ਅਬ ਤੋਂ ਬੇਲ ਫੈਲ ਗਈ, ਅਨੰਦ ਫਲ ਹੋਈ।
ਆਈ ਮੈਂ ਭਗਤੀ ਕਾਨ, ਜਗਤ ਦੇਖ ਮੋਹੀ।
ਦਾਸੀ ਮੀਰਾ ਗਿਰਧਰ ਪ੍ਰਭੂ, ਤਾਰੋ ਅਬ ਮੋਹੀ।

ਸੌਹਰੇ ਘਰ ਦੀਆਂ ਸੰਬੰਧਣਾਂ ਨੇ ਕਿਹਾ : "ਜਦੋਂ ਰੁਕਮਣੀ ਦਾ ਕ੍ਰਿਸ਼ਨ ਨਾਲ ਵਿਆਹ ਹੋਇਆ ਸੀ, ਤਾਂ ਰੁਕਮਣੀ ਨੇ ਵੀ ਕ੍ਰਿਸ਼ਨ ਦਾ ਪ੍ਰੇਮ ਪਰਾਪਤ ਕਰਨ ਲਈ ਦੁਰਗਾ ਦੀ ਪੂਜਾ ਕੀਤੀ ਸੀ। ਤੇ ਜਦੋਂ ਗੋਪੀਆਂ ਨੇ ਕ੍ਰਿਸ਼ਨ ਨੂੰ ਰੀਝਾਵਣਾ ਚਾਹਿਆ ਸੀ, ਤਾਂ ਉਦੋਂ ਵੀ ਦੁਰਗਾ ਦੀ ਪੂਜਾ ਹੀ ਕੀਤੀ ਸੀ।" ਮੀਰਾ ਨੇ ਉੱਤਰ ਦਿੱਤਾ : "ਮੈਂ ਤਾਂ ਪਤੀ ਪ੍ਰੇਮ ਪਾ ਲਿਆ ਹੈ ਤੇ ਕ੍ਰਿਸ਼ਨ ਮੇਰੇ ਉੱਤੇ ਰੀਝ ਚੁਕੇ ਹਨ। ਹੁਣ ਮੈਨੂੰ ਦੁਰਗਾ ਪੂਜਾ ਕਰਨ ਦੀ ਕੀ ਲੋੜ ਹੈ?" ਇਉਂ ਮੀਰਾ ਨੇ ਸਭ ਨੂੰ ਨਿਰੁੱਤਰ ਕਰ ਦਿੱਤਾ ਤੇ ਦੁਰਗਾ ਪੂਜਾ ਨਾ ਹੀ ਕੀਤੀ ਤੇ ਆਪਣੀ ਸ਼੍ਰੀ ਕ੍ਰਿਸ਼ਨ ਵਿੱਚ ਅਨਿੰਨ ਭਗਤੀ ਵਿੱਚ ਆਨਿ ਦੇਵ ਜੀ ਪੂਜਾ ਕਰਕੇ, ਵਿਘਨ ਨਾ ਹੀ ਪੈਣ ਦਿਤਾ।

ਮੀਰਾ ਦੇ ਸਹੁਰੇ ਘਰ ਵਿੱਚ ਮੀਰਾ ਦੀ ਇਸ ਜ਼ਿਦ ਦਾ ਬਹੁਤ ਬੁਰਾ ਮਨਾਇਆ ਗਿਆ ਤੇ ਮੀਰਾ ਨੂੰ ਰਾਜ ਮਹਿਲ ਦੀ ਇਕ ਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ। ਮੀਰਾ ਨੇ ਉਸ ਕੋਠੜੀ ਵਿੱਚ ਹੀ ਕ੍ਰਿਸ਼ਨ ਦੀ ਓਹ ਪ੍ਰਤਿਮਾ ਜੋ ਉਹ ਆਪਣੇ ਪੇਕਿਆ ਤੋਂ ਦਾਜ ਵਿੱਚ ਲਿਆਈ ਸੀ, ਸਥਾਪਤ ਕਰ ਲਈ, ਤੇ ਉਸ ਮੂਰਤੀ ਦੀ ਪੂਜਾ ਭਗਤੀ ਵਿੱਚ ਦਿਨ ਬਿਤਾਉਣ ਲੱਗੀ। ਰਾਜ ਘਰਾਣੇ ਦੀਆਂ ਸ਼ੁਭ ਚਿੰਤਕ ਦਾਸੀਆਂ ਤੇ ਮੀਰਾ ਦੀ ਨਨਦ ਨੇ ਮੀਰਾ ਨੂੰ ਬਹੁਤ ਸਮਝਾਇਆ ਕਿ ਉਹ ਆਪਣਾ ਹਠ ਤਿਆਗ ਕੇ, ਗ੍ਰਿਹਸਤ ਦਾ ਵਿਵਹਾਰਕ ਜੀਵਨ ਬਤੀਤ ਕਰੇ, ਪਰ ਮੀਰਾ ਦੀ ਰੁਚੀ ਦਿਨ ਰਾਤ ਕ੍ਰਿਸ਼ਨ-ਭਗਤੀ ਤੇ ਸਾਧਾਂ ਸੰਤਾਂ ਦੀ ਸੰਗਤ ਕਰਨ ਵਿੱਚ ਲੱਗੀ ਰਹੀ। ਦੂਰੋਂ ਦੂਰੋਂ ਕ੍ਰਿਸ਼ਨ ਦੇ ਭਗਤ, ਸਾਧੂ ਸੰਤ, ਮੀਰਾ ਕੋਲ ਆਉਣ ਲੱਗੇ। ਮੀਰਾ ਦਿਨ ਰਾਤ ਉਨ੍ਹਾਂ ਨਾਲ ਰਲਕੇ ਭਜਨ ਗਾਉਂਦੀ ਤੇ ਵਾਰਤਾਲਾਪ ਕਰਦੀ ਤੇ ਜਾ ਸਾਧਾਂ ਸੰਤਾਂ ਦੇ ਭੰਡਾਰੇ ਕਰਦੀ ਤੇ ਉਨ੍ਹਾਂ ਦੀ ਸੇਵਾ ਵਿੱਚ ਸਮਾਂ ਬਿਤਾਉਂਦੀ। ਇਸ ਉੱਤੇ ਮੀਰਾ ਦਾ ਪਤੀ ਰਾਣਾ, ਮੀਰਾ ਦਾ ਸੱਸ-

ਸਹੁਰਾ, ਤੇ ਬਾਕੀ ਸੰਬੰਧੀ ਹੋਰ ਵੀ ਚਿੜਦੇ ਤੇ ਮੀਰਾ ਨੂੰ ਮੰਦਾ ਚੰਗਾ ਆਖਦੇ, ਪਰ ਮੀਰਾ ਉੱਤੇ ਇਨ੍ਹਾਂ ਦੁਰਬਚਨਾਂ ਤੇ ਸਹੁਰਿਆਂ ਦੇ ਭੈੜੇ ਸਲੂਕ ਦਾ ਕੋਈ ਅਸਰ ਨਾ ਹੋਇਆ, ਸਗੋਂ ਉਹ ਆਪਣੀ ਕ੍ਰਿਸ਼ਨ ਭਗਤੀ ਵਿੱਚ ਹੋਰ ਵੀ ਪ੍ਰਪੱਕ ਹੁੰਦੀ ਗਈ। ਅਤਿ ਕ੍ਰੋਧਵਾਨ ਹੋ ਕੇ, ਮੀਰਾ ਦੇ ਪਤੀ ਰਾਣਾ ਨੇ ਮੀਰਾ ਦੀ ਮਾਤਾ ਨੂੰ ਚਿਤੌੜ ਬੁਲਾ ਭੇਜਿਆ ਤੇ ਉਸ ਨੂੰ ਸਭ ਹਾਲ ਦੱਸ ਕੇ ਕਿਹਾ ਕਿ ਆਪਣੀ ਧੀ ਨੂੰ ਸਮਝਾਏ। ਜਦੋਂ ਇਹ ਜਤਨ ਵੀ ਅਸਫਲ ਰਹੇ ਤਾਂ ਮੀਰਾ ਦੇ ਪਤੀ ਨੇ ਕਿਹਾ ਕਿ ਕੁਲ-ਲਾਜ ਦੀ ਰੱਖਿਆ ਲਈ, ਮੀਰਾ ਦੀ ਮਾਤਾ ਮੀਰਾ ਨੂੰ ਆਪਣੇ ਹੱਥੀਂ ਜ਼ਹਿਰ ਘੋਲ ਕੇ ਪਿਲਾ ਦੇਵੇ। ਮੀਰਾ ਦੇ ਪਤੀ ਨੇ ਇੱਕ ਕੌਲੀ ਵਿੱਚ ਜ਼ਹਿਰ ਘੋਲ ਦਿੱਤਾ ਤੇ ਮੀਰਾ ਦੀ ਮਾਤਾ ਨੂੰ ਕਿਹਾ, ਜਾਓ, ਮੀਰਾ ਨੂੰ ਕਹੋ ਕਿ ਉਹ ਕੁਲ-ਦੇਵੀ ਦਾ ਚਰਨਾਮ੍ਰਿਤ ਹੈ, ਮੀਰਾ ਪੀ ਲਵੇ। ਮੀਰਾ ਦੀ ਮਾਤਾ ਜਦੋਂ ਕੌਲੀ ਜ਼ਹਿਰ ਦੀ ਮੀਰਾ ਨੂੰ ਚਰਨਾਮ੍ਰਿਤ ਕਹਿ ਕੇ ਪਲਾਉਣ ਲੱਗੀ ਤਾਂ ਉਸ ਦਾ ਮਾਤ੍ਰੀ-ਸਨੇਹ ਉੱਮਲ ਆਇਆ ਤੇ ਉਸ ਦੇ ਨੇਤਰਾਂ ਵਿੱਚੋਂ ਜਲ ਵਹਿਣ ਲੱਗ ਪਿਆ। ਮੀਰਾ ਸਭ ਵਰਤਾਂਤ ਸਮਝ ਗਈ ਤੇ ਆਪਣੀ ਮਾਤਾ ਨੂੰ ਕਿਹਾ, "ਜਨਣੀ, ਰੁਦਨ ਕਰਨਾ ਬੇ ਅਰਥ ਹੈ। ਇਹ ਸ਼ਰੀਰ ਅਨਿੱਤ ਹੈ। ਕ੍ਰਿਸ਼ਨ ਭਗਤੀ ਵਿੱਚ ਇਸ ਦਾ ਵਿਨਾਸ਼ ਹੋ ਜਾਵੇ ਤਾਂ ਧੰਨ ਭਾਗ। ਅਪੁਤ੍ਰ ਵਿਧਵਾ ਦੇ ਅਵਿਵਾਹਿਤ ਰਹਿਣ ਉੱਤੇ ਤੇ ਸੁਪਨ ਦੇ ਨਾਸ਼ ਹੋਣ ਦਾ ਸ਼ੋਕ ਕਾਹਦਾ ? ਜਿਵੇਂ ਫੁੱਲ ਪੱਕ ਕੇ ਭੋਇੰ ਉੱਤ ਡਿੱਗ ਪੈਂਦਾ ਹੈ, ਏਵੇਂ ਮੈਂ ਕ੍ਰਿਸ਼ਨ ਦੇ ਚਰਨਾਂ ਵਿੱਚ ਸਮਾ ਰਹੀ ਹਾਂ। ਸਭ ਸੰਸਾਰ ਅਸੱਤ ਮਾਯਾ ਹੈ। ਇਸ ਲਈ, ਹੇ ਮਾਤਾ, ਰੁਦਨ ਨਾ ਕਰ। ਇਉਂ ਕਿਹਾ ਤੇ ਜ਼ਹਿਰ ਦੀ ਕੌਲੀ ਆਪਣੀ ਮਾਤਾ ਦੇ ਹੱਥੋਂ ਲੈ ਕੇ ਪੀ ਲਈ। ਫਿਰ ਕ੍ਰਿਸ਼ਨ ਦੀ ਮੂਰਤੀ ਅੱਗੇ ਧਿਆਨ ਸਥਿਤ ਹੋ ਕੇ ਬੇਨਤੀ ਕੀਤੀ : "ਹੇ ਪ੍ਰਭੂ, ਮੇਰੇ ਅੰਤਮ ਸਮੇਂ ਮੈਨੂੰ ਇਹ ਵਰਦਾਨ ਦਿਓ, ਕਿ ਮੇਰੇ ਮਰਨ ਤੋਂ ਪਿੱਛੋਂ ਤੇਰੀ ਭਗਤੀ ਦਾ ਪ੍ਰਚਾਰ ਬੰਦ ਨਾ ਹੋ ਜਾਵੇ।" ਗਤੀ ਈਸ਼ਵਰ ਦੀ ਐਸੀ ਹੋਈ ਕਿ ਵਿਸ਼ ਪੀਣ ਨਾਲ ਮੀਰਾ ਦੀ ਮ੍ਰਿਤੂ ਨਾ ਹੋਈ, ਸਗੋਂ ਉਸ ਦੇ ਮੂੰਹ ਦੀ ਲਾਲੀ ਵੱਧ ਗਈ। ਮੀਰਾ ਦੇ ਕਵੀ ਮਨ ਵਿਚੋਂ ਸੰਗੀਤ ਲਹਿਰ ਉੱਠੀ ਤੇ ਉਸ ਨੇ ਇਹ ਭਜਨ ਗਾਇਆ :

ਰਾਣਾ ਜੀ ਮੈਂ ਜ਼ਹਿਰ ਦੀਓ ਮੈਂ ਜਾਨੀ।
ਜੈਸੇ ਕੰਚਨ ਕਸੀਏ ਅਗਨ ਮੈਂ,
ਹੋਤ ਹੈ ਬਾਰਾ ਬਾਨੀ।
ਲੋਕ ਲਾਜ ਕਲ ਕਾਣ ਜਗਤ ਕੀ,

ਦਈ ਬਹਾਇ ਜਸ ਪਾਨੀ।
ਅਪਨੇ ਘਰ ਮੈਂ ਪਰਦਾ ਕਰਲੇ,
ਮੈਂ ਅਬਲਾ ਬੌਰਾਨੀ।
ਤਰਕਸ਼ ਤੀਰ ਲਗਯੋ ਮੇਰੇ ਹਿਰਦੇ,
ਗਰਕ ਗਜੇ ਸਨ ਕਾਨੀ।
ਮੀਰਾ ਪ੍ਰਭੂ ਕੇ ਆਗੇ ਨਾਚੀ,
ਚਰਣ ਕਮਲ ਲਿਪਟਾਨੀ।
ਗਿਰਧਰ ਜੀ ਨੇ ਰਾਖ ਲਈ,
ਮੈਂ ਦਾਸੀ ਆਪਣੀ ਜਾਨੀ।

ਮੀਰਾ ਦੇ ਪਤੀ ਰਾਣਾ ਨੂੰ ਇਹ ਲੱਜਾ ਖਾ ਰਹੀ ਸੀ ਕਿ ਉਸ ਦੀ ਪਤਨੀ ਸਾਧਾਂ ਸੰਤਾਂ, ਗ਼ੈਰ ਮਰਦਾਂ ਨਾਲ ਖੁੱਲ੍ਹਾ ਮੇਲ ਜੋਲ ਰਖਦੀ ਹੈ। ਰਾਣਾ ਦੇ ਭਰਮੀ ਮਨ ਵਿੱਚ ਇਹ ਈਰਖਾ ਵੀ ਪ੍ਰਜਵਲਤ ਹੋ ਉੱਠੀ ਸੀ ਜੁ ਕਿਤੇ ਉਸ ਦੀ ਪਤਨੀ ਕਿਸੇ ਹੋਰ ਮਰਦ ਨੂੰ ਹੀ ਪ੍ਰੇਮ ਨਾ ਕਰਦੀ ਹੋਵੇ। ਰਾਣਾ ਨੇ ਕੁਝ ਬਾਂਦੀਆਂ ਨੂੰ ਆਗਿਆ ਕੀਤੀ, ਕਿ ਗੁਪਤ ਵਿਚਰ ਕੇ ਮੀਰਾ ਨਾਲ ਮਿਲਣ ਜੁਲਣ ਵਾਲੇ ਲੋਕਾਂ ਦਾ ਖ਼ਿਆਲ ਰੱਖਣ। ਇੱਕ ਦਿਨ ਇੱਕ ਬਾਂਦੀ ਨੇ ਰਾਣਾ ਨੂੰ ਸੂਹ ਦਿੱਤੀ ਕਿ ਮੀਰਾ ਨੇ ਆਪਣੇ ਕਮਰੇ ਦੇ ਅੰਦਰ ਦੇ ਪਟ ਭੇੜੇ ਹੋਏ ਹਨ ਤੇ ਅੰਦਰੋਂ ਉਸ ਦੇ ਕਿਸੇ ਮਰਦ ਨਾਲ ਗੱਲਾਂ ਕਰਨ ਦੀ ਆਵਾਜ਼ ਆ ਰਹੀ ਹੈ। ਰਾਣਾ ਝੱਟ ਉੱਥੇ ਪੁੱਜਾ ਤੇ ਧੱਕਾ ਮਾਰਕੇ ਮੀਰਾ ਦੇ ਕਮਰੇ ਦੇ ਪਟ ਖੋਹਲ ਦਿੱਤੇ। ਕੀ ਦੇਖਦਾ ਹੈ ਕਿ ਮੀਰਾ ਸ਼੍ਰੀ ਕ੍ਰਿਸ਼ਨ ਨਾਲ ਬੈਠੀ ਸ਼ਤਰੰਜ ਖੇਲ ਰਹੀ ਹੈ। ਕ੍ਰਿਸ਼ਨ ਜੀ ਆਪਣੇ ਸੱਜੇ ਹੱਥ ਨਾਲ ਇੱਕ ਮੋਹਰਾ ਚੁੱਕ ਕੇ ਅੱਗੇ ਰੱਖਣ ਹੀ ਲੱਗੇ ਸਨ ਕਿ ਰਾਣਾ ਨੇ ਕਮਰੇ ਦੇ ਪੱਟ ਖੋਹਲ ਸੁੱਟੇ। ਕ੍ਰਿਸ਼ਨ ਜੀ ਝਟਪਟ ਮੂਰਤੀ ਰੂਪ ਹੋ ਗਏ ਤੇ ਮੀਰਾ ਇਕੱਲੀ ਸ਼ਤਰੰਜ ਕੋਲ ਬੈਠੀ ਰਹਿ ਗਈ। ਰਾਣਾ ਅਚੰਭਤ ਰਹਿ ਗਿਆ ਤੇ ਮਨ ਵਿੱਚ ਸ਼ਰਮਿੰਦਾ ਹੋਇਆ। ਪਰ ਰਾਜ ਮਦ, ਕੁਲ ਅਭਿਮਾਨ, ਤੇ ਮਾਯਾ, ਉਸ ਉੱਤੇ ਪ੍ਰਬਲ ਸੀ। ਮੀਰਾ ਨੂੰ ਉਹ ਆਪਣੀ ਪਤਨੀ ਕਰਕੇ ਜਾਣਦਾ ਸੀ ਤੇ ਮੀਰਾ ਦੀ ਅਖੰਡ ਕ੍ਰਿਸ਼ਨ ਭਗਤੀ ਉੱਤੇ, ਅਤੇ ਮੀਰਾ ਦੇ ਆਏ ਗਏ ਸਾਧੂਆਂ ਸੰਤਾਂ ਨਾਲ ਖੁਲ੍ਹੇ ਮੇਲ ਜੋਲ ਨੂੰ, ਆਪਣੀ ਹੇਠੀ ਸਮਝਦਾ ਸੀ ਤੇ ਇਉਂ ਮੀਰਾ ਨਾਲ ਚਿੜਦਾ ਸੀ।

ਸ੍ਰੀ ਕ੍ਰਿਸ਼ਨ ਦੀ ਉਹ ਮੂਰਤੀ, ਜਿਸ ਵਿੱਚੋਂ ਸ਼੍ਰੀ ਕ੍ਰਿਸ਼ਨ ਮੀਰਾ ਨਾਲ ਸ਼ਤਰੰਜ ਖੇਲਣ ਲਈ ਪ੍ਰਤੱਖ ਹੋਏ ਸਨ, ਉਹ ਹੁਣ ਵੀ ਪੁਰਾਤਨ ਚਿਤੌੜ ਵਿੱਚ ਮੀਰਾ ਦੀ

ਯਾਦਗਾਰ ਵਿੱਚ ਸਥਾਪਤ ਹੋਏ ਇੱਕ ਮੰਦਰ ਵਿੱਚ ਰਖੀ ਹੋਈ ਹੈ ਤੇ ਅਨੇਕ ਯਾਤਰੀ ਹਰ ਸਾਲ ਉਸ ਦੇ ਦਰਸ਼ਨ ਕਰਨ ਜਾਂਦੇ ਹਨ।

ਇੱਕ ਵਾਰੀ ਦੀ ਕਥਾ ਹੈ ਕਿ ਹੋਲੀਆਂ ਦੇ ਦਿਨਾਂ ਵਿੱਚ ਰਾਜ ਮਹਿਲਾਂ ਦੀਆਂ ਸਜਨੀਆਂ ਤੇ ਦਾਸੀਆਂ ਨੇ ਮੀਰਾ ਨੂੰ ਹੋਲੀ ਖੇਲ੍ਹਣ ਲਈ ਕਿਹਾ। ਮੀਰਾ ਨੇ ਕਿਹਾ, ਹਾਂ ਮੈਂ ਅੱਜ ਹੋਲੀ ਖੇਲਾਂਗੀ। ਪਰ ਨਿਸ਼ਚਿਤ ਸਮੇਂ ਤੇ ਅਸਥਾਨ ਉੱਤੇ ਮੀਰਾ ਨਾ ਪੁੱਜੀ। ਸਖੀਆਂ ਹੋਲੀ ਖੇਲ ਕੇ ਮੁੜੀਆਂ ਤਾਂ ਕੀ ਦੇਖਣ ਕਿ ਮੀਰਾ ਆਪਣੇ ਨਿਵਾਸ ਅਸਥਾਨ ਵਿੱਚ ਕ੍ਰਿਸ਼ਨ ਦੀ ਮੂਰਤੀ ਅੱਗੇ ਬੈਠੀ ਹੈ। ਉਸ ਦੇ ਬਸਤਰ ਕੇਸਰ ਗੁਲਾਲ ਨਾਲ ਭਰੇ ਹੋਏ ਨੁਚੜ ਰਹੇ ਹਨ ਤੇ ਸਾਰਾ ਕਮਰਾ ਉਥਲ ਪੁਥਲ ਹੋਇਆ ਪਿਆ ਹੈ। ਸਖੀਆਂ ਨੇ ਪੁੱਛਿਆ, 'ਇਥੇ ਆ ਕੇ ਕੌਣ ਤੇਰੇ ਨਾਲ ਹੋਲੀ ਖੇਲਦਾ ਰਿਹਾ ਹੈ। ਉੱਤਰ ਵਿੱਚ ਮੀਰਾ ਨੇ ਆਪਣਾ ਦੋਤਾਰਾ ਉਠਾਇਆ ਤੇ ਭਜਨ ਗਾਇਆ :

ਹੋਰੀ ਖੇਲਤ ਹੈ ਗਿਰਧਾਰੀ।
ਮੁਰਲੀ ਸੰਗ ਬਾਜਤ ਡਫ ਨਿਯਾਰੀ,
ਸੰਗ ਯੁਵਤੀ ਬ੍ਰਜ ਨਾਰੀ।
ਚੰਦਨ ਕੇਸਰ ਛਿਰਕਤ ਮੋਹਨ,
ਅਪਨੇ ਹਾਥ ਬਿਹਾਰੀ।
ਭਰ ਭਰ ਮੂਠ ਗੁਲਾਲ ਰੰਗ ਕੀ,
ਦੇਤ ਸਭਨ ਪਰ ਡਾਰੀ।
ਛੈਲ ਛਬੀਲੇ ਨਵਲ ਕਾਨ੍ਹ ਸੰਗ,
ਰਾਧਾ ਪ੍ਰੇਮ ਪਿਆਰੀ।
ਮੀਰਾ ਕੇ ਪ੍ਰਭੂ ਗਿਰਧਰ ਨਾਗਰ,
ਮੋਹਨ ਲਾਲ ਬਿਹਾਰੀ।

ਰਾਣਾ ਨੇ ਇਕ ਦਿਨ ਕਿਹਾ : "ਦੇਖ ਮੀਰਾ, ਲੋਕ ਬੜੀਆਂ ਗੱਲਾਂ ਬਣਾਉਂਦੇ ਹਨ। ਤੂੰ ਹਰ ਵੇਲੇ ਮੁਗਧ ਜਿਹੀ ਬਣੀ ਰਹਿੰਦੀ ਹੈਂ ਤੇ ਮੇਰੇ ਨਾਲ ਕਦੇ ਹੱਸਦੀ ਖੇਲਦੀ ਨਹੀਂ। ਹੋਰ ਕੁਝ ਨਹੀਂ ਤਾਂ ਸੰਸਾਰ ਦਾ ਮੂੰਹ ਰੱਖਣ ਲਈ ਹੀ ਮੇਰੇ ਨਾਲ ਹੱਸ ਖੇਡ ਲਿਆ ਕਰ।" ਮੀਰਾ ਨੇ ਦੋਤਾਰਾ ਫੜ ਕੇ ਭਜਨ ਗਾਵਿਆ:

ਰਾਣਾ ਜੀ, ਮੈਂ ਸਾਂਵਰੇ ਕੇ ਸੰਗ ਰਾਤੀ।
ਜਿਨ ਕੇ ਪੀਆ ਪਰਦੇਸ ਬਸਤ ਹੈਂ,

ਲਿਖ ਲਿਖ ਭੇਜਤ ਪਾਤੀ।
ਮੋਰ ਪੀਆ ਮੇਰੇ ਹਿਰਦੇ ਬਸਤ ਹੈਂ,
ਯਹ ਕਛ ਕਹੀ ਨਾ ਜਾਤੀ।
ਝੂਠ ਸੁਹਾਗ ਜਗਤ ਮਿਥਿਆ ਕਾ,
ਹੋਇ ਹੋਇ ਮਿਟ ਜਾਤੀ।
ਮੈਂ ਬਰਿਉ ਅਬਿਨਾਸ਼ੀ ਪ੍ਰੀਤਮ,
ਜਾਂਹਿ ਕਾਲ ਨਹਿ ਖਾਤੀ।
ਔਰ ਪਿਆਲਾ ਪੀ ਪੀ ਮਾਤੀ,
ਮੈਂ ਬਿਨ ਪੀਏ ਮਾਤੀ।
ਐਸੇ ਪਿਆਲਾ ਪ੍ਰੇਮ ਹਰੀ ਕਾ,
ਛਕੀ ਰਹੂ ਦਿਨ ਰਾਤੀ।
ਮੀਰਾ ਕੇ ਪ੍ਰਭੂ ਗਿਰਧਰ ਨਾਗਰ,
ਖੋਹਲ ਮਿਲੀ ਤਹਿ ਛਾਤੀ।
ਕੋਈ ਖਰੀ ਕੋਈ ਬੁਰੀ ਕਹੇ,
ਮੇਰੀ ਪ੍ਰੇਮ ਕੀ ਰੀਤ ਸੁਹਾਤੀ॥

ਕਹਿੰਦੇ ਹਨ ਕਿ ਮੀਰਾ ਦੀ ਭਗਤੀ ਤੇ ਕ੍ਰਿਸ਼ਨ ਭਗਤੀ ਦੀ ਸ਼ੋਭਾ ਦੂਰ ਦੂਰ ਦੇਸ਼ ਵਿਚ ਪਸਰ ਗਈ, ਤੇ ਅਕਬਰ ਸ਼ਹਿਨਸ਼ਾਹ, ਵੈਰਾਗੀ ਸਾਧੂ ਦਾ ਭੇਸ ਬਣਾ ਕੇ, ਅਤੇ ਰਾਜ ਗਵੱਈਏ, ਤਾਨਸਾਨ ਨੂੰ ਨਾਲ ਲੈ ਕੇ ਮੀਰਾ ਦੇ ਦਰਸ਼ਨਾਂ ਨੂੰ ਚਿਤੌੜ ਆਇਆ। ਮੀਰਾ ਦੇ ਦਰਸ਼ਨ ਕੀਤੇ ਤੇ ਉਸ ਦੇ ਚਿਹਰੇ ਦੀ ਆਤਮਕ ਆਭਾ ਦੇਖੀ ਤਾਂ ਬੜਾ ਹਰਸ਼ਚਿੱਤ ਹੋਇਆ ਤੇ ਮਨ ਹੀ ਮਨ ਵਿੱਚ ਸ਼ੁਕਰਾਨਾ ਅੱਲ੍ਹਾ ਦਾ ਕੀਤਾ ਕਿ ਉਸ ਨੂੰ ਇਸ ਜਨਮ ਵਿੱਚ ਮੀਰਾ ਵਰਗੇ ਜ਼ਾਹਿਦ ਵਲੀ ਦੇ ਦਰਸ਼ਨ ਹੋਏ। ਆਪਣੀ ਝੋਲੀ ਵਿੱਚੋਂ ਇਕ ਬਹੁ-ਮੁੱਲੇ ਮੋਤੀਆਂ ਦੀ ਮਾਲਾ ਕੱਢੀ ਤੇ ਮੀਰਾ ਨੂੰ ਦਰਸ਼ਨ-ਭੇਟ ਕੀਤੀ। ਮੀਰਾ ਨੇ ਉੱਤਰ ਦਿੱਤਾ : "ਮੈਂ ਸਾਧੂ ਹਾਂ, ਮੋਤੀਆਂ ਦੀ ਲੜੀ ਮੇਰੇ ਕਿਸ ਕੰਮ ?" ਅਕਬਰ ਨੇ ਜੋ ਕਿ ਵੈਰਾਗੀ ਦੇ ਭੇਸ ਵਿੱਚ ਸੀ, ਕਿਹਾ : "ਜਮਨਾ ਵਿਚ ਅਸ਼ਨਾਨ ਕਰਨ ਸਮੇਂ ਇਹ ਮਾਲਾ ਸਾਡੇ ਹੱਥ ਆਈ ਹੈ। ਇਹ ਮਾਲਾ ਸ਼੍ਰੀ ਕ੍ਰਿਸ਼ਨ ਦੇ ਭਗਤਾਂ ਅਤੇ ਸ਼੍ਰੀ ਕ੍ਰਿਸ਼ਨ ਦੀ ਮੂਰਤੀ ਦੇ ਹੀ ਯੋਗ ਹੈ।" ਇਹ ਸੁਣ ਕੇ ਮੀਰਾ ਨੇ ਮਾਲਾ ਸ੍ਵੀਕਾਰ ਕਰ ਲਈ। ਰਾਣਾ ਨੇ ਜਦ ਅਜੇਹੀ ਬਹੁ-ਮੁੱਲੀ ਮਾਲਾ ਮੀਰਾ ਕੋਲ ਦੇਖੀ ਤਾਂ ਜੌਹਰੀਆਂ ਕੋਲੋਂ ਉਸਦਾ ਮੁੱਲ ਪਵਾਇਆ।

ਪੁੱਛ-ਗਿੱਛ ਕਰਨ ਤੇ ਪਤਾ ਲੱਗਾ ਕਿ ਇਹ ਮਾਲਾ, ਅਜੇ ਥੋਹੜਾ ਸਮਾਂ ਹੀ ਹੋਇਆ, ਆਗਰੇ ਦੇ ਕਿਸੇ ਜੌਹਰੀ ਨੇ ਸ਼ਹਿਨਸ਼ਾਹ ਅਕਬਰ ਕੋਲ ਵੇਚੀ ਸੀ। ਇਹ ਗੱਲ ਵੀ ਪਤਾ ਲੱਗ ਗਈ ਜੁ ਇਹ ਮਾਲਾ ਮੀਰਾ ਨੂੰ ਦੇਣ ਵਾਲਾ ਆਪੂੰ ਸ਼ਹਿਨਸ਼ਾਹ ਅਕਬਰ, ਵੈਰਾਗੀ ਦੇ ਰੂਪ ਵਿੱਚ ਮੀਰਾ ਨੂੰ ਮਿਲ ਕੇ ਗਿਆ ਹੈ। ਰਾਣਾ ਨੇ ਇਸ ਗੱਲ ਨੂੰ ਚਿਤੌੜ ਦੇ ਰਾਜ ਘਰਾਣੇ ਦੀ ਗੌਰਵਤਾ ਉੱਤੇ ਭਾਰੀ ਸੱਟ ਸਮਝਿਆ ਤੇ ਨਿਸ਼ਚਾ ਕੀਤਾ ਜੁ ਮੀਰਾ ਦਾ ਮਰ ਜਾਣਾ ਹੀ ਉਚਿਤ ਹੈ। ਇਹ ਵਿਚਾਰ ਕੇ ਇਕ ਜ਼ਹਿਰੀ ਬਿਸੀਅਰ ਨਾਗ ਪਟਾਰੀ ਵਿੱਚ ਬੰਦ ਕਰਕੇ ਮੀਰਾ ਕੋਲ ਭੇਜਿਆ ਤਾਂ ਜੁ ਮੀਰਾ ਪਟਾਰੀ ਨੂੰ ਖੋਹਲੇ ਤਾਂ ਨਾਗ ਉਸ ਨੂੰ ਡਸ ਲਵੇ। ਮੀਰਾ ਸਭ ਗੱਲ ਸਮਝ ਗਈ ਤੇ ਕ੍ਰਿਸ਼ਨ ਦੀ ਮੂਰਤੀ ਅੱਗੇ ਪ੍ਰਾਰਥਨਾ ਕੀਤੀ ਤੇ ਪਟਾਰੀ ਦਾ ਢੱਕਣ ਚੁੱਕ ਦਿੱਤਾ। ਕਰਨਾ ਕਰਤਾਰ ਦਾ ਅਜਿਹਾ ਹੋਇਆ ਕਿ ਸੱਪ ਦੀ ਥਾਂ ਇੱਕ ਸਾਲਿਗ੍ਰਾਮ ਪਟਾਰੀ ਵਿੱਚੋਂ ਮਿਲਿਆ। ਮੀਰਾ ਸ਼ੁਕਰਾਨੇਂ ਵਿੱਚ ਮਸਤ ਹੋ ਉਠੀ ਤੇ ਕ੍ਰਿਸ਼ਨ ਦੀ ਮੂਰਤੀ ਅੱਗੇ ਨ੍ਰਿਤ ਕੀਤਾ।

ਇਸ ਘਟਨਾ ਤੋਂ ਕੁਝ ਦਿਨ ਪਿਛੋਂ ਹੀ ਮੀਰਾ ਦੇ ਪਤੀ ਰਾਣਾ ਦਾ ਦੇਹਾਂਤ ਹੋ ਗਿਆ। ਮੀਰਾ ਦੇ ਸਹੁਰੇ ਮਹਾਰਾਣਾ ਨੇ ਆਪਣੇ ਪੁੱਤ੍ਰ ਦੀ ਮ੍ਰਿਤੂ ਦੇ ਰਹੱਸਯ ਨੂੰ ਨਾ ਜਾਤਾ ਤੇ ਮੀਰਾ ਨੂੰ ਆਗਿਆ ਕੀਤੀ ਕਿ ਉਹ ਸਤੀ ਹੋ ਜਾਵੇ। ਮੀਰਾ ਨੇ ਜਮਨਾ ਦੇ ਜਲ ਵਿੱਚ ਆਪਣੇ ਸਰੀਰ ਨੂੰ ਪ੍ਰਵਾਹ ਕਰ ਦੇਣ ਦੀ ਇੱਛਾ ਨਾਲ, ਬ੍ਰਿੰਦਾਬਨ ਜਾ ਕੇ ਨਦੀ ਵਿੱਚ ਛਾਲ ਮਾਰ ਦਿੱਤੀ ਪਰ ਜਮਨਾ ਨਦੀ ਦੀਆਂ ਲਹਿਰਾਂ ਨੇ ਮੀਰਾ ਦੇ ਸ਼ਰੀਰ ਨੂੰ ਬਾਹਰ ਕੰਢੇ ਉੱਤੇ ਸੁੱਟ ਪਾਇਆ। ਜਦੋਂ ਮੀਰਾ ਦੀ ਹੋਸ਼ ਪਰਤੀ ਤਾਂ ਉੱਠੀ ਤੇ ਸਿੱਧੀ ਸ੍ਰੀ ਕ੍ਰਿਸ਼ਨ ਦੀ ਰੰਗ ਭੂਮੀ ਤੇ ਲੀਲ੍ਹਾ ਭੂਮੀ ਬ੍ਰਿਦਾਬਨ ਨੂੰ ਤੁਰ ਪਈ। ਬ੍ਰਿੰਦਾਬਨ ਵਿੱਚ ਵੈਸ਼ਨਵ ਸੰਤ ਵਲੱਭਾਚਾਰੀਆ ਦਾ ਪ੍ਰਸਿਧ ਮੱਠ ਹੈ। ਵਲੱਭਾਚਾਰੀਆ ਦਾ ਪੁਤ੍ਰ, ਜੀਵ ਗੋਸਾਈਂ, ਉਸ ਮੱਠ ਦਾ ਸ੍ਰੀ ਮਹੰਤ ਸੀ, ਜੋ ਰੂਪ ਤੇ ਸਨਾਤਨ ਨਾਮੀ, ਵਲਭਾਚਾਰੀਆ ਦੇ ਦੋ ਪ੍ਰਿਯ ਚੇਲਿਆਂ ਦਾ ਚਾਚਾ ਸੀ। ਮੀਰਾ ਨੇ ਬੇਨਤੀ ਕਰ ਭੇਜੀ ਕਿ ਮੱਠ ਦੇ ਸ੍ਰੀ ਮਹੰਤ ਉਸ ਨੂੰ ਦਰਸ਼ਨਾਂ ਦੀ ਆਗਿਆ ਦੇਣ ਪਰ ਜੀਵ ਗੋਸਾਈਂ ਨੇ ਮੀਰਾ ਨੂੰ ਮੱਠ ਵਿੱਚ ਪ੍ਰਵੇਸ਼ ਕਰਨ ਦੀ ਆਗਿਆ ਨਾ ਦਿੱਤੀ। ਜਦ ਮੀਰਾ ਨੇ ਕਾਰਣ ਪੁੱਛਿਆ ਤਾਂ ਜੀਵ ਗੋਸਾਈਂ ਨੇ ਕਹਿਲਵਾ ਭੇਜਿਆ ਕਿ ਮੱਠਾਂ ਵਿੱਚ ਇਸਤ੍ਰੀਆਂ ਨੂੰ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਮੀਰਾ ਨੇ ਮੋੜਵਾਂ ਉੱਤਰ ਦਿੱਤਾ : "ਮੈਂ ਤਾਂ ਇਸ ਖ਼ਿਆਲ ਵਿੱਚ ਹੀ ਸੀ, ਕਿ ਬ੍ਰਿੰਦਾਬਨ ਸ੍ਰੀ ਕ੍ਰਿਸ਼ਨ ਦੀ ਲੀਲ੍ਹਾ ਭੂਮੀ ਹੈ ਅਤੇ ਇੱਥੇ ਕ੍ਰਿਸ਼ਨ ਭਗਤੀ ਕਰਨ ਵਾਲੀਆਂ ਸਭ

ਗੋਪੀਆਂ ਹੀ ਹਨ। ਹੁਣ ਪਤਾ ਲੱਗਾ ਜੁ ਜੀਵ ਗੋਸਾਈ ਜੀ ਦੇ ਮੱਠ ਵਿੱਚ ਮਰਦ ਭੀ ਰਹਿੰਦੇ ਹਨ।" ਜੀਵ ਗੋਸਾਈਂ ਨੇ ਇਹ ਬਚਨ ਸੁਣੇ ਤਾਂ ਮਨ ਵਿੱਚ ਬੜਾ ਸ਼ਰਮਿੰਦਾ ਹੋਇਆ। ਨੰਗੇ ਸਿਰ, ਨੰਗੇ ਪੈਰੀਂ, ਮੱਠ ਵਿੱਚੋਂ ਬਾਹਰ ਨਿਕਲਿਆ ਤੇ ਆ ਮੀਰਾ ਕੋਲੋਂ ਖਿਮਾ ਮੰਗੀ। ਮੀਰਾ ਦੇ ਭਗਤੀ ਪੂਰਤ ਅਨਿਤ ਆਭਾ ਦਰਸ਼ਨ ਕੀਤੇ ਤਾਂ ਗੋਸਾਈਂ ਦੇ ਮਨ ਵਿੱਚ ਭਗਤੀ ਭਾਵ ਦੇ ਅਥਾਹ ਸੋਮੇ ਫੁੱਟ ਨਿਕਲੇ।

ਕੁਝ ਸਮਾਂ ਬ੍ਰਿੰਦਾਬਨ ਵਿੱਚ ਬਿਤਾਉਣ ਮਗਰੋਂ ਮੀਰਾ ਫੇਰ ਚਿਤੌੜ ਆਈ, ਪਰ ਉੱਥੇ ਉਸ ਦੇ ਸਹੁਰੇ ਅਜੇ ਵੀ ਉਸ ਵਲ ਰੁੱਖੇ ਰੁੱਖੇ ਹੀ ਜਾਪੇ। ਮੀਰਾ ਝਟ ਪਟ, ਕਾਠੀਆਵਾੜ ਦੇਸ਼ ਵੱਲ ਦਵਾਰਕਾ ਦੀ ਯਾਤਰਾ ਨੂੰ ਚਲ ਪਈ, ਜਿੱਥੇ ਕਿ ਮਥੁਰਾ ਤਿਆਗਣ ਪਿਛੋਂ ਕ੍ਰਿਸ਼ਨ ਭਗਵਾਨ ਬਹੁਤ ਸਮਾਂ ਰਾਜ ਕਰਦੇ ਰਹੇ ਸਨ। ਜਦੋਂ ਮੀਰਾ ਦੁਵਾਰਕਾ ਨੂੰ ਚਲੀ ਗਈ ਤਾਂ ਸਾਧਾਂ ਸੰਤਾਂ ਨੇ, ਜੋ ਕਿ ਮੀਰਾ ਨਾਲ ਭਗਤੀ ਵਾਰਤਾਲਾਪ ਕਰਨ ਆਉਂਦੇ ਹੁੰਦੇ ਸਨ, ਚਿਤੌੜ ਨਗਰੀ ਵਿੱਚ ਆਉਣਾ ਬੰਦ ਕਰ ਦਿੱਤਾ। ਚਿਤੌੜ ਦੇ ਰਾਜ ਘਰਾਣੇ ਵਿੱਚ ਕਲਿਹ-ਕਲੇਸ਼ ਉਪਜ ਪਿਆ ਤੇ ਦੇਸ਼ ਵਿੱਚ ਕਾਲ ਪੈ ਗਿਆ। ਹੁਣ ਮਹਾਰਾਣਾ ਨੂੰ ਗਿਆਨ ਹੋਇਆ ਕਿ ਮੀਰਾ ਦੇ ਚਰਨ ਚਿਤੌੜ ਨਗਰ ਤੇ ਦੇਸ਼ ਲਈ ਸੁਭਾਗ ਭਰੇ ਸਨ। ਮਹਾਰਾਣਾ ਨੇ ਕੁਛ ਬ੍ਰਾਹਮਣ ਦੁਵਾਰਕਾ ਭੇਜੇ ਕਿ ਮੀਰਾ ਨੂੰ ਬੇਨਤੀ ਕਰਨ ਕਿ ਉਹ ਚਿਤੌੜ ਮੁੜ ਆਵੇ । ਮਹਾਰਾਣਾ ਨੇ ਕਿਹਾ ਭੇਜਿਆ ਕਿ ਜੇ ਮੀਰਾ ਨਾ ਮੁੜੀ ਤਾਂ ਮੇਰਾ ਜੀਉਣਾ ਕਠਨ ਹੈ। ਮੀਰਾ ਨੇ ਬ੍ਰਾਹਮਣਾਂ ਕੋਲੋਂ ਇਹ ਸੁਨੇਹਾ ਸੁਣਿਆ ਤਾਂ ਦੁਵਾਰਕਾ ਤਿਆਗ ਕੇ ਚਿਤੌੜ ਮੁੜਨ ਤੋਂ ਨਾਂਹ ਕਰ ਦਿੱਤੀ। ਬਰਾਹਮਣ ਧਰਨਾ ਮਾਰ ਕੇ ਬੈਠ ਗਏ ਤੇ ਕਿਹੋਨੇ, "ਜੇ ਸਾਡਾ ਬਚਨ ਨਾ ਮੰਨੋਗੇ ਤਾਂ ਅਸੀਂ ਇੱਥੇ ਹੀ ਪ੍ਰਾਣ ਤਿਆਗ ਦਿਆਂਗੇ ਤੇ ਬ੍ਰਹਮ ਹਤਯਾ ਦੇ ਭਾਗੀ ਤੁਸੀਂ ਹੋਵੋਗੇ।" ਮੀਰਾ ਨੇ ਇਹ ਸੁਣਿਆ ਤੇ ਵਿਚਾਰਿਆ ਪਰ ਉੱਤਰ ਦਿੱਤਾ, "ਬਹੁਤ ਅੱਛਾ, ਮੈਂ ਚਿਤੌੜ ਮੁੜਨ ਲਈ ਆਪਣੇ ਪਤੀ ਸ਼੍ਰੀ ਕ੍ਰਿਸ਼ਨ ਤੋਂ ਆਗਿਆ ਲੈ ਲਵਾਂ।" ਇਉਂ ਕਹਿ ਕੇ ਸ਼੍ਰੀ ਕ੍ਰਿਸ਼ਨ ਦੇ ਮੰਦਰ, ਜੋ ਕਿ ਦੁਵਾਰਕਾ ਵਿੱਚ ਰਣਛੋੜ ਜੀ ਦਾ ਮੰਦਰ ਕਹਾਉਂਦਾ ਹੈ, ਗਈ। ਰਣਛੋੜ ਕ੍ਰਿਸ਼ਨ ਜੀ ਦਾ ਨਾਮ ਉਦੋਂ ਪਿਆ ਜਦੋਂ ਉਹ ਜਰਾਸਿੰਧ ਨਾਲ ਯੁੱਧ ਸਮੇਂ ਭੱਜ ਨਿਕਲੇ ਸਨ। ਸ਼੍ਰੀ ਕ੍ਰਿਸ਼ਨ ਦੇ ਇਸ ਰਣਛੋੜ ਰੂਪਮਾਨ ਦੀ ਪੂਜਾ ਹੀ ਕਾਠੀਆਵਾੜ ਵਿੱਚ ਵਿਸੇਸ਼ ਕਰਕੇ ਪ੍ਰਧਾਨ ਹੈ। ਮੀਰਾ ਰਣਛੋੜ ਦੀ ਮੂਰਤੀ ਦੇ ਸਾਹਮਣੇ ਹੋਈ ਤੇ ਮੂਰਤੀ ਵਿੱਚ ਸਮਾ ਗਈ। ਚਿਤੌੜ ਤੋਂ ਆਏ ਬ੍ਰਾਹਮਣਾਂ ਨੇ ਜਦ ਅੱਖਾਂ ਝਮਕੀਆਂ ਤਾਂ ਕੀ ਦੇਖਦੇ

ਹਨ, ਕਿ ਮੀਰਾ ਦੀ ਸਾੜ੍ਹੀ ਰਣਛੋੜ ਦੀ ਮੂਰਤੀ ਨੂੰ ਲਪੇਟੀ ਹੋਈ ਹੈ। ਬਸ, ਪੰਚ ਭੌਤਿਕ ਸੰਸਾਰ ਵਿੱਚ, ਇਹ ਮੀਰਾ ਦੀ ਸਾੜ੍ਹੀ ਜਾਂ ਰਣਛੋੜ ਦੀ ਸਥੂਲ ਮੂਰਤੀ ਹੀ ਰਹਿ ਗਏ ਤੇ ਮੀਰਾ ਦੀ ਜਯੋਤੀ ਤੇ ਸ਼ਰੀਰ ਆਪਣੇ ਪੂਜਯ ਦੇਵ ਦੀ ਜਯੋਤੀ ਤੇ ਮੂਰਤੀ ਵਿੱਚ ਸਮਾ ਗਏ।

ਬ੍ਰਾਹਮਣ ਜਦੋਂ ਚਿਤੌੜ ਮੁੜ ਕੇ ਵਾਪਸ ਆਏ ਤਾਂ ਅੱਗੇ ਸਾਰਾ ਨਗਰ ਲੁਟਿਆ ਪੁਟਿਆ ਹੋਇਆ ਤੇ ਉਜਾੜ ਡਿੱਠਾ। ਅਕਬਰ ਸ਼ਹਿਨਸ਼ਾਹ ਨੇ ਚੜ੍ਹਾਈ ਕਰਕੇ ਨਗਰ ਨੂੰ ਲੁੱਟ ਕੇ ਢਾਹ ਦਿੱਤਾ ਸੀ।

ਹੁਣ ਚਿਤੌੜ ਦੇ ਰਾਜ ਘਰਾਣੇ ਦੇ ਮਹਾਰਾਣੇ ਉਦੇਪੁਰ ਵਿੱਚ ਰਹਿੰਦੇ ਹਨ ਤੇ ਉਥੇ ਰਾਜ ਮਹਿਲਾਂ ਵਿੱਚ ਰਣਛੋੜ ਅਤੇ ਮੀਰਾ ਦੀ ਮੂਰਤੀ ਦੀ ਇਕੱਠੀ ਪੂਜਾ ਹੁੰਦੀ ਹੈ।

ਗੌਤਮ ਬੁੱਧ

ਬੁੱਧ ਮਤ ਵਾਲਿਆਂ ਦਾ ਸਿਧਾਂਤ ਹੈ ਕਿ ਯੁਗੋ ਯੁੱਗ ਤੇ ਸਮੇਂ ਸਮੇਂ ਕੋਈ ਮਹਾਨ ਆਤਮਾ, ਜਿਸ ਨੂੰ ਕਿ ਪੂਰਨ ਬੁੱਧੀ ਦੀ ਪ੍ਰਾਪਤੀ ਹੋਈ ਹੁੰਦੀ ਹੈ, ਸੰਸਾਰ ਭਰ ਵਿੱਚ ਲੋਕਾਂ ਨੂੰ ਸਿੱਧੇ ਰਾਹ ਪਾਉਣ ਲਈ ਪ੍ਰਗਟ ਹੁੰਦੀ ਹੈ। ਸਮਾਂ ਬੀਤਣ ਨਾਲ ਇਸ ਮਹਾਨ ਬੁੱਧ ਆਤਮਾ ਦਾ ਦੱਸਿਆ ਹੋਇਆ ਧਰਮ ਲੋਕੀ ਭੁੱਲ ਜਾਂਦੇ ਹਨ ਤਾਂ ਫੇਰ ਕੋਈ ਮਹਾਨ ਆਤਮਾ ਬੁੱਧ ਦੇ ਰੂਪ ਵਿੱਚ ਪ੍ਰਗਟ ਹੋ ਕੇ ਸੰਸਾਰ ਨੂੰ ਸ਼ੁੱਧ ਧਰਮ ਦਾ ਉਪਦੇਸ਼ ਕਰਦੀ ਹੈ। ਇਉਂ ਸ੍ਰਿਸ਼ਟੀ ਦੀ ਉਤਪਤੀ ਤੋਂ ਲੈ ਕੇ ਸ੍ਰਿਸ਼ਟੀ ਦੇ ਪ੍ਰਲੈ ਹੋਣ ਤੱਕ ਬੋਧੀ ਪ੍ਰਾਪਤ ਮਹਾਨ ਆਤਮਾ ਸੰਸਾਰ ਦੇ ਭਲੇ ਲਈ ਅਵਤਾਰ ਲੈਂਦੀਆਂ ਰਹਿੰਦੀਆਂ ਹਨ। ਇਹ ਸਿਧਾਂਤ ਭਾਰਤ ਵਾਸੀ ਆਰੀਆ ਜਾਤੀ ਦੇ ਲੋਕਾਂ ਦਾ, ਭਾਵੇਂ ਉਹ ਕਿਸੇ ਮਤ ਦੇ ਵੀ ਹੋਣ, ਕਿਸੇ ਨਾ ਕਿਸੇ ਰੂਪ ਵਿੱਚ ਇੱਕ ਸਾਂਝਾ ਸਿਧਾਂਤ ਬਣ ਚੁੱਕਾ ਹੈ। ਬ੍ਰਾਹਮਣੀ ਮਤ ਦੀ ਮਹਾਨ ਧਰਮ ਪੁਸਤਕ, ਭਾਗਵਦ ਗੀਤਾ ਵਿੱਚ ਇਸੇ ਸਿਧਾਂਤ ਦਾ ਵਰਨਣ ਹੈ। ਜਿਥੇ ਕਿਹਾ ਹੈ :

> "ਯਦਾ ਯਦਾ ਹੀ ਧਰਮੱਸਯ
> ਗਿਲਾਨੀਰ ਭਵਤਿ........
> ਸੰਭਵਾਮਿ ਯੁਗੇ ਯੁਗੇ !"

ਭਾਵ ਇਹ ਕਿ ਜਦੋਂ ਵੀ ਧਰਮ ਵਿੱਚ ਗਿਲਾਨੀ ਆ ਜਾਂਦੀ ਹੈ ਤਾਂ ਈਸ਼ਵਰ ਯੁਗੋ ਯੁਗ ਅਜੇਹੇ ਸਮੇਂ ਅਵਤਾਰ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੀਵਨ-ਕਥਾ ਵਿੱਚ ਇਸੇ ਸਿਧਾਂਤ ਦੀ ਪੁਸ਼ਟੀ ਕਰਦਿਆਂ ਕਿਹਾ ਹੈ :

> ਏਹਾ ਕਾਜ ਧਰਾ ਹਮ ਜਨਮੰ।
> ਸਮਝ ਲੇਹੁ ਸਾਧੂ ਸਭ ਮਨਮੰ।
> ਧਰਮ ਚਲਾਵਨ, ਸੰਤ ਉਬਾਰਨ।
> ਦੁਸ਼ਟ ਸਭਨ ਕੋ ਮੂਲ ਉਪਾਰਨ।

ਬੋਧੀਆਂ ਦੇ ਵਿਸ਼ਵਾਸ ਅਨੁਸਾਰ ਅਜੇਹੀਆਂ ਮਹਾਨ ਆਤਮਾਵਾਂ ਦਾ ਅਖੀਰਲਾ ਇਤਿਹਾਸਕ ਅਵਤਾਰ ਗੌਤਮ ਹੋਇਆ ਹੈ, ਜਿਸ ਦੀ ਆਤਮਾ ਨੂੰ ਬੁੱਧ

ਪਦਵੀ ਪਰਾਪਤ ਹੋਈ ਹੋਣ ਕਰ ਕੇ, ਗੌਤਮ ਬੁੱਧ ਕਹਿੰਦੇ ਹਨ। ਇਸ ਮਹਾਨ ਆਤਮਾ, ਗੌਤਮ ਬੁੱਧ ਦੀ ਕਥਾ ਇਉਂ ਹੈ।

ਮਸੀਹੀ ਸੰਨ ਦੇ ਆਰੰਭ ਤੋਂ ਕੋਈ ਛੇ ਸਦੀਆਂ ਪਹਿਲਾਂ ਦਾ ਸਮਾਂ ਸੀ ਤੇ ਨੇਪਾਲ ਦੇਸ਼ ਦੀ ਤਰਾਈ ਵਿੱਚ ਸ਼ਾਕਯ ਕੁਲ ਦੇ ਰਾਜ ਖੱਤਰੀ ਵਸਦੇ ਸਨ, ਜਿਨ੍ਹਾਂ ਦੀ ਕਿ ਰਾਜਧਾਨੀ ਕਪਲਵਸਤੂ ਨਾਮੀ ਨਗਰ ਸੀ। ਕਪਲਵਸਤੂ ਦਾ ਰਾਜਾ ਸ਼ੁਧੋਧਨ ਦੀ ਪਤਨੀ ਮਾਯਾ ਦੀ ਕੁਖੋਂ ਸੰਨ ੫੬੮ ਪ੍ਰਿਥਮ ਮਸੀਹ ਦੇ ਲਗਭਗ ਇਕ ਰਾਜ ਪੁਤਰ ਦਾ ਜਨਮ ਹੋਇਆ, ਜਿਸ ਦਾ ਨਾਮ ਸਿੱਧਾਰਥ ਰੱਖਿਆ। ਗੌਤਮ ਉਸ ਰਾਜ ਘਰਾਣੇ ਦਾ ਪਿਤਰੀ ਨਾਮ ਸੀ, ਇਸ ਲਈ ਉਸ ਰਾਜ ਪੁੱਤਰ ਦਾ ਨਾਮ ਸਿਧਾਰਥ ਗੌਤਮ, ਤੇ ਸੰਖੇਪ ਰੂਪ ਵਿੱਚ, ਗੌਤਮ ਕਰਕੇ ਪ੍ਰਚਲਤ ਹੋਇਆ। ਸਮਾਂ ਪਾ ਕੇ, ਜਦੋਂ ਸਿਧਾਰਥ ਨੂੰ ਨਿਰਲੇਪ ਬੁੱਧੀ ਯਾ ਸ਼ੁੱਧ ਗਿਆਨ ਦੀ ਪ੍ਰਾਪਤੀ ਹੋ ਗਈ, ਤਾਂ ਉਹ ਸਾਰੇ ਜਗਤ ਵਿੱਚ ਗੌਤਮ ਬੁੱਧ ਕਰਕੇ ਪਰਸਿਧ ਹੋ ਗਿਆ।

ਜਦੋਂ ਸਿਧਾਰਥ ਉਨ੍ਹੀਆਂ ਵਰ੍ਹਿਆਂ ਦਾ ਹੋਇਆ ਤਾਂ ਉਸ ਦਾ ਵਿਆਹ ਇੱਕ ਸੁੰਦਰ ਰਾਜ-ਕੰਨਿਆ, ਯਸ਼ੋਧਰਾ ਨਾਲ ਕਰ ਦਿੱਤਾ ਗਿਆ ਤੇ ਉਸ ਤੋਂ ਪਿੱਛੋਂ ਦਸ ਸਾਲ ਤੱਕ ਸ਼ਾਹਜ਼ਾਦਾ ਸਿੱਧਾਰਥ ਬੜਾ ਸੁਖ ਪੂਰਤ ਗ੍ਰਿਹਸਤੀ ਜੀਵਨ ਬਤੀਤ ਕਰਦਾ ਰਿਹਾ। ਸਿੱਧਾਰਥ ਦੀ ਆਯੂ ਉੱਨਤੀਆਂ ਵਰ੍ਹਿਆਂ ਦੀ ਸੀ, ਜਦ ਉਸ ਦੇ ਘਰ ਇੱਕ ਪੁੱਤਰ ਦਾ ਜਨਮ ਹੋਇਆ, ਜਿਸ ਦਾ ਨਾਮ ਰਾਹੁਲ, ਰਖਿਆ ਗਿਆ। ਇਹਨਾਂ ਦਿਨਾਂ ਵਿੱਚ ਸਿੱਧਾਰਥ ਦੇ ਮਾਨਸਕ ਜੀਵਨ ਵਿੱਚ ਇਕ ਬੜਾ ਭਾਰੀ ਆਤਮਕ ਪਰੀਵਰਤਨ ਹੋਇਆ।

ਇੱਕ ਦਿਨ ਸਿੱਧਾਰਥ ਰਥ ਵਿੱਚ ਬੈਠਾ ਕਪਲਵਸਤੂ ਨਗਰ ਦੀਆਂ ਗਲੀਆਂ ਵਿੱਚੋਂ ਲੰਘ ਰਿਹਾ ਸੀ। ਉਸ ਦਾ ਖ਼ਾਸ ਟਹਿਲੂਆ, ਚੰਨ, ਰੱਥ ਨੂੰ ਹਿਕ ਰਿਹਾ ਸੀ। ਅਚਾਣਚਕ ਚੰਨ ਨੇ ਬੋਲਦਾਂ ਦੀਆਂ ਰਾਸਾਂ ਖਿੱਚੀਆਂ ਤੇ ਰੌਲਾ ਪਾਇਆ : "ਓ ਬੁੱਢੇ, ਪੋਸ਼, ਪੋਸ਼, ਰਾਹ ਵਿੱਚੋਂ ਹਟ ਜਾ ! ਮਰ ਜਾਏਂਗਾ।" ਸਿੱਧਾਰਥ ਨੇ ਰੱਥ ਦਾ ਪਰਦਾ ਚੁਕ ਕੇ ਬਾਹਰ ਵਲ ਝਾਤ ਪਾਈ ਤਾਂ ਕੀ ਦੇਖਦਾ ਹੈ ਕਿ ਇੱਕ ਬੜਾ ਨਿਰਬਲ, ਸੁੱਕੇ ਹੋਏ ਸਰੀਰ ਤੇ ਚਿੱਟੇ ਕੇਸਾਂ ਵਾਲਾ ਆਦਮੀ, ਹੱਥ ਵਿੱਚ ਡੰਗੋਰੀ ਫੜੀ ਹੋਈ, ਰੱਥ ਦੇ ਸਾਹਮਣੇ ਸੜਕ ਵਿੱਚ ਲੰਗੜਾ ਕੇ ਡਿੱਗ ਪਿਆ ਹੈ, ਤੇ ਲੋਕੀ ਉਸਨੂੰ ਧੂ ਕੇ ਪਰੇ ਕਰ ਰਹੇ ਹਨ। ਜਦ ਸੜਕ ਸਾਫ਼ ਹੋ ਗਈ ਤਾਂ ਚੰਨ ਰੱਥ ਨੂੰ ਭਜਾਕੇ ਸ਼ਾਹੀ ਬਾਗ਼ ਵਿੱਚ ਲੈ ਗਿਆ, ਜਿੱਥੇ ਕਿ ਸ਼ਾਹਜ਼ਾਦੇ ਨੇ ਜਾਣਾ ਸੀ। ਸ਼ਾਹਜ਼ਾਦੇ ਸਿੱਧਾਰਥ ਨੇ ਪਹਿਲਾਂ ਕਦੇ ਬਿਰਧ ਅਵਸਥਾ ਨਾਲ ਜੁਰਜੁਰਾ ਆਦਮੀ ਨਹੀਂ ਸੀ ਦੇਖਿਆ। ਆਪਣੇ ਟਹਿਲੂਏ ਕੋਲੋਂ ਪੁੱਛਿਆ : "ਚੰਨਾ, ਇਸ ਆਦਮੀ ਨੂੰ

ਕੀ ਹੋਇਆ ਸੀ ?" ਚੰਨ ਨੇ ਉਤੱਰ ਦਿਤਾ : "ਮਹਾਰਾਜ, ਇਸ ਦਾ ਸਰੀਰ ਬੜਾ ਬਿਰਧ ਹੋ ਕੇ ਜਰਜੁਰਾ ਹੋ ਗਿਆ ਹੈ। ਇਹ ਹੁਣ ਚੰਗੀ ਤਰ੍ਹਾਂ ਚੱਲਣ ਫਿਰਣ ਤੋਂ ਅਸਮਰਥ ਹੈ। ਇਸ ਦੇ ਸਭ ਨੈਣ ਪ੍ਰਾਣ ਸਥਿਲ ਹੋ ਗਏ ਹਨ। ਤੇ ਮਹਾਰਾਜ, ਸਮਾਂ ਪਾ ਕੇ ਹਰ ਪਰਾਣੀ ਦੀ ਏਹੋ ਅਵਸਥਾ ਹੋ ਜਾਂਦੀ ਹੈ।" ਸਿੱਧਾਰਥ ਨੇ ਪੁੱਛਿਆ, "ਸੱਭ ਦੀ ਏਹੋ ਅਵਸਥਾ ਹੋ ਜਾਂਦੀ ਹੈ?" ਚੰਨ ਨੇ ਕਿਹਾ। "ਹਾਂ ਮਹਾਰਾਜ, ਸਭ ਦੀ। ਪਰ ਕੁਝ ਅਜੇਹੇ ਵੀ ਹਨ, ਜੋ ਕਿ ਯੁਵਾ ਅਵਸਥਾ ਵਿੱਚ ਹੀ ਰੋਗੀ ਹੋ ਕੇ ਮਰ ਜਾਂਦੇ ਹਨ, ਇਸ ਲਈ ਉਹ ਬੁਢੇਪੇ ਦੇ ਕਸ਼ਟਾਂ ਤੋਂ ਬਚ ਜਾਂਦੇ ਹਨ।"

ਸਿੱਧਾਰਥ ਸੁਣ ਕੇ ਸੋਚੀਂ ਪੈ ਗਿਆ। ਉਸਨੇ ਕਦੇ ਰੋਗ-ਗ੍ਰਸਤ ਮਨੁੱਖ ਯਾ ਮੁਰਦਾ ਨਹੀਂ ਸੀ ਦੇਖਿਆ ਹੋਇਆ।

ਕੁਝ ਦਿਨ ਪਿੱਛੋਂ ਸਿੱਧਾਰਥ ਨੇ ਕੀ ਦੇਖਿਆ ਕਿ ਇਕ ਬੜਾ ਦੁਰਬਲ ਪੁਰਸ਼ ਸੜਕ ਦੇ ਕੰਢੇ ਉੱਤੇ ਪਿਆ ਹੈ ਤੇ ਉਸ ਦੇ ਕੁੱਝ ਸੰਬੰਧੀ ਕੋਲ ਬੈਠੇ ਹਨ। ਪ੍ਰਾਚੀਨ ਸਮਿਆਂ ਵਿੱਚ ਰਿਵਾਜ ਸੀ ਕਿ ਜਦੋਂ ਕਿਸੇ ਦਾ ਰੋਗ ਲੰਮਾ ਯਾ ਅਸਾਧ ਹੋ ਜਾਵੇ ਤਾਂ ਰੋਗੀ ਨੂੰ ਸ਼ਹਿਰ ਦੇ ਚੁਰਸਤੇ ਵਿੱਚ ਲਿਆ ਪਾਉਂਦੇ ਸਨ ਤਾਂ ਜੁ ਆਉਂਦੇ ਜਾਂਦੇ ਲੋਗ, ਉਸ ਦੇ ਰੋਗ ਦਾ ਹਾਲ ਸੁਣਕੇ, ਕੋਈ ਦਵਾਈ ਜਾਂ ਇਲਾਜ ਦੱਸ ਜਾਣ। ਸਿੱਧਾਰਥ ਨੇ ਉਸ ਰੋਗੀ ਦੀ ਦਸ਼ਾ ਦੇਖੀ ਤਾਂ ਉਸਦੇ ਟਹਿਲੂਏ ਚੰਨ ਨੇ ਉਸ ਨੂੰ ਦੱਸਿਆ ਕਿ ਇਹ ਪੁਰਸ਼ ਕਿਸੇ ਅਸਾਧ ਰੋਗ ਵਿੱਚ ਗ੍ਰਸਤ ਹੈ। ਸਿੱਧਾਰਥ ਨੇ ਪੁੱਛਿਆ : "ਏਹੋ ਜਿਹੇ ਅਸਾਧ ਰੋਗ ਕਿਵੇਂ ਲਗ ਜਾਂਦੇ ਹਨ?" ਚੰਨੇ ਨੇ ਉੱਤਰ ਦਿੱਤਾ : "ਮਹਾਰਾਜ, ਕੀ ਜਾਣੀਏ ਕਿਵੇਂ ਲੱਗ ਜਾਂਦੇ ਹਨ। ਅਚਾਨਕ ਆ ਚੰਬੜਦੇ ਹਨ ਤਾਂ ਰਾਓ ਰੰਕ ਕੋਈ ਵੀ ਬਚ ਨਹੀਂ ਸਕਦਾ।" ਸਿੱਧਾਰਥ ਦੇ ਮਨ ਨੂੰ ਇੱਕ ਹੋਰ ਤੁਣਕਾ ਵੱਜਾ, ਤੇ ਸੋਚਣ ਲੱਗਾ : ਕਿ ਇਹ ਜੀਵਨ ਏਹੋ ਜਹੀਆਂ ਉਪਾਧੀਆਂ, ਕਸ਼ਟਾਂ ਨਾਲ ਹੀ ਭਰਿਆ ਪਿਆ ਹੈ ? ਇਉਂ ਹੀ ਸਿੱਧਾਰਥ ਨੇ ਇਕ ਦਿਨ ਇੱਕ ਮੁਰਦੇ ਦੀ ਲੋਥ ਨੂੰ ਲੋਕ ਸ਼ਮਸ਼ਾਨ ਘਾਟ ਵਲ ਚੁੱਕੀ ਜਾਂਦੇ ਦੇਖਿਆ। ਪੁੱਛਣ ਉੱਤੇ ਚੰਨ ਨੇ ਕਿਹਾ : "ਰਾਜ ਕੁਮਾਰ, ਮਰਨਾ ਬਰਹੱਕ ਹੈ। ਰਾਜੇ, ਰਾਣੇ, ਅਮੀਰ, ਗ਼ਰੀਬ, ਸਭ ਦੇ ਜੀਵਨ ਦਾ ਅੰਤ ਮ੍ਰਿਤੂ ਹੈ।" ਸਿੱਧਾਰਥ ਦੀਆਂ ਸੋਚਾਂ ਡੂੰਘੀਆਂ ਹੁੰਦੀਆਂ ਗਈਆਂ ਤੇ ਉਸ ਦੇ ਮਨ ਦੀ ਉਪ੍ਰਾਮਤਾ ਵਧਦੀ ਗਈ ਤੇ ਉਹ ਬਹੁਤ ਚੁਪ ਚੁਪਾਤਾ ਤੇ ਉਦਾਸ ਜਿਹਾ ਰਹਿਣ ਲੱਗਾ। ਇੱਕ ਦਿਨ ਕੀ ਦੇਖਦਾ ਹੈ ਕਿ ਕੋਈ ਸਾਧੂ, ਤਪਾਂ ਨਾਲ ਸਰੀਰ ਸੁੱਕਾ ਹੋਇਆ ਤੇ ਭਬੂਤ ਰਮਾਈ ਹੋਈ, ਸ਼ਹਿਰੋਂ ਬਾਹਰ ਜੰਗਲ ਵਲ ਨੂੰ ਜਾ ਰਿਹਾ ਹੈ। ਪੁੱਛ ਦੇ ਉੱਤਰ ਵਿੱਚ ਚੰਨ ਨੇ ਕਿਹਾ : "ਇਹ ਤਿਆਗੀ ਸਾਧੂ ਹੈ। ਇਸ ਨੇ ਆਪਣਾ ਘਰ ਬਾਰ, ਸਾਕ ਸੰਬੰਧੀ ਤੇ

ਸਰੀਰ ਦੇ ਸੁਖ ਤਿਆਗ ਦਿੱਤੇ ਹਨ ਤੇ ਇਹ ਬਾਹਰ, ਸ਼ਹਿਰਾਂ ਨਗਰਾਂ ਤੋਂ ਦੂਰ, ਤਪ ਧਿਆਨ ਕਰਦਾ ਰਹਿੰਦਾ ਹੈ, ਤਾਂ ਜੁ ਇਸ ਨੂੰ ਸਦੀਵ ਅਨੰਦ ਤੇ ਮੁਕਤੀ ਪ੍ਰਾਪਤ ਹੋਵੇ।" ਰਾਜਕੁਮਾਰ ਸਿੱਧਾਰਥ ਦੇ ਦਿਲ ਵਿੱਚ ਇਹ ਗੱਲ ਪੁੜ ਗਈ ਤੇ ਉਹ ਰਾਜਧਾਨੀ ਤੋਂ ਬਾਹਰ, ਸ਼ਾਹੀ ਬਾਗ ਵਿੱਚ ਜਾ ਕੇ, ਪਿਛਲੇ ਦਿਨਾਂ ਵਿੱਚ ਜੋ ਕੁਝ ਦੇਖਿਆ ਸੁਣਿਆ ਸੀ, ਉਸ ਨੂੰ ਵਿਚਾਰਦਾ ਰਿਹਾ ਤੇ ਮਨ ਵਿੱਚ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਸਦੀਵ ਅਨੰਦ ਤੇ ਮੁਕਤੀ ਦੀ ਪ੍ਰਾਪਤੀ ਹੀ ਜੀਵਨ ਦਾ ਮੁੱਖ ਮਨੋਰਥ ਹੈ, ਸਰੀਰ ਦੇ ਸੁਖ ਤੇ ਰੰਗਾਂ ਤਮਾਸ਼ਿਆਂ ਵਿੱਚ ਸਮਾਂ ਗੁਆਉਣਾ ਐਵੇਂ ਜੀਵਨ ਨੂੰ ਬਿਅਰਥ ਗੁਆਉਣਾ ਹੈ।

ਕਥਾ ਇਉਂ ਹੈ, ਕਿ ਸਿੱਧਾਰਥ ਬਾਹਰ ਸ਼ਾਹੀ ਬਾਗ ਵਿੱਚ ਬੈਠਾ ਇਉਂ ਵਿਚਾਰਾਂ ਕਰ ਹੀ ਰਿਹਾ ਸੀ ਕਿ ਸ਼ਾਹੀ ਮਹਿਲਾਂ ਵਿੱਚੋਂ ਖ਼ਬਰ ਪੁੱਜੀ ਕਿ ਉਸ ਦੀ ਪਤਨੀ ਯਸ਼ੋਧਰਾ ਦੀ ਕੁਖੋਂ ਪੁੱਤਰ ਜਨਮਿਆ ਹੈ। ਇਹ ਸੁਣ ਕੇ ਸਿੱਧਾਰਥ ਨੇ ਕਿਹਾ : "ਇਹ ਇਕ ਨਵਾਂ ਬੰਧਨ ਆ ਪਿਆ ਹੈ, ਜੋ ਤੋੜਨਾ ਪਵੇਗਾ, ਰਾਹੁਲ, ਬੰਧਨ ਪਾਉਣ ਵਾਲਾ।"

ਸਿੱਧਾਰਥ ਰੱਥ ਉੱਤੇ ਚੜ੍ਹ ਕੇ ਸ਼ਾਹੀ ਮਹਿਲਾਂ ਵੱਲ ਨੂੰ ਮੁੜਿਆ ਤਾਂ ਸਾਰੇ ਨਗਰ ਵਿੱਚ ਬਾਲ ਰਾਜ ਕੁਮਾਰ ਯੁਵਰਾਜ ਦੇ ਜਨਮ ਉੱਤੇ ਜਸ਼ਨ ਹੋ ਰਹੇ ਸਨ ਤੇ ਸ਼ਾਦਿਆਨੇ ਵੱਜ ਰਹੇ ਸਨ। ਸ਼ਹਿਰ ਵਿੱਚ ਵੜਦਿਆਂ ਹੀ ਢੋਲਕੀਆਂ, ਨਫ਼ੀਰੀਆਂ ਵਜਾਉਣ ਵਾਲੇ ਰਾਜ ਕੁਮਾਰ ਸਿੱਧਾਰਥ ਦੇ ਰੱਥ ਦੇ ਅੱਗੇ ਪਿੱਛੇ ਹੋ ਗਏ ਤੇ ਵਾਜੇ ਵਜਾਉਂਦੇ, ਸ਼ਾਦੀ ਜਸ਼ਨ ਕਰਦੇ, ਰਾਜ ਕੁਮਾਰ ਦਾ ਜਲੂਸ ਬਣਾ ਕੇ ਨਗਰ ਵਾਸੀ, ਮੁਬਾਰਕਾਂ ਦੇਣ ਸ਼ਾਹੀ ਮਹਿਲ ਨੂੰ ਹੋ ਤੁਰੇ। ਰਾਹ ਵਿੱਚ ਇੱਕ ਝਰੋਖੇ ਵਿੱਚੋਂ ਕਿਸੇ ਸੁੰਦਰੀ ਨੇ ਰਾਜ ਕੁਮਾਰ ਦਾ ਰੱਥ ਨੇੜੇ ਆਇਆ ਤੱਕ ਕੇ, ਇੱਕ ਗੀਤ ਛੇੜਿਆ, ਜਿਸ ਦੇ ਬੋਲ ਸੀ :

"ਸ਼ੁਭ ਬਾਲਕ ਜਨਮਿਓ ਗ੍ਰਿਹਿ ਰਾਜਨ,
ਮੁਕਤ ਅਨੰਦ ਪਿਤਾ ਅਰ ਮਾਤਾ।
ਮੁਕਤ ਅਨੰਦ ਭਇਉ ਕੁਲ ਸਗਰੀ
ਮੁਕਤ ਅਨੰਦ ਸਰਬ ਸੁਖ ਜਾਤਾ।"

ਇਹ ਗੀਤ ਉਸ ਸਮੇਂ ਦੀ ਪ੍ਰਚਲਤ ਬੋਲੀ, ਪਾਲੀ, ਵਿੱਚ ਗਾਵਿਆ ਗਿਆ ਤੇ ਉਸ ਦਾ ਭਾਵਾਰਥ ਜੋ ਬੋਧੀਆਂ ਦੀਆਂ ਜਾਤਕ ਸਾਖੀਆਂ ਤੇ ਧਰਮ ਗ੍ਰੰਥਾਂ ਵਿੱਚ ਅੰਕਤ ਹੋਇਆ ਹੋਇਆ ਸਾਡੇ ਤੱਕ ਪੁੱਜਾ ਹੈ, ਉਸ ਭਾਵਾਰਥ ਦਾ ਹਿੰਦੀ ਰੂਪ ਉਪਰੋਕਤ ਤੁਕਾਂ ਅਸਾਂ ਦਿੱਤੀਆਂ ਹਨ। ਸਿੱਧਾਰਥ ਦੇ ਕੰਨੀ ਇਹ ਬੋਲ ਪਏ

ਤਾਂ ਉਸ ਨੇ ਰਥਵਾਨ ਨੂੰ ਕਹਿ ਕੇ ਰੱਥ ਖੜਾ ਕਰਵਾ ਲਿਆ ਤੇ ਆਖਿਆ : "ਗੀਤ ਇਸ ਸੁੰਦਰੀ ਨੇ ਪਤੇ ਦਾ ਗਾਵਿਆ ਹੈ। ਸਰਬ ਸੁਖ ਤੇ ਸਦੀਵ ਅਨੰਦ, ਮੁਕਤੀ ਦੁਆਰਾ ਹੀ ਪ੍ਰਾਪਤ ਹੋ ਸਕਦੇ ਹਨ।" ਇਉਂ ਕਿਹਾ ਤੇ ਆਪਣੇ ਗਲ ਵਿੱਚੋਂ ਮੋਤੀਆਂ ਦੀ ਮਾਲਾ ਲਾਹ ਕੇ ਉਸ ਸੁੰਦਰੀ ਨੂੰ ਬਖ਼ਸ਼ ਦਿੱਤੀ।

ਬਾਲ ਯੁਵਰਾਜ ਦੇ ਜਨਮ ਦੀ ਖ਼ੁਸ਼ੀ ਵਿੱਚ ਸ਼ਾਹੀ ਮਹਿਲਾਂ ਵਿੱਚ ਉਸ ਰਾਤ ਨਾਚ ਰੰਗ ਦਾ ਪ੍ਰਬੰਧ ਹੋਇਆ ਪਰ ਸਿੱਧਾਰਥ ਨੇ ਆਪਣੇ ਮਨ ਦਾ ਨਿਸ਼ਚਾ ਪੱਕਾ ਕਰ ਲਿਆ ਹੋਇਆ ਸੀ। ਜਦੋਂ ਅੱਧੀ ਰਾਤ ਬੀਤ ਗਈ ਤੇ ਸ਼ਾਹੀ ਮਹਿਲ ਦੇ ਸਭ ਲੋਗ, ਸਮੇਤ ਨਾਚੀਆਂ ਦੇ, ਸੌਂ ਗਏ ਤਾਂ ਸਿੱਧਾਰਥ ਆਪਣੇ ਮੰਚ ਉੱਤੋਂ ਮਲਕੜੇ ਜਹੇ ਉੱਠਿਆ ਤੇ ਉਸ ਕਮਰੇ ਵਿੱਚ, ਜਿੱਥੇ ਯਸ਼ੋਧਰਾ ਨਵ-ਜਨਮੇ ਬਾਲਕ ਨਾਲ ਸੁੱਤੀ ਪਈ ਸੀ, ਵੜਨ ਲਈ ਪਰਦਾ ਚੁੱਕਿਆ। ਵੇਖਿਆ ਕਿ ਯਸੋਧਰਾ ਤੇ ਬਾਲਕ ਦੋਵੇਂ ਘੂਕ ਸੁੱਤੇ ਪਏ ਹਨ। ਮਨ ਵਿੱਚ ਇੱਛਾ ਆਈ, ਕਿ ਰਾਜ ਗ੍ਰਹਿਸਤ ਤਿਆਗਣ ਤੋਂ ਪਹਿਲਾਂ ਇੱਕ ਵਾਰ ਆਪਣੇ ਪੁੱਤਰ ਨੂੰ ਚੁੱਕ ਕੇ ਪਿਆਰ ਕਰ ਲਵੇ, ਪਰ ਇਸ ਡਰ ਨਾਲ ਕਿ ਮਤਾਂ ਯਸ਼ੋਧਰਾ ਜਾਗ ਪਵੇ, ਇਸ ਇੱਛਾ ਨੂੰ ਰੋਕ ਲਿਆ। ਫੇਰ ਚੁਪ ਚੁਪੀਤੇ ਆਪਣੇ ਖ਼ਾਸ ਟਹਿਲੂਏ ਚੰਨ ਨੂੰ ਜਗਾਇਆ ਤੇ ਆਗਿਆ ਕੀਤੀ ਕਿ ਸ਼ਾਹੀ ਅਸਤਬਲ ਵਿੱਚੋਂ ਰਾਜਕੁਮਾਰ ਦਾ ਸਭ ਨਾਲੋਂ ਵਧੀਕ ਪ੍ਰਿਯ ਘੋੜਾ, ਕੰਠਕ ਨਾਮੀ, ਤਿਆਰ ਕਰਕੇ ਮਹਿਲਾਂ ਦੇ ਪਿੱਛਲੇ ਦਰਵਾਜ਼ੇ ਕੋਲ ਲੈ ਆਵੇ। ਮਹਿਲਾਂ ਦੇ ਪਿਛਲੇ ਦਰਵਾਜ਼ੇ ਵਿੱਚੋਂ ਸਿੱਧਾਰਥ ਬਾਹਰ ਨਿਕਲਿਆ ਤੇ ਕੰਠਕ ਉੱਤੇ ਸਵਾਰ ਹੋ ਕੇ ਚੰਨ ਨੂੰ ਨਾਲ ਲੈ ਕੇ ਕਪਲਵਸਤੂ ਨਗਰ ਵਿੱਚੋਂ ਬਾਹਰ ਨਿਕਲ ਗਿਆ ਤੇ ਦੂਰ ਚਲਾ ਗਿਆ, ਜਿੱਥੇ ਅਨੋਮਾ ਨਦੀ ਵਗਦੀ ਹੈ ਅਤੇ ਜੋ ਕਪਲਵਸਤੂ ਰਾਜ ਦੀ ਸੀਮਾ ਸੀ। ਇਹ ਸਿੱਧਾਰਥ ਦੀ ਮਹਾਂ ਤਿਆਗ ਦੀ ਰਾਤ, ਹਾੜ ਦਾ ਮਹੀਨਾ ਤੇ ਚੰਦਰਮਾ ਦੀ ਪੂਰਨਮਾਸ਼ੀ ਵਾਲੀ ਰਾਤ ਸੀ ਤੇ ਸਿੱਧਾਰਥ ਆਪਣੀ ਆਯੂ ਦੇ ਉੱਨਤੀਵੇਂ ਸਾਲ ਵਿੱਚ ਸੀ।

ਅਨੋਮਾ ਨਦੀ ਦੇ ਕੰਢੇ ਉੱਤੇ ਪਹੁੰਚ ਕੇ ਸਿੱਧਾਰਥ ਕੰਠਕ ਉਤੋਂ ਉੱਤਰ ਖੜੋਤਾ ਤੇ ਆਪਣੇ ਅਲੰਕਾਰ ਤੇ ਭੂਸ਼ਣ ਲਾਹ ਕੇ ਚੰਨ ਨੂੰ ਦੇ ਦਿੱਤੇ। ਫੇਰ ਆਪਣੀ ਕਟਾਰ ਨਾਲ ਆਪਣੇ ਕੇਸ ਕੱਟ ਸੁੱਟੇ ਤੇ ਕੰਠਕ ਦੀ ਵਾਗ ਚੰਨ ਦੇ ਹੱਥ ਫੜਾ ਕੇ ਕਿਹਾ :

"ਜਾਹ ਕਪਲਵਸਤੂ ਨੂੰ ਮੁੜ ਜਾਹ ਤੇ ਆਖ ਕਿ ਸਿੱਧਾਰਥ ਰਾਜ ਗ੍ਰਹਿਸਤ ਤਿਆਗ ਕੇ ਸਾਧੂ ਬਣ ਗਿਆ ਹੈ, ਤੇ ਪੂਰਨ ਗਿਆਨ, ਮੁਕਤੀ ਅਥਵਾ ਨਿਰਵਾਣ ਦੀ ਪ੍ਰਾਪਤੀ ਤੋਂ ਬਿਨਾ ਘਰ ਨਹੀਂ ਮੁੜੇਗਾ।" ਚੰਨ ਦੇ ਮੁੜ ਜਾਣ ਪਿੱਛੋਂ ਸਿੱਧਾਰਥ

ਸਰੀਰ ਦੇ ਸੁਖ ਤਿਆਗ ਦਿੱਤੇ ਹਨ ਤੇ ਇਹ ਬਾਹਰ, ਸ਼ਹਿਰਾਂ ਨਗਰਾਂ ਤੋਂ ਦੂਰ, ਤਪ ਧਿਆਨ ਕਰਦਾ ਰਹਿੰਦਾ ਹੈ, ਤਾਂ ਜੁ ਇਸ ਨੂੰ ਸਦੀਵ ਅਨੰਦ ਤੇ ਮੁਕਤੀ ਪ੍ਰਾਪਤ ਹੋਵੇ।" ਰਾਜਕੁਮਾਰ ਸਿੱਧਾਰਥ ਦੇ ਦਿਲ ਵਿੱਚ ਇਹ ਗੱਲ ਪੁੜ ਗਈ ਤੇ ਉਹ ਰਾਜਧਾਨੀ ਤੋਂ ਬਾਹਰ, ਸ਼ਾਹੀ ਬਾਗ ਵਿੱਚ ਜਾ ਕੇ, ਪਿਛਲੇ ਦਿਨਾਂ ਵਿੱਚ ਜੋ ਕੁਝ ਦੇਖਿਆ ਸੁਣਿਆ ਸੀ, ਉਸ ਨੂੰ ਵਿਚਾਰਦਾ ਰਿਹਾ ਤੇ ਮਨ ਵਿੱਚ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਸਦੀਵ ਅਨੰਦ ਤੇ ਮੁਕਤੀ ਦੀ ਪ੍ਰਾਪਤੀ ਹੀ ਜੀਵਨ ਦਾ ਮੁੱਖ ਮਨੋਰਥ ਹੈ, ਸਰੀਰ ਦੇ ਸੁਖ ਤੇ ਰੰਗਾਂ ਤਮਾਸ਼ਿਆਂ ਵਿੱਚ ਸਮਾਂ ਗੁਆਉਣਾ ਐਵੇਂ ਜੀਵਨ ਨੂੰ ਬਿਅਰਥ ਗੁਆਉਣਾ ਹੈ।

ਕਥਾ ਇਉਂ ਹੈ, ਕਿ ਸਿੱਧਾਰਥ ਬਾਹਰ ਸ਼ਾਹੀ ਬਾਗ਼ ਵਿੱਚ ਬੈਠਾ ਇਉਂ ਵਿਚਾਰਾਂ ਕਰ ਹੀ ਰਿਹਾ ਸੀ ਕਿ ਸ਼ਾਹੀ ਮਹਿਲਾਂ ਵਿੱਚੋਂ ਖ਼ਬਰ ਪੁੱਜੀ ਕਿ ਉਸ ਦੀ ਪਤਨੀ ਯਸ਼ੋਧਰਾ ਦੀ ਕੁਖੋਂ ਪੁੱਤਰ ਜਨਮਿਆ ਹੈ। ਇਹ ਸੁਣ ਕੇ ਸਿੱਧਾਰਥ ਨੇ ਕਿਹਾ: "ਇਹ ਇਕ ਨਵਾਂ ਬੰਧਨ ਆ ਪਿਆ ਹੈ, ਜੋ ਤੋੜਨਾ ਪਵੇਗਾ, ਰਾਹੁਲ, ਬੰਧਨ ਪਾਉਣ ਵਾਲਾ।"

ਸਿੱਧਾਰਥ ਰੱਥ ਉੱਤੇ ਚੜ੍ਹ ਕੇ ਸ਼ਾਹੀ ਮਹਿਲਾਂ ਵੱਲ ਨੂੰ ਮੁੜਿਆ ਤਾਂ ਸਾਰੇ ਨਗਰ ਵਿੱਚ ਬਾਲ ਰਾਜ ਕੁਮਾਰ ਯੁਵਰਾਜ ਦੇ ਜਨਮ ਉੱਤੇ ਜਸ਼ਨ ਹੋ ਰਹੇ ਸਨ ਤੇ ਸ਼ਾਦਿਆਨੇ ਵੱਜ ਰਹੇ ਸਨ। ਸ਼ਹਿਰ ਵਿੱਚ ਵੜਦਿਆਂ ਹੀ ਢੋਲਕੀਆਂ, ਨਫੀਰੀਆਂ ਵਜਾਉਣ ਵਾਲੇ ਰਾਜ ਕੁਮਾਰ ਸਿੱਧਾਰਥ ਦੇ ਰੱਥ ਦੇ ਅੱਗੇ ਪਿੱਛੇ ਹੋ ਗਏ ਤੇ ਵਾਜੇ ਵਜਾਉਂਦੇ, ਸ਼ਾਦੀ ਜਸ਼ਨ ਕਰਦੇ, ਰਾਜ ਕੁਮਾਰ ਦਾ ਜਲੂਸ ਬਣਾ ਕੇ ਨਗਰ ਵਾਸੀ, ਮੁਬਾਰਕਾਂ ਦੇਣ ਸ਼ਾਹੀ ਮਹਿਲ ਨੂੰ ਹੋ ਤੁਰੇ। ਰਾਹ ਵਿੱਚ ਇੱਕ ਝਰੋਖੇ ਵਿੱਚੋਂ ਕਿਸੇ ਸੁੰਦਰੀ ਨੇ ਰਾਜ ਕੁਮਾਰ ਦਾ ਰੱਥ ਨੇੜੇ ਆਇਆ ਤੱਕ ਕੇ, ਇੱਕ ਗੀਤ ਛੇੜਿਆ, ਜਿਸ ਦੇ ਬੋਲ ਸੀ :

"ਸ਼ੁਭ ਬਾਲਕ ਜਨਮਿਓ ਗ੍ਰਿਹ ਰਾਜਨ,
ਮੁਕਤ ਅਨੰਦ ਪਿਤਾ ਅਰ ਮਾਤਾ।
ਮੁਕਤ ਅਨੰਦ ਭਇਓ ਕੁਲ ਸਗਰੀ
ਮੁਕਤ ਅਨੰਦ ਸਰਬ ਸੁਖ ਜਾਤਾ।"

ਇਹ ਗੀਤ ਉਸ ਸਮੇਂ ਦੀ ਪ੍ਰਚਲਤ ਬੋਲੀ, ਪਾਲੀ, ਵਿੱਚ ਗਾਵਿਆ ਗਿਆ ਤੇ ਉਸ ਦਾ ਭਾਵਾਰਥ ਜੋ ਬੋਧੀਆਂ ਦੀਆਂ ਜਾਤਕ ਸਾਖੀਆਂ ਤੇ ਧਰਮ ਗ੍ਰੰਥਾਂ ਵਿੱਚ ਅੰਕਤ ਹੋਇਆ ਹੋਇਆ ਸਾਡੇ ਤੱਕ ਪੁੱਜਾ ਹੈ, ਉਸ ਭਾਵਾਰਥ ਦਾ ਹਿੰਦੀ ਰੂਪ ਉਪਰੋਕਤ ਤੁਕਾਂ ਅਸਾਂ ਦਿੱਤੀਆਂ ਹਨ। ਸਿੱਧਾਰਥ ਦੇ ਕੰਨੀ ਇਹ ਬੋਲ ਪਏ

ਤਾਂ ਉਸ ਨੇ ਰਥਵਾਨ ਨੂੰ ਕਹਿ ਕੇ ਰੱਥ ਖੜਾ ਕਰਵਾ ਲਿਆ ਤੇ ਆਖਿਆ : "ਗੀਤ ਇਸ ਸੁੰਦਰੀ ਨੇ ਪਤੇ ਦਾ ਗਾਵਿਆ ਹੈ। ਸਰਬ ਸੁਖ ਤੇ ਸਦੀਵ ਅਨੰਦ, ਮੁਕਤੀ ਦੁਆਰਾ ਹੀ ਪ੍ਰਾਪਤ ਹੋ ਸਕਦੇ ਹਨ।" ਇਉਂ ਕਿਹਾ ਤੇ ਆਪਣੇ ਗਲ ਵਿੱਚੋਂ ਮੋਤੀਆਂ ਦੀ ਮਾਲਾ ਲਾਹ ਕੇ ਉਸ ਸੁੰਦਰੀ ਨੂੰ ਬਖ਼ਸ਼ ਦਿੱਤੀ।

ਬਾਲ ਯੁਵਰਾਜ ਦੇ ਜਨਮ ਦੀ ਖੁਸ਼ੀ ਵਿੱਚ ਸ਼ਾਹੀ ਮਹਿਲਾਂ ਵਿੱਚ ਉਸ ਰਾਤ ਨਾਚ ਰੰਗ ਦਾ ਪ੍ਰਬੰਧ ਹੋਇਆ ਪਰ ਸਿੱਧਾਰਥ ਨੇ ਆਪਣੇ ਮਨ ਦਾ ਨਿਸ਼ਚਾ ਪੱਕਾ ਕਰ ਲਿਆ ਹੋਇਆ ਸੀ। ਜਦੋਂ ਅੱਧੀ ਰਾਤ ਬੀਤ ਗਈ ਤੇ ਸ਼ਾਹੀ ਮਹਿਲ ਦੇ ਸਭ ਲੋਗ, ਸਮੇਤ ਨਾਚੀਆਂ ਦੇ, ਸੌਂ ਗਏ ਤਾਂ ਸਿੱਧਾਰਥ ਆਪਣੇ ਮੰਚ ਉੱਤੋਂ ਮਲਕੜੇ ਜਹੇ ਉੱਠਿਆ ਤੇ ਉਸ ਕਮਰੇ ਵਿੱਚ, ਜਿੱਥੇ ਯਸ਼ੋਧਰਾ ਨਵ-ਜਨਮੇ ਬਾਲਕ ਨਾਲ ਸੁੱਤੀ ਪਈ ਸੀ, ਵੜਨ ਲਈ ਪਰਦਾ ਚੁੱਕਿਆ। ਦੇਖਿਆ ਕਿ ਯਸੋਧਰਾ ਤੇ ਬਾਲਕ ਦੋਵੇਂ ਘੂਕ ਸੁੱਤੇ ਪਏ ਹਨ। ਮਨ ਵਿੱਚ ਇੱਛਾ ਆਈ, ਕਿ ਰਾਜ ਗ੍ਰਹਿਸਤ ਤਿਆਗਣ ਤੋਂ ਪਹਿਲਾਂ ਇੱਕ ਵਾਰ ਆਪਣੇ ਪੁੱਤਰ ਨੂੰ ਚੁੱਕ ਕੇ ਪਿਆਰ ਕਰ ਲਵੇ, ਪਰ ਇਸ ਡਰ ਨਾਲ ਕਿ ਮਤਾਂ ਯਸ਼ੋਧਰਾ ਜਾਗ ਪਵੇ, ਇਸ ਇੱਛਾ ਨੂੰ ਰੋਕ ਲਿਆ। ਫੇਰ ਚੁਪ ਚੁਪੀਤੇ ਆਪਣੇ ਖ਼ਾਸ ਟਹਿਲੂਏ ਚੰਨ ਨੂੰ ਜਗਾਇਆ ਤੇ ਆਗਿਆ ਕੀਤੀ ਕਿ ਸ਼ਾਹੀ ਅਸਤਬਲ ਵਿੱਚੋਂ ਰਾਜਕੁਮਾਰ ਦਾ ਸਭ ਨਾਲੋਂ ਵਧੀਕ ਪ੍ਰਿਯ ਘੋੜਾ, ਕੰਠਕ ਨਾਮੀ, ਤਿਆਰ ਕਰਕੇ ਮਹਿਲਾਂ ਦੇ ਪਿੱਛਲੇ ਦਰਵਾਜ਼ੇ ਕੋਲ ਲੈ ਆਵੇ। ਮਹਿਲਾਂ ਦੇ ਪਿਛਲੇ ਦਰਵਾਜ਼ੇ ਵਿੱਚੋਂ ਸਿੱਧਾਰਥ ਬਾਹਰ ਨਿਕਲਿਆ ਤੇ ਕੰਠਕ ਉੱਤੇ ਸਵਾਰ ਹੋ ਕੇ ਚੰਨ ਨੂੰ ਨਾਲ ਲੈ ਕੇ ਕਪਲਵਸਤੂ ਨਗਰ ਵਿੱਚੋਂ ਬਾਹਰ ਨਿਕਲ ਗਿਆ ਤੇ ਦੂਰ ਚਲਾ ਗਿਆ, ਜਿੱਥੇ ਅਨੋਮਾ ਨਦੀ ਵਗਦੀ ਹੈ ਅਤੇ ਜੋ ਕਪਲਵਸਤੂ ਰਾਜ ਦੀ ਸੀਮਾ ਸੀ। ਇਹ ਸਿੱਧਾਰਥ ਦੀ ਮਹਾਂ ਤਿਆਗ ਦੀ ਰਾਤ, ਹਾੜ ਦਾ ਮਹੀਨਾ ਤੇ ਚੰਦਰਮਾ ਦੀ ਪੂਰਨਮਾਸ਼ੀ ਵਾਲੀ ਰਾਤ ਸੀ ਤੇ ਸਿੱਧਾਰਥ ਆਪਣੀ ਆਯੂ ਦੇ ਉਂਨਤੀਵੇਂ ਸਾਲ ਵਿੱਚ ਸੀ।

ਅਨੋਮਾ ਨਦੀ ਦੇ ਕੰਢੇ ਉੱਤੇ ਪਹੁੰਚ ਕੇ ਸਿੱਧਾਰਥ ਕੰਠਕ ਉਤੋਂ ਉੱਤਰ ਖਲੋਤਾ ਤੇ ਆਪਣੇ ਅਲੰਕਾਰ ਤੇ ਭੂਸ਼ਣ ਲਾਹ ਕੇ ਚੰਨ ਨੂੰ ਦੇ ਦਿੱਤੇ। ਫੇਰ ਆਪਣੀ ਕਟਾਰ ਨਾਲ ਆਪਣੇ ਕੇਸ ਕੱਟ ਸੁੱਟੇ ਤੇ ਕੰਠਕ ਦੀ ਵਾਗ ਚੰਨ ਦੇ ਹੱਥ ਫੜਾ ਕੇ ਕਿਹਾ :

"ਜਾਹ ਕਪਲਵਸਤੂ ਨੂੰ ਮੁੜ ਜਾਹ ਤੇ ਆਖ ਕਿ ਸਿੱਧਾਰਥ ਰਾਜ ਗ੍ਰਹਿਸਤ ਤਿਆਗ ਕੇ ਸਾਧੂ ਬਣ ਗਿਆ ਹੈ, ਤੇ ਪੂਰਨ ਗਿਆਨ, ਮੁਕਤੀ ਅਥਵਾ ਨਿਰਵਾਣ ਦੀ ਪ੍ਰਾਪਤੀ ਤੋਂ ਬਿਨਾ ਘਰ ਨਹੀਂ ਮੁੜੇਗਾ।" ਚੰਨ ਦੇ ਮੁੜ ਜਾਣ ਪਿੱਛੋਂ ਸਿੱਧਾਰਥ

ਤਾਂ ਕਹਿੰਦੀ ਹੈ। ਤਾਰਾਂ ਨੂੰ ਬਹੁਤਾ ਖਿਚੀਏ ਤਾਂ ਟੁੱਟ ਜਾਂਦੀਆਂ ਹਨ ਤੇ ਸੰਗੀਤ ਕੱਢਣ ਤੋਂ ਅਸਮਰਥ ਹੋ ਜਾਂਦੀਆਂ ਹਨ। ਜੇ ਢਿੱਲੀਆਂ ਛੱਡੀਏ ਤਾਂ ਵੀ ਸਥਿਤ ਹੋ ਕੇ ਸੰਗੀਤ ਕੱਢਣੋਂ ਅਸਮਰਥ ਹੋ ਜਾਂਦੀਆਂ ਹਨ। ਇਹਨਾਂ ਨੂੰ ਸੂਤ ਸਿਰ ਕਸ ਕੇ ਰੱਖੀਏ ਤਾਂ ਹੀ ਸ਼ੁੱਧ ਸੁਰ ਇਨ੍ਹਾਂ ਵਿੱਚੋਂ ਨਿਕਲਦੀ ਹੈ। ਇਹੋ ਦ੍ਰਿਸ਼ਟਾਂਤ ਸਰੀਰ ਦਾ ਹੈ।' ਇਉਂ ਵਿਚਾਰਿਆ ਤੇ ਉੱਠ ਖੜਾ ਹੋਇਆ। ਇੱਕ ਪਿੱਪਲ ਦੇ ਬਿਰਖ ਨੂੰ ਪੱਕੀਆਂ ਹੋਈਆਂ ਗੋਹਲਾਂ ਲੱਗੀਆਂ ਹੋਈਆਂ ਸਨ। ਉਹ ਤੋੜਕੇ ਖਾ ਲਈਆਂ। ਗੌਤਮ ਦੇ ਪੰਜਾਂ ਚੇਲਿਆਂ ਨੇ ਤਪੱਸਵੀ ਗੌਤਮ ਨੂੰ ਇਉਂ ਤਪੱਸਿਆ ਬਰਤ ਤੋੜਦਿਆਂ ਦੇਖਿਆ ਤਾਂ ਜਾਤਾ ਕਿ ਗੌਤਮ ਹੁਣ ਤਪੱਸਵੀ ਦੀ ਪਦਵੀ ਤੋਂ ਪਤਿਤ ਹੋ ਗਿਆ ਹੈ। ਇਉਂ ਵਿਚਾਰਿਆ ਤੇ ਬਿਨਾ ਗੌਤਮ ਨੂੰ ਮਿਲੇ ਉਰੁਵੇਲ ਬਣ ਤਿਆਗ ਕੇ ਬਨਾਰਸ ਵਲ ਨੂੰ ਚਲੇ ਗਏ।

ਇਹ ਦਿਨ, ਜਿਸ ਦਿਨ ਇਹ ਘਟਨਾ ਹੋਈ, ਬੋਧੀਆਂ ਦੀ ਸਮ੍ਰਿਤੀ ਵਿੱਚ ਪਿਛਲੇ ਪੰਝੀ ਸੌ ਵਰ੍ਹਿਆਂ ਤੋਂ ਇੱਕ ਬੜਾ ਮਹਾਨ ਤੇ ਗੌਰਵਮਈ ਦਿਨ ਗਿਣਿਆ ਜਾਂਦਾ ਹੈ। ਇਸੇ ਦਿਨ ਗੌਤਮ ਨੂੰ ਪੂਰਨ ਗਿਆਨ ਤੇ ਅਲੇਪ ਬੁੱਧੀ ਦਾ ਪ੍ਰਕਾਸ਼ ਹੋਇਆ ਤੇ ਇਸ ਦਿਨ ਨੂੰ ਸਾਰੇ ਬੋਧੀ ਸੰਸਾਰ ਵਿੱਚ ਤ੍ਰੀ-ਉਤਸਵ ਦਿਵਸ, ਤੀਹਰਾ ਤਿਉਹਾਰ, ਕਰਕੇ ਮਨਾਇਆ ਜਾਂਦਾ ਹੈ। ਸਾਲ ਦਾ ਏਹੋ ਦਿਨ ਸੀ ਜਦੋਂ ਸਿਧਾਰਥ ਦਾ ਜਨਮ ਹੋਇਆ। ਏਹੋ ਦਿਨ ਸੀ ਜਦੋਂ ਗੌਤਮ ਨੂੰ ਅਲੇਪ ਬੁੱਧੀ ਦਾ ਪਰਕਾਸ਼ ਹੋਇਆ ਤੇ ਉਸ ਨੂੰ ਬੁੱਧ ਪਦਵੀ ਦੀ ਪ੍ਰਾਪਤੀ ਹੋਈ ਤੇ ਉਸ ਦਿਨ ਤੋਂ ਉਹ ਤੱਪਸਵੀ ਗੌਤਮ ਤੋਂ ਗੌਤਮ ਬੁੱਧ ਬਣ ਗਿਆ। ਇਹੋ ਦਿਨ ਸੀ ਜਦੋਂ ਗੌਤਮ ਬੁੱਧ ਆਪਣਾ ਸਰੀਰ ਤਿਆਗ ਕੇ ਆਪਣੇ ਨਿਜ ਰੂਪ ਵਿੱਚ ਲੀਨ ਹੋ ਗਏ, ਜਿਸ ਨੂੰ ਕਿ ਮਹਾਂ ਪਰਿਨਿਰਵਾਣ ਕਹਿੰਦੇ ਹਨ । ਇਹ ਦਿਨ ਬੈਸਾਖ ਦੀ ਪੂਰਨਿਮਾ ਦਾ ਦਿਹਾੜਾ ਸੀ।

ਜਦੋਂ ਗੌਤਮ ਨੇ ਪਿੱਪਲ ਦੀਆਂ ਗੋਹਲਾਂ ਖਾਂ ਕੇ ਤਪੱਸਿਆ ਆਦਿ ਹਠ ਕਰਮਾਂ ਨੂੰ ਤਿਆਗ ਦਿੱਤਾ ਤਾਂ ਉਹ ਆਪਣੀ ਉਰੁਵੇਲ ਦੀ ਕੁਟੀਆ ਵਿੱਚੋਂ ਨਿਕਲ ਕੇ ਹੌਲੀ-ਹੌਲੀ ਨਿਰੰਜਰਾ ਨਦੀ ਵੱਲ ਨੂੰ ਤੁਰ ਪਿਆ ਤੇ ਇਸ ਨਦੀ ਦੇ ਕੰਢੇ ਇੱਕ ਪਿੱਪਲ ਦੇ ਦਰਖਤ ਹੇਠਾਂ ਆ ਬੈਠਾ। ਏਹੋ ਉਹ ਬਿਰਛ ਹੈ ਜੋ ਸੰਸਾਰ ਵਿੱਚ ਹਜ਼ਾਰਾਂ ਵਰ੍ਹਿਆਂ ਤੀਕ ਮਹਾਂਬੋਧੀ ਬ੍ਰਿਛ ਕਰ ਕੇ ਪੂਜਦ ਰਿਹਾ ਹੈ ਤੇ ਹੁਣ ਵੀ ਪੂਜਿਆ ਜਾਂਦਾ ਹੈ। ਏਸੇ ਬਿਰਛ ਦੇ ਹੇਠਾਂ ਹੀ ਗੌਤਮ ਨੂੰ ਅਲੇਪ ਬੁੱਧੀ ਦਾ ਪ੍ਰਕਾਸ਼ ਹੋਇਆ ਤੇ ਇੱਥੇ ਹੀ ਹੁਣ ਜਗਤ ਪ੍ਰਸਿੱਧ ਬੋਧ ਗਯਾ ਦਾ ਮੰਦਰ ਹੈ। ਗੌਤਮ ਅਜੇ ਇਸ ਪਿੱਪਲ ਹੇਠਾਂ ਆ ਕੇ ਬੈਠਾ ਹੀ ਸੀ ਜੁ ਇੱਕ ਧਨਵਾਨ ਗਵਾਲੇ ਦੀ

ਸੁੰਦਰ ਪਤਨੀ, ਸੁਜਾਤ ਨਾਮ ਦੀ, ਇੱਕ ਖੀਰ ਦਾ ਕਟੋਰਾ ਲੈ ਕੇ ਆਈ। ਸੁਜਾਤ ਨੇ ਸੁਖਣਾ ਸੁਖੀ ਹੋਈ ਸੀ ਕਿ ਜੇ ਉਸ ਦੇ ਘਰ ਪਲੇਠੀ ਦਾ ਪੁੱਤਰ ਜਨਮੇ ਤਾਂ ਉਹ ਗਊ ਦੇ ਦੁੱਧ ਦੀ ਖੀਰ ਬਣਾ ਕੇ, ਨਿਰੰਜਰਾ ਨਦੀ ਦੇ ਕੰਢੇ ਖੜੇ ਪੁਰਾਤਨ ਪਿੱਪਲ ਦੇ ਬਿਰਛ ਦੀ ਪੂਜਾ ਕਰ ਕੇ, ਉਸ ਨੂੰ ਚੜ੍ਹਾਵਾ ਚੜ੍ਹਾਏਗੀ। ਸੁਜਾਤ ਨੇ ਜਦੋਂ ਇਸ ਪਿੱਪਲ ਦੇ ਹੇਠਾਂ ਤਪੱਸਵੀ ਗੌਤਮ ਨੂੰ, ਜਿਸ ਦਾ ਕਿ ਸਰੀਰ ਹਠ ਤਪੱਸਿਆ ਨਾਲ ਸੁੱਕ ਕੇ ਖੁੰਢ ਵਰਗਾ ਹੋ ਗਿਆ ਸੀ, ਇਸ ਬਿਰਧ ਬਿਰਛ ਹੇਠਾਂ ਬੈਠਾ ਦੇਖਿਆ ਤਾਂ ਜਾਤਾ ਕਿ ਇਹ ਬਿਰਖ-ਦੇਵ ਹੀ ਮਨੁੱਖ ਰੂਪ ਧਾਰ ਕੇ ਉਸ ਦੀ ਮੰਨੀ ਹੋਈ ਸੁਖਣਾ ਗ੍ਰਹਿਣ ਕਰਨ ਲਈ ਆ ਬੈਠਾ ਹੈ। ਸੁਜਾਤ ਨੇ ਅੱਗੇ ਹੋ ਕੇ ਨਮਸਕਾਰ ਕੀਤੀ ਤੇ ਖੀਰ ਦਾ ਕਟੋਰਾ ਗੌਤਮ ਨੂੰ ਪੇਸ਼ ਕੀਤਾ। ਗੌਤਮ ਨੇ ਉਹ ਕਟੋਰਾ ਪਕੜ ਲਿਆ ਤੇ ਚੁਪ ਚਾਪ, ਹੌਲੀ ਹੌਲੀ ਖੀਰ ਖਾ ਕੇ ਖਾਲੀ ਕਟੋਰਾ ਸੁਜਾਤ ਨੂੰ ਮੋੜ ਦਿੱਤਾ। ਖੀਰ ਖਾ ਕੇ ਗੌਤਮ ਦੇ ਸਰੀਰ ਵਿੱਚ ਸੱਤਿਆ ਪਰਤ ਆਈ ਤੇ ਗੌਤਮ ਪਦਮਾਸਣ ਲਾ ਕੇ ਉੱਥੇ ਹੀ ਬੈਠ ਗਿਆ। ਗੌਤਮ ਨੇ ਸੱਜੇ ਹੱਥ ਨਾਲ ਧਰਤੀ ਨੂੰ ਛੂਹ ਕੇ ਪ੍ਰਤੱਗਿਆ ਕੀਤੀ ਕਿ ਉਹ ਹੁਣ ਤਦ ਹੀ ਉੱਠੇਗਾ ਜਦੋਂ ਉਸ ਨੂੰ ਬੋਧੀ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ। ਗੌਤਮ ਦੇ ਇਸ ਪ੍ਰਤਗਿਆ ਕਰਨ ਦੇ ਸਮੇਂ ਦੇ ਰੂਪ ਨੂੰ ਭੂਮੀ-ਸਪਰਸ਼ ਮੁਦਰਾ ਕਹਿੰਦੇ ਹਨ, ਤੇ ਅਨੇਕਾਂ ਮੂਰਤੀਆਂ ਪੱਥਰ ਆਦਿ ਦੀਆਂ, ਗੌਤਮ ਦੇ ਇਸ ਰੂਪ ਦੀਆਂ ਬਣੀਆਂ ਹੋਈਆਂ ਹਨ। ਇਉਂ ਦ੍ਰਿੜ ਪ੍ਰਤੱਗਿਆ ਕਰ ਕੇ ਬੈਠਿਆਂ ਜਦੋਂ ਗੌਤਮ ਨੂੰ ਸਾਰਾ ਦਿਨ ਤੇ ਅੱਧੀ ਰਾਤ ਬੀਤ ਗਈ, ਤਾਂ ਬੋਧਾਂ ਦੀਆਂ ਧਰਮ ਪੁਸਤਕਾਂ ਵਿੱਚ ਲਿਖਿਆ ਹੋਇਆ ਹੈ, ਕਿ ਮਾੜਾ, ਜੋ ਕਿ ਆਸੁਰੀ ਸ਼ਕਤੀਆਂ ਦਾ ਪ੍ਰਤਿਨਿਧਿ ਹੈ, ਗੌਤਮ ਕੋਲ ਆਇਆ ਤੇ ਉਸ ਨੂੰ ਕਿਹਾ ਕਿ ਉਹ ਸਾਰੀ ਧਰਤੀ ਦਾ ਚਕ੍ਰਵਰਤੀ ਰਾਜ ਲੈਣਾ ਪਰਵਾਣ ਕਰ ਲਵੇ, ਬੋਧੀ ਗਿਆਨ ਦੀ ਪ੍ਰਾਪਤੀ ਦੀ ਪ੍ਰਤੱਗਿਆ ਛੱਡ ਦੇਵੇ। ਅੱਜ ਕੱਲ੍ਹ ਦੇ ਯਥਾਰਥਵਾਦੀ ਵਿਦਵਾਨ ਏਹੋ ਜਿਹੀਆਂ ਸਾਖੀਆਂ ਨੂੰ ਕੇਵਲ ਕਾਵ ਕਲਪਨਾ ਹੀ ਮੰਨਦੇ ਹਨ। ਅਸਲ ਗੱਲ ਇਉਂ ਸਮਝੀ ਜਾਂਦੀ ਹੈ ਜੋ ਇਸ ਸਮੇਂ ਗੌਤਮ ਦੇ ਮਨ ਵਿੱਚ ਕਈ ਪ੍ਰਕਾਰ ਦੇ ਸ਼ੰਕੇ ਉਤਪਨ ਹੋਏ ਹੋਣਗੇ ਤੇ ਮਨ ਵਿੱਚ ਖਿਆਲ ਆਇਆ ਹੋਵੇਗਾ ਕਿ ਉਹ ਕਠਨ ਜੀਵਨ, ਜਿਹੜਾ ਕਿ ਉਹ ਰਾਜ ਭਾਗ ਤੇ ਸੰਸਾਰ ਦੇ ਸੁਖਾਂ ਨੂੰ ਤਿਆਗ ਕੇ, ਪਿੱਛਲੇ ਛੇਆਂ ਵਰ੍ਹਿਆਂ ਤੋਂ ਬਤੀਤ ਕਰ ਰਿਹਾ ਹੈ, ਉਸ ਦਾ ਕੋਈ ਲਾਭ ਨਹੀਂ। ਪਰ ਗੌਤਮ ਨੇ ਇਹਨਾਂ ਸ਼ੰਕਿਆਂ ਨੂੰ ਆਪਣੀ ਕੀਤੀ ਪ੍ਰਤਗਿਆ ਉੱਤੇ ਭਾਰਾ ਨਾ ਪੈਣ ਦਿੱਤਾ ਤੇ ਬੋਧੀ ਗਿਆਨ ਦੀ ਪ੍ਰਾਪਤੀ ਲਈ ਆਪਣੇ ਧਿਆਨ ਵਿੱਚ ਸਥਿਤ ਰਿਹਾ। ਰਾਤ ਦੇ ਤੀਜੇ ਪਹਿਰ ਗੌਤਮ ਦੀ ਬੁੱਧੀ ਪ੍ਰਕਾਸ਼ ਹੋ ਗਈ ਤੇ ਸਭ ਭਰਮ

ਭੁਲੇਖੇ ਨਵਿਰਤ ਹੋ ਗਏ। ਉਸ ਨੂੰ ਸੋਝੀ ਹੋ ਆਈ ਕਿ ਜਨਮ, ਮਰਨ, ਦੁਖ ਦਾ ਕਾਰਨ ਕੀ ਹੈ, ਤੇ ਕਿਵੇਂ ਆਵਾਗਵਣ ਤੋਂ ਰਹਿਤ ਹੋ ਕੇ ਨਿਰਵਾਣ ਪਦਵੀ ਦੀ ਪ੍ਰਾਪਤੀ ਹੋ ਸਕਦੀ ਹੈ। ਏਹੋ ਬੋਧੀ ਗਿਆਨ ਹੈ, ਜਿਸ ਦਾ ਪ੍ਰਚਾਰ ਗੌਤਮ ਬੁੱਧ ਨੇ ਸੰਸਾਰ ਵਿੱਚ ਕੀਤਾ। ਬੋਧਾਂ ਦੇ ਧਰਮ ਗ੍ਰੰਥ ਦੱਸਦੇ ਹਨ ਕਿ ਜਦੋਂ ਗੌਤਮ ਨੂੰ ਇਸ ਗਿਆਨ ਦੀ ਪ੍ਰਾਪਤੀ ਪਿੱਛੋਂ ਗੌਤਮ ਬੁੱਧ ਆਪ ਸਦਾ ਸਥਿਰ ਦੁਖ-ਰਹਿਤ ਨਿਰਵਾਣ ਦਸ਼ਾ ਵਿੱਚ ਲੀਨ ਹੋ ਜਾਵੇ, ਕਿ ਬਾਕੀ ਜਗਤ ਨੂੰ ਵੀ ਇਸ ਗਿਆਨ ਦਾ ਪ੍ਰਚਾਰ ਕਰੇ ਤਾਂ ਜੁ ਹੋਰ ਮਨੁਸ਼ ਵੀ ਇਸ ਗਿਆਨ ਦੀ ਸੋਝੀ ਪਾ ਕੇ ਨਿਰਵਾਣ ਦੀ ਪ੍ਰਾਪਤੀ ਕਰ ਸਕਣ। ਇਸ ਸਮੇਂ, ਬੋਧਾਂ ਦੇ ਧਰਮ ਗ੍ਰੰਥਾਂ ਅਨੁਸਾਰ ਫੇਰ ਮਾੜਾ ਪ੍ਰਗਟ ਹੋਇਆ ਤੇ ਬੜੇ ਬੜੇ ਲਾਲਚ ਤੇ ਭੈ ਗੌਤਮ ਬੁੱਧ ਨੂੰ ਦਿੱਤੇ ਕਿ ਉਹ ਇਸ ਧਰਮ ਗਿਆਨ ਨੂੰ ਪ੍ਰਾਪਤ ਕਰਕੇ ਆਪ ਹੁਣ ਸਦਾ ਲਈ ਸੁਖੀ ਹੋ ਗਿਆ ਹੈ। ਉਹ ਹੁਣ ਆਪ ਨਿਰਵਾਣ ਵਿੱਚ ਸਮਾ ਜਾਵੇ। ਸੰਸਾਰ ਵਿੱਚ ਪੰਚਭੌਤਕ ਸਰੀਰ ਵਿੱਚ ਜੀਉਂਦਾ ਰਹਿ ਕੇ, ਇਸ ਬੋਧੀ ਗਿਆਨ ਦਾ ਪ੍ਰਚਾਰ ਨਾ ਕਰੇ। ਪਰ ਗੌਤਮ ਬੁੱਧ ਕਿਸੇ ਭੈ, ਲਾਲਚ ਵਿੱਚ ਨਾ ਆਇਆ ਤੇ ਧਰਮ ਦਾ ਪ੍ਰਚਾਰ ਸੰਸਾਰ ਦੇ ਕਲਿਆਣ ਹਿਤ ਕਰਨ ਦੇ ਨਿਸ਼ਚੇ ਉੱਤੇ ਦ੍ਰਿੜ੍ਹ ਰਿਹਾ। ਇਹ ਵੇਲਾ, ਜਦੋਂ ਗੌਤਮ ਬੁੱਧ ਨੂੰ ਬੋਧੀ ਗਿਆਨ ਦੀ ਪ੍ਰਾਪਤੀ ਹੋਈ, ਤੇ ਉਸ ਨੇ ਮਾੜਾ, ਜੋ ਕਿ ਆਸੁਰੀ ਸ਼ਕਤੀਆਂ ਦਾ ਸਮੁਦਾਇ ਹੈ, ਨੂੰ ਸਦਾ ਲਈ ਤੇ ਅੰਤਮ ਬਾਰ ਪ੍ਰਾਜੈ ਕਰ ਲਿਆ, ਰਾਤ ਦੇ ਤੀਜੇ ਪਹਿਰ ਦਾ ਅੰਤ ਅਤੇ ਚੌਥੇ ਪਹਿਰ ਦਾ ਆਰੰਭ ਸੀ। ਇਹ ਸਮਾਂ ਆਰੀਆ ਜਾਤੀਆਂ ਤੇ ਭਾਰਤ ਵਾਸੀਆਂ ਵਿੱਚ ਬੜਾ ਪਵਿਤ੍ਰ ਤੇ ਦੈਵੀ ਸ਼ਕਤੀਆਂ ਦੇ ਇਸ ਧਰਤੀ ਉੱਤੇ ਪ੍ਰਬਲ ਹੋਣ ਦਾ ਮਿਥਿਆ ਜਾਂਦਾ ਹੈ। ਏਹੋ ਵੇਲਾ ਹੈ, ਜਿਸ ਨੂੰ ਸਿੱਖ ਮਤ ਵਾਲੇ 'ਅੰਮ੍ਰਿਤ ਵੇਲਾ' ਆਖਦੇ ਹਨ ਤੇ ਇਸ ਵੇਲੇ ਉਠ ਕੇ ਇਸ਼ਨਾਨ ਕਰਕੇ ਵਾਹਿਗੁਰੂ ਦੀ ਸਿਮ੍ਰਨ ਭਗਤੀ ਕਰਨ ਨੂੰ ਬੜਾ ਉੱਤਮ ਸਾਧਨ ਮੰਨਦੇ ਹਨ। ਗੁਰੂ ਨਾਨਕ ਨੇ ਜਪੁਜੀ ਵਿੱਚ ਕਿਹਾ ਹੈ : "ਅੰਮ੍ਰਿਤ ਵੇਲਾ ਸਚ ਨਾਉ, ਵਡਿਆਈ ਵੀਚਾਰ।" ਅੰਮ੍ਰਿਤ ਵੇਲੇ ਵਾਹਿਗੁਰੂ ਦੀਆਂ ਵਡਿਆਈਆਂ ਦਾ ਵੀਚਾਰ ਕਰੋ। ਹੋਰ ਗੁਰੂ ਵਾਕ ਹੈ : "ਅੰਮ੍ਰਿਤ ਵੇਲ ਨਾ ਜਾਗਿਉਂ, ਜੀਵੰਦੜਾ ਮੋਇਉਂ।" ਅੰਮ੍ਰਿਤ ਵੇਲੇ ਨਾ ਜਾਗਣਾ ਜੀਵੰਦਿਆਂ ਹੀ ਮ੍ਰਿਤੂ ਦੇ ਤੁਲ ਹੈ।

ਜਦੋਂ ਮਹਾਂ ਬੋਧੀ ਗਿਆਨ ਗੌਤਮ ਬੁੱਧ ਨੂੰ ਪ੍ਰਾਪਤ ਹੋਇਆ ਤਾਂ ਉਸ ਦੀ ਆਯੂ ਪੈਂਤੀਆਂ ਵਰ੍ਹਿਆਂ ਦੀ ਸੀ। ਉਸ ਨੇ ਸੰਕਲਪ ਕੀਤਾ ਕਿ ਉਹ ਇਸ ਬੋਧੀ ਗਿਆਨ ਦਾ ਪ੍ਰਚਾਰ, ਸਭ ਤੋਂ ਪਹਿਲਾਂ ਆਪਣੇ ਵਿਦਿਆ ਦਾਤੇ ਗੁਰੂਆਂ, ਆਲਾਰ ਤੇ ਉਦ੍ਰਕ ਕੋਲ ਜਾ ਕੇ ਕਰੇਗਾ। ਪਰ ਪਤਾ ਲੱਗਾ ਕਿ ਉਹ ਦੋਵੇਂ ਮ੍ਰਿਤੂ ਹੋ

ਚੁੱਕੇ ਹਨ। ਹੁਣ ਗੌਤਮ ਬੁੱਧ ਨੇ ਸਭ ਤੋਂ ਪਹਿਲਾਂ ਬੁੱਧ ਮਤ ਦੀ ਸਿਖਿਆ, ਆਪਣੇ ਉਹਨਾਂ ਪੰਜਾਂ ਚੇਲਿਆਂ ਨੂੰ ਦੇਣ ਦਾ ਨਿਸਚਾ ਕੀਤਾ ਜੋ ਉਸ ਨੂੰ ਉਰੂਵੇਲ ਬਣ ਵਿੱਚ ਇਕੱਲਾ ਛੱਡ ਆਏ ਸਨ। ਇਉਂ ਨਿਸ਼ਚਾ ਕਰ ਕੇ ਗੌਤਮ ਬੁੱਧ ਬਨਾਰਸ ਵੱਲ ਨੂੰ ਤੁਰ ਪਿਆ, ਤੇ ਸਾਰਨਾਥ ਪੁੱਜਾ ਜੋ ਕਿ ਉਸ ਸਮੇਂ ਦੇ ਮਤ ਮਤਾਂਤ੍ਰਾਂ ਦੇ ਸਾਧੂਆਂ ਦੀ ਤਪੋਭੂਮੀ ਸੀ। ਬੋਧਾਂ ਦੇ ਧਰਮ ਗ੍ਰੰਥ, 'ਵਿਨਾਯ' ਵਿੱਚ ਕਥਾ ਆਉਂਦੀ ਹੈ ਕਿ ਰਾਹ ਵਿੱਚ ਗੌਤਮ ਬੁੱਧ ਨੂੰ ਇੱਕ ਪੰਡਿਤ, ਉਪਕ ਨਾਮੀ, ਮਿਲਿਆ ਜਿਸ ਨੇ ਗੌਤਮ ਬੁੱਧ ਦੇ ਚੇਹਰੇ ਉੱਤੇ ਅਪਾਰ ਪ੍ਰਸੰਨਤਾ ਤੇ ਪਰਮ ਆਨੰਦ ਦੇ ਚਿੰਨ੍ਹ ਦੇਖੇ ਤਾਂ ਚਕ੍ਰਿਤ ਰਹਿ ਗਿਆ। ਪੁੱਛਣ ਲੱਗਾ : "ਤੂੰ ਕਿਸ ਮਤ ਦਾ ਸਾਧੂ ਹੈਂ, ਜੁ ਇਤਨਾ ਪ੍ਰਸੰਨ ਮੁਖ ਦਿੱਸ ਆਉਂਦਾ ਹੈ?" ਗੌਤਮ ਬੁੱਧ ਨੇ ਉੱਤਰ ਦਿੱਤਾ : "ਮੈਂ ਧਰਮ ਚੱਕ੍ਰ ਚਲਾਣ ਅਤੇ ਤ੍ਰਿਹਾਏ ਸੰਸਾਰ ਨੂੰ ਅੰਮ੍ਰਿਤ ਪਿਲਾਣ ਬਨਾਰਸ ਵੱਲ ਜਾ ਰਿਹਾ ਹਾਂ।" ਉਪਕ ਨੇ ਕਿਹਾ, "ਤੂੰ ਕੋਈ ਅਰ੍ਹੰਤ ਹੈਂ ਕਿ ਜੀਨ, ਜੋ ਸਾਰੇ ਸੰਸਾਰ ਦਾ ਉੱਧਾਰ ਕਰਨ ਚਲਿਆ ਹੈਂ?" ਗੌਤਮ ਬੁੱਧ ਨੇ ਕਿਹਾ : "ਜੀਨ ਉਹ ਹੈ, ਜੋ ਸਭ ਸ਼ਤਰੂਆਂ ਉੱਤੇ ਵਿਜੇ ਪਾਉਂਦਾ ਹੈ। ਮੈਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਉੱਤੇ ਸਦਾ ਲਈ ਵਿਜੇ ਪ੍ਰਾਪਤ ਕੀਤੀ ਹੈ। ਇਸ ਲਈ ਮੈਂ ਜੀਨ ਹਾਂ। ਜਿਸ ਨੂੰ ਪੂਰਨ ਅਲੇਪ ਗਿਆਨ ਤੇ ਮਹਾਂ ਬੋਧੀ ਦੀ ਪ੍ਰਾਪਤੀ ਹੋਵੇ, ਉਹ ਅਰ੍ਹੰਤ ਹੈ। ਮੈਨੂੰ ਮਹਾਂ ਬੋਧੀ, ਪੂਰਨ ਅਲੇਪ ਗਿਆਨ ਦੀ ਪ੍ਰਾਪਤੀ ਹੋਈ ਹੈ। ਮੈਂ ਅਰ੍ਹੰਤ ਹਾਂ।" ਗ੍ਰੰਥ ਵਿੱਚ ਲਿਖਿਆ ਹੈ, ਕਿ ਇਹ ਸੁਣ ਕੇ ਉੱਪਕ ਨੇ ਗੌਤਮ ਬੁੱਧ ਨੂੰ ਕਿਹਾ : "ਭਾਈ, ਤੂੰ ਆਪਣੇ ਰਾਹ ਜਾਹ ਤੇ ਮੈਂ ਆਪਣੇ ਰਾਹ ਜਾਂਦਾ ਹਾਂ।" ਉਪਕ ਨੇ ਸਮਝਿਆ ਕਿ ਇਹ ਕੋਈ ਪਾਗਲ ਹੈ, ਜੋ ਇਸ ਤਰ੍ਹਾਂ ਦੀਆਂ ਵੱਧ ਚੜ੍ਹ ਕੇ ਗੱਲਾਂ ਕਰਦਾ ਹੈ।

ਗੌਤਮ ਬੁੱਧ ਸ਼ਾਮ ਦੇ ਵੇਲੇ, ਸਾਰਨਾਥ ਵਿੱਚ ਆਪਣੇ ਪੁਰਾਣੇ ਪੰਜਾਂ ਚੇਲਿਆਂ ਦੀ ਕੁਟੀਆ ਕੋਲ ਪੁੱਜਾ। ਉਨ੍ਹਾਂ ਜਦ ਗੌਤਮ ਬੁੱਧ ਨੂੰ ਆਪਣੇ ਵੱਲ ਆਉਂਦਾ ਦੇਖਿਆ ਤਾਂ ਆਪੋ ਵਿੱਚ ਕਹਿਣ ਲੱਗੇ : "ਔਹ ਤੱਕੋ, ਪਤਿਤ ਗੌਤਮ ਲਗਾ ਆਉਂਦਾ ਹੈ। ਅਸਾਂ ਨਾ ਇਸ ਨੂੰ ਨਮਸਕਾਰ ਕਰਨੀ ਹੈ, ਤੇ ਨਾ ਹੀ ਬੈਠਣ ਲਈ ਆਸਣ ਦੇਣਾ ਹੈ।" ਪਰ ਜਦੋਂ ਗੌਤਮ ਬੁੱਧ ਕੁਟੀ ਦੇ ਬੂਹੇ ਕੋਲ ਪੁਜਾ, ਤਾਂ ਉਸ ਦਾ ਆਤਮਕ ਤੇਜ ਇਤਨਾ ਪ੍ਰਬਲ ਸੀ, ਕਿ ਪੰਜਾਂ ਸਾਧੂਆਂ ਨੇ ਹੀ ਉਠ ਕੇ ਨਮਸਕਾਰ ਕੀਤੀ ਤੇ ਗੌਤਮ ਬੁੱਧ ਨੂੰ ਆਸਣ ਉੱਤੇ ਬੈਠਣ ਲਈ ਬੇਨਤੀ ਕੀਤੀ। ਗੌਤਮ ਬੁੱਧ ਨੇ ਉਨ੍ਹਾਂ ਪੰਜਾਂ ਸਾਧੂਆਂ ਨੂੰ ਬੁੱਧ ਧਰਮ ਦਾ ਉਪਦੇਸ਼ ਦਿੱਤਾ ਤੇ ਬੁੱਧ ਮਤ ਦੇ ਬੁਨਿਆਦੀ ਸਿਧਾਂਤ, ਚਤੁਰ ਆਰਯਾਨਿ ਸਭਯਮ, ਤੇ ਅਸ਼ਟਾਂਗੀ ਪੱਖ ਦੀ ਵਿਆਖਿਆ ਕੀਤੀ ਅਤੇ ਇਹ ਪੰਜ ਸਾਧੂ ਬੁੱਧ ਮੱਤ ਦੇ ਪਹਿਲੇ ਪੰਜ ਚੇਲੇ ਬਣੇ।

ਇਸ ਘਟਨਾ ਤੋਂ ਦੋ ਹਜ਼ਾਰ ਵਰ੍ਹੇ ਪਿੱਛੋਂ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਮਤ ਪ੍ਰਗਟ ਕੀਤਾ ਤਾਂ ਪਹਿਲਾ ਉਪਦੇਸ਼ ਪੰਜਾਂ ਪਿਆਰਿਆਂ ਨੂੰ ਹੀ ਦਿੱਤਾ ਅਤੇ ਖ਼ਾਲਸਾ ਮੱਤ ਨੂੰ ਖ਼ਾਲਸਾ ਪੰਥ ਕਿਹਾ। ਗੌਤਮ ਦੇ ਇਸ ਪਹਿਲੇ ਉਪਦੇਸ਼ ਨੂੰ ਧਰਮ ਚੱਕ੍ਰ ਪ੍ਰੀਵਰਤਨ ਅਤੇ ਅੰਮ੍ਰਿਤ ਦਾਨ, ਦਾ ਨਾਮ ਪ੍ਰਾਚੀਨ ਬੋਧੀ ਗ੍ਰੰਥਾਂ ਵਿੱਚ ਦਿੱਤਾ ਹੈ। ਅੰਮ੍ਰਿਤ ਛਕਾਉਣਾ ਅਤੇ ਸਰਬ ਲੋਹ ਚੱਕ੍ਰ ਚਿੰਨ੍ਹ ਧਾਰਨ ਕਰਨਾ, ਸਿੱਖ ਮੱਤ ਦੇ ਰਹਿਤ, ਸਸਕਾਰ ਸਾਧਨਾਂ ਦਾ ਪ੍ਰਸਿੱਧ ਅੰਗ ਹਨ।

ਗੌਤਮ ਬੁੱਧ ਸਾਰਨਾਥ ਦੇ ਤਪੋਬਨ ਵਿੱਚ ਹੀ ਟਿਕ ਗਏ ਅਤੇ ਧਰਮ ਦਾ ਉਪਦੇਸ਼ ਕਰਨ ਲੱਗੇ। ਜੋ ਕੁਟੀਆ, ਗੌਤਮ ਬੁੱਧ ਲਈ ਉਸ ਦੇ ਚੇਲਿਆਂ ਨੇ ਬਣਾਈ, ਉਹ ਪਿਛੋਂ ਬੋਧੀਆਂ ਲਈ ਇੱਕ ਮਹਾਨ ਪਵਿੱਤ੍ਰ ਯਾਤਰਾ ਅਸਥਾਨ ਬਣ ਗਈ। ਸਮ੍ਰਾਟ ਅਸ਼ੋਕ ਨੇ ਉਸ ਥਾਂ ਇੱਕ ਮੰਦਰ ਬਣਵਾ ਦਿੱਤਾ ਜੋ ਸਮਾਂ ਪਾ ਕੇ ਅਲੋਪ ਹੋ ਗਿਆ। ਹੁਣ ਕੋਈ ਚਾਲ੍ਹੀ ਕੁ ਸਾਲ ਹੋਏ ਹਨ, ਕਿ ਸਾਰਨਾਥ ਵਿੱਚ ਥੇਹਾਂ ਦੀ ਖੁਦਾਈ ਕਰਦਿਆਂ ਇੱਕ ਸ਼ਿਲਾ-ਲੇਖ ਲੱਭਾ ਜਿਸ ਦੇ ਆਧਾਰ ਉੱਤੇ ਗੌਤਮ ਬੁੱਧ ਦੀ ਉਸ ਕੁਟੀਆ ਵਾਲੀ ਥਾਂ ਨਿਸ਼ਚਿਤ ਕਰ ਲਈ ਗਈ, ਤੇ ਇਹ ਵੀ ਪਤਾ ਲੱਗ ਗਿਆ ਕੁ ਸਮ੍ਰਾਟ ਅਸ਼ੋਕ ਨੇ ਜੋ ਮੰਦਰ ਉਸ ਪਵਿੱਤਰ ਥਾਂ ਉੱਤੇ, ਦੋ ਹਜ਼ਾਰ ਵਰ੍ਹੇ ਪਹਿਲਾਂ, ਬਣਵਾਇਆ ਸੀ, ਉਸ ਦਾ ਨਾਮ, ਮੂਲਗੰਧਕੁਟੀ ਵਿਹਾਰ ਸੀ। ਹੁਣ ਉਸ ਥਾਂ ਉੱਤੇ ਇੱਕ ਨਵਾਂ ਆਲੀਸ਼ਾਨ ਮੰਦਰ ਬਣ ਗਿਆ ਹੈ ਤੇ ਮੂਲਗੰਧਕੁਟੀ ਵਿਹਾਰ ਹੀ ਕਹਾਉਂਦਾ ਹੈ। ਕੁਝ ਸਮਾਂ ਪਾ ਕੇ, ਗੌਤਮ ਬੁੱਧ ਦੇ ਸੱਠ ਚੇਲੇ ਬਣ ਗਏ, ਜਿਨ੍ਹਾਂ ਨੇ ਕਿ ਸੰਸਾਰ ਅਤੇ ਗ੍ਰਿਹਸਤ ਦਾ ਤਿਆਗ ਕਰ ਕੇ ਭਿਖਸ਼ੂ ਗਤੀ ਗ੍ਰਹਿਣ ਕਰ ਲਈ। ਅਜੇਹੇ ਆਦਮੀ, ਜੋ ਕਿ ਅਜੇ ਗ੍ਰਹਿਸਤ ਤੇ ਸੰਸਾਰ ਨੂੰ ਤਿਆਗਣ ਲਈ ਤਿਆਰ ਨਹੀਂ ਸਨ, ਪਰ ਗੌਤਮ ਬੁੱਧ ਦੇ ਉਪਦੇਸ਼ਾਂ ਨੂੰ ਹੀ ਸੱਤ ਧਰਮ ਮੰਨਦੇ ਸਨ, ਉਹ ਉਪਾਸ਼ਕ ਕਹਾਉਣ ਲੱਗੇ। ਅਜੇਹੇ ਆਦਮੀਆਂ ਦੀ ਗਿਣਤੀ ਸੌ ਤੋਂ ਵੀ ਉੱਤੇ ਹੋ ਗਈ। ਇਹਨਾਂ ਭਿਖਸ਼ੂਆਂ ਤੇ ਉਪਾਸ਼ਕਾਂ ਦਾ ਵਰਨਣ ਕਰਨ ਸਮੇਂ ਸਿੱਖ ਪੰਥ ਦੇ ਅੰਮ੍ਰਿਤਧਾਰੀਆਂ ਅਤੇ ਸਹਿਜ-ਧਾਰੀਆਂ ਵੱਲ ਧਿਆਨ ਆਪ ਹੁਦਰੇ ਹੀ ਚਲਾ ਜਾਂਦਾ ਹੈ। ਗੌਤਮ ਬੁੱਧ ਦੇ ਇਨ੍ਹਾਂ ਉਪਾਸ਼ਕਾਂ ਵਿੱਚ ਇੱਕ ਵੱਡੇ ਧਨਵਾਨ ਸ਼ਾਹੂਕਾਰ ਦਾ ਪੁੱਤਰ ਯਸ਼ ਨਾਮ ਦਾ ਸੀ, ਜੋ ਕਿ ਆਪਣੇ ਮਾਤਾ ਪਿਤਾ ਅਤੇ ਸੰਬੰਧੀਆਂ ਦੇ ਡਰ ਤੋਂ, ਰਾਤਰੀ ਸਮੇਂ ਲੁਕ ਕੇ ਗੌਤਮ ਬੁੱਧ ਦੇ ਉਪਦੇਸ਼ ਸੁਣਨ ਆਉਂਦਾ ਹੁੰਦਾ ਸੀ। ਇਹ ਯਸ਼ ਭੀ ਕੁਛ ਸਮੇਂ ਪਿਛੋਂ, ਭਿਖਸ਼ੂ ਬਣ ਗਿਆ ਅਤੇ ਆਪਣੇ ਮਾਤਾ ਪਿਤਾ ਅਤੇ ਪਤਨੀ ਨੂੰ ਵੀ ਗੌਤਮ ਬੁੱਧ ਦੇ ਚਰਨਾਂ

ਵਿੱਚ ਲੈ ਆਇਆ। ਲਿਖਿਆ ਹੈ ਕਿ ਯਸ਼ ਦੀ ਪਤਨੀ ਪਹਿਲੀ ਉਪਾਸ਼ਕਾ ਬੁੱਧ ਮਤ ਦੀ ਬਣੀ।

ਜਦੋਂ ਚੁਮਾਸਾ ਬੀਤ ਗਿਆ ਤਾਂ ਗੌਤਮ ਬੁੱਧ ਨੇ ਸਭ ਭਿਖਸ਼ੂਆਂ ਨੂੰ ਆਪਣੇ ਕੋਲ ਬੁਲਾਇਆ ਤੇ ਬਚਨ ਕੀਤਾ : "ਮੈਂ ਪੰਜ ਰੋਗਾਂ, ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਤੋਂ ਰਹਿਤ ਹੋਇਆ ਹਾਂ। ਤੁਸੀਂ ਵੀ ਧਰਮ ਉਪਦੇਸ਼ ਗ੍ਰਹਿਣ ਕਰ ਕੇ, ਪੰਜ ਰੋਗਾਂ ਤੋਂ ਮੁਕਤ ਹੋਏ ਹੋ। ਇਨ੍ਹਾਂ ਪੰਜ ਰੋਗਾਂ ਦੇ ਜਾਲ ਵਿੱਚ ਮਨੁੱਖ, ਦੇਵਤੇ, ਸਭ ਫਸੇ ਹੋਏ ਹਨ। ਭਾਈਓ, ਜਾਉ, ਬਹੁਤਿਆਂ ਦੇ ਭਲੇ ਲਈ, ਜਗਤ ਉੱਤੇ ਦਯਾਵਾਨ ਹੋ ਕੇ, ਮਨੁੱਖਾਂ ਅਤੇ ਦੇਵਤਿਆਂ ਦੇ ਕਲਿਆਣ ਹਿਤ ਸੰਸਾਰ ਵਿੱਚ ਭ੍ਰਮਣ ਕਰੋ। ਧਰਮ, ਜਿਹੜਾ ਕਿ ਆਦਿ, ਮਧ, ਅੰਤ ਵਿੱਚ ਕਲਿਆਣਕਾਰੀ ਹੈ, ਉਸ ਦਾ ਪਰਚਾਰ ਕਰੋ। ਸ਼ੁਧ ਆਚਾਰ ਅਤੇ ਪੂਰਣ ਜੀਵਨ ਦਾ ਪਰਚਾਰ ਕਰੋ। ਕੋਈ ਇੱਕ ਦੂਜੇ ਨਾਲ ਨਾ ਤੁਰੇ। ਮੈਂ ਵੀ ਧਰਮ ਪਰਚਾਰ ਲਈ ਉਰੁਵੇਲ ਬਣ ਵਲ ਚਾਲੇ ਪਾਉਂਦਾ ਹਾਂ।" ਗੌਤਮ ਬੁੱਧ ਇਸ ਤੋਂ ਪਿਛੋਂ ਜੀਵਨ ਪਰਯੰਤ ਇਸ ਨਿਯਮ ਉੱਤੇ ਚਲਦੇ ਰਹੇ। ਹਰ ਸਾਲ ਚੌਮਾਸੇ ਵਿੱਚ ਭਿਖਸ਼ੂ ਬਣਾਉਣੇ ਅਤੇ ਇਕੱਠੇ ਕਰ ਲੈਣੇ। ਚੌਮਾਸਾ ਬੀਤਣ ਉੱਤੇ ਉਨ੍ਹਾਂ ਭਿਖਸ਼ੂਆਂ ਨੂੰ ਬਾਹਰ ਧਰਮ ਪ੍ਰਚਾਰ ਲਈ ਤੋਰ ਦੇਣਾ ਅਤੇ ਆਪ ਵੀ ਧਰਮ ਪ੍ਰਚਾਰ ਲਈ ਨਿਕਲ ਤੁਰਨਾ। ਜਦੋਂ ਗੌਤਮ ਬੁੱਧ ਬ੍ਰਿਧ ਅਵਸਥ ਦੇ ਹੋ ਗਏ ਤੇ ਇਕੱਲਿਆਂ ਘੁੰਮ ਕੇ ਪਰਚਾਰ ਕਰਨੋਂ ਅਸਮਰਥ ਹੋ ਗਏ ਤਾਂ ਕੁਝ ਚੇਲੇ ਆਪਣੇ ਨਾਲ ਰੱਖਣ ਲੱਗੇ।

ਉਰੁਵੇਲ ਬਣ ਵਿੱਚ ਇੱਕ ਕੱਸ਼ਪ ਨਾਮ ਬ੍ਰਾਹਮਣ, ਅਗਨੀ ਪੂਜ, ਆਪਣੇ ਚੇਲਿਆਂ ਸਮੇਤ ਰਹਿੰਦਾ ਸੀ। ਗੌਤਮ ਬੁੱਧ ਉਸ ਦੀ ਕੁਟੀਆ ਵਿੱਚ ਚਲੇ ਗਏ ਤੇ ਕੱਸ਼ਪ, ਗੌਤਮ ਬੁੱਧ ਦੇ ਉਪਦੇਸ਼ਾਂ ਨੂੰ ਗ੍ਰਹਿਣ ਕਰਕੇ ਭਿਖਸ਼ੂ ਬਣ ਗਿਆ। ਇੱਕ ਦਿਨ ਸਾਹਮਣੇ ਦੀ ਪਹਾੜੀ ਉੱਤੇ, ਜੰਗਲ ਵਿੱਚ ਅੱਗ ਲੱਗੀ ਤਾਂ ਗੌਤਮ ਬੁੱਧ ਨੇ ਕੱਸ਼ਪ ਅਤੇ ਉਸ ਦੇ ਚੇਲਿਆਂ ਨੂੰ ਉਹ ਉਪਦੇਸ਼ ਦਿੱਤਾ ਜੋ ਕਿ "ਅਦਿੱਤ-ਪ੍ਰਯਾਮ" ਉਪਦੇਸ਼ ਦੇ ਨਾਮ ਹੇਠਾਂ ਬੋਧੀਆਂ ਦੇ ਧਰਮ ਗ੍ਰੰਥਾਂ ਵਿੱਚ ਅੰਕਤ ਹੈ ਅਤੇ ਇੱਕ ਪੱਛਮੀ ਵਿਦਵਾਨ ਇਸ ਬੁੱਧ ਮੱਤ ਦੇ ਉਪਦੇਸ਼ ਨੂੰ ਈਸਾਈ ਮਤ ਦੇ "ਪਰਬਤ ਉੱਤੇ ਉਪਦੇਸ਼" (Sermon on the Mount) ਦੀ ਤੁੱਲਨਾ ਦਿੰਦਾ ਹੈ। ਮਹਾਤਮਾ ਗਾਂਧੀ ਕਿਹਾ ਕਰਦੇ ਸੀ, ਕਿ ਭਾਗਵਦ ਗੀਤਾ ਦੀ ਸਿਖਿਆ ਅਤੇ "ਪਰਬਤ ਉੱਤੇ ਉਪਦੇਸ਼" ਹੀ ਉਨ੍ਹਾਂ ਦਾ ਧਰਮ ਅਤੇ ਜੀਵਨ ਦਾ ਆਧਾਰ ਹਨ। ਇਸ 'ਆਦਿਤ ਪ੍ਰਯਾਯ' ਉਪਦੇਸ਼ ਵਿੱਚ ਗੌਤਮ ਬੁੱਧ ਨੇ ਦੱਸਿਆ ਕਿ ਪੰਜਾਂ ਇੰਦ੍ਰੀਆਂ ਦੀ ਕਾਮਵਾਸ਼ਨਾਂ ਦੀ ਅਗਨੀ ਨਾਲ ਮਨੁੱਖ ਦਾ ਸਰੀਰ ਤੇ ਆਤਮਾ ਦਗਧ ਹੋ ਰਹੇ ਹਨ। ਇਸ ਅਗਨੀ ਤੋਂ ਸਰੀਰ ਤੇ ਆਤਮਾ ਦਾ ਬਚਾਉ ਕਰਨਾ ਹੀ ਪਰਮ ਧਰਮ ਹੈ।

ਇਸ ਤੋਂ ਪਿੱਛੋਂ ਕੱਸ਼ਪ ਭਿਖੂ ਤੇ ਹੋਰ ਚੇਲਿਆਂ ਨੂੰ ਨਾਲ ਲੈ ਕੇ ਗੌਤਮ ਬੁੱਧ ਮੱਗਧ ਦੇਸ਼ ਦੀ ਰਾਜਧਾਨੀ, ਰਾਜਗ੍ਰਹਿ, ਪੁੱਜੇ। ਮਹਾਰਾਜਾ ਬਿੰਬਸਾਰ ਸੁਾਗਤ ਕਰਨ ਨਗਰ ਦੇ ਬਾਹਰ ਤੱਕ ਆਇਆ, ਤਾਂ ਕੱਸ਼ਪ ਨੂੰ ਦੇਖ ਕੇ ਜੋ ਕਿ ਉਸ ਸਮੇਂ ਦਾ ਬੜਾ ਪ੍ਰਸਿੱਧ ਤਪੱਸ੍ਵੀ ਸੀ, ਸੋਚੀਂ ਪੈ ਗਿਆ ਕਿ ਗੌਤਮ ਨੇ ਕੱਸ਼ਪ ਨੂੰ ਗੁਰੂ ਧਾਰਨ ਕੀਤਾ ਹੈ ਕਿ ਕੱਸ਼ਪ ਗੌਤਮ ਦਾ ਚੇਲਾ ਬਣਿਆ ਹੈ। ਕੱਸ਼ਪ ਨੇ ਆਪ ਹੀ ਇਸ ਸ਼ੰਕਾ ਦਾ ਸਮਾਧਾਨ ਕੀਤਾ। ਕੱਸ਼ਪ ਨੇ ਕਿਹਾ : "ਕਰਮ ਕਾਂਡ, ਯੱਗ ਹਵਨ ਮੁਕਤੀ ਦਾ ਮਾਰਗ ਨਹੀਂ ਹਨ। ਨਿਰਵਾਣ ਦੀ ਪ੍ਰਾਪਤੀ ਆਤਮਾ ਦੀ ਸ਼ੁੱਧੀ ਨਾਲ ਹੁੰਦੀ ਹੈ। ਮੈਂ ਹੁਣ ਗੌਤਮ ਬੁੱਧ ਅਤੇ ਉਸ ਦੇ ਧਰਮ ਦੀ ਸ਼ਰਣ ਲਈ ਹੈ" ਤਦ ਗੌਤਮ ਬੁੱਧ ਨੇ ਮਹਾਰਾਜਾ ਬਿੰਬਸਾਰ ਨੂੰ ਸੰਸਾਰ ਦੀ ਅਸਾਰਤਾ ਅਤੇ ਵਿਸ਼ੇ ਵਿਕਾਰਾਂ ਦਾ ਨਾਸ਼ ਕਰਕੇ ਨਿਰਵਾਣ ਪ੍ਰਾਪਤੀ ਬਾਰੇ ਧਰਮ ਉਪਦੇਸ਼ ਦਿੱਤਾ। ਮਹਾਰਾਜਾ ਬਿੰਬਸਾਰ ਨੇ ਰਾਜਗ੍ਰਹਿ ਦੀਆਂ ਫਸੀਲਾਂ ਤੋਂ ਬਾਹਰ ਇੱਕ ਸੁੰਦਰ ਰਮਣੀਕ ਤੇ ਇਕਾਂਤ ਬਾਗ਼, ਵੇਲੁਵਣ ਨਾਮ ਦਾ, ਜਿਸ ਦੇ ਕਿ ਅਰਥ ਬਾਂਸਾਂ ਦਾ ਬਾਗ਼ ਹਨ, ਗੌਤਮ ਬੁੱਧ ਦੀ ਭੇਟਾ ਕੀਤਾ। ਗੌਤਮ ਬੁੱਧ ਨੇ ਕਈ ਚੌਮਾਸੇ ਇਸ ਵੇਲੁਵਣ ਵਿੱਚ ਉਪਦੇਸ਼ ਕਰਦਿਆਂ ਕੱਟੇ ਅਤੇ ਮਗਧ ਦੇਸ਼ ਵਿੱਚ ਬੁੱਧ ਮਤ ਦੇ ਪ੍ਰਚਾਰ ਦਾ ਇਹ ਵੇਲੁਵਣ ਕੇਂਦਰ ਬਣ ਗਿਆ। ਇਸ ਵੇਲੁਵਣ ਵਿੱਚ ਹੀ, ਮਹਾਤਮਾ ਬੁੱਧ ਦੇ ਦੋ ਮਹਾਨ ਪ੍ਰਤਿਸ਼ਟ ਚੇਲੇ, ਸਾਰੀ-ਪੁਤ ਤੇ ਮੋਗੱਲਾਣ ਭਿਖਸ਼ੂ ਬਣੇ, ਜਿਨ੍ਹਾਂ ਨੇ ਕਿ ਬੁੱਧ ਮੱਤ ਦੇ ਪ੍ਰਚਾਰ ਲਈ ਬੜਾ ਭਾਰੀ ਕੰਮ ਕੀਤਾ। ਇਨ੍ਹਾਂ ਮਹਾਨ ਪ੍ਰਸਿੱਧ ਭਿਖਸ਼ੂਆਂ ਦੀਆਂ ਅਸਥੀਆਂ, ਭੂਪਾਲ ਦੇ ਲਾਗੇ, ਪ੍ਰਾਚੀਨ ਬੋਧੀ ਖੰਡਰਾਂ, ਸਾਂਚੀ, ਦੇ ਸਤੂਪਾਂ ਵਿੱਚ ਦੋ ਹਜ਼ਾਰ ਵਰ੍ਹਿਆਂ ਤੋਂ ਸੰਭਾਲ ਕੇ ਰੱਖੀਆਂ ਚਲੀਆਂ ਆ ਰਹੀਆਂ, ਕੋਈ ਅੱਧੀ ਸਦੀ ਤੋਂ ਉੱਤੇ ਹੋਇਆ, ਇੱਕ ਅੰਗਰੇਜ਼ ਅਫ਼ਸਰ ਨੇ ਲਭ ਲਈਆਂ ਸਨ ਅਤੇ ਉਹ ਅਸਥੀਆਂ ਸੋਨੇ ਦੀਆਂ ਗਾਗਰਾਂ ਸਮੇਤ ਵਲੈਤ, ਲੰਡਨ, ਪੁਚਾ ਦਿੱਤੀਆਂ ਗਈਆਂ ਸਨ। ੧੯੪੯ ਵਿੱਚ, ਜਦੋਂ ਹਿੰਦੁਸਤਾਨ ਸੁਤੰਤ੍ਰ ਹੋ ਗਿਆ ਤਾਂ ਅੰਗਰੇਜ਼ੀ ਸਰਕਾਰ ਨੇ ਉਹ ਅਸਥੀਆਂ ਗਾਗਰਾਂ ਸਮੇਤ, ਭਾਰਤ ਦੀ ਸਰਕਾਰ ਨੂੰ ਮੋੜ ਦਿੱਤੀਆਂ। ਪਿਛਲੇ ਦਿਨਾਂ ਵਿੱਚ ਸਾਡੀ ਸਰਕਾਰ ਉਨ੍ਹਾਂ ਅਸਥੀਆਂ ਨੂੰ ਲੰਕਾ, ਲੱਦਾਖ, ਬਰ੍ਹਮਾ ਦੇਸ਼ਾਂ ਦੇ ਬੋਧੀਆਂ ਨੂੰ ਦਰਸ਼ਨ ਕਰਵਾਉਣ ਲਈ ਹਵਾਈ ਜਹਾਜ਼ ਉੱਤੇ ਉਡਾ ਕੇ ਲੈ ਗਈ ਸੀ। ਹੁਣ ਸੰਨ ੧੯੫੨ ਦੇ ਅੰਤ ਵਿੱਚ, ਇਹ ਅਸਥੀਆਂ ਮੁੜ ਸਾਂਚੀ ਲਿਆ ਕੇ ਇੱਕ ਬੜੇ ਆਲੀਸ਼ਾਨ ਤੇ ਨਵੇਂ ਬਣਾਏ ਹੋਏ ਵਿਹਾਰ ਮੰਦਰ ਵਿੱਚ ਰੱਖ ਦਿੱਤੀਆਂ ਗਈਆਂ ਹਨ।

ਇਹਨੀ ਦਿਨੀਂ ਗੌਤਮ ਬੁੱਧ ਦੇ ਪਿਤਾ, ਸੁਧੋਦਨ, ਨੂੰ ਕਪਲਵਸਤੂ ਵਿੱਚ ਸੋਅ ਪੁਜੀ ਕਿ ਉਸ ਦਾ ਪੁੱਤਰ, ਜੋ ਕਈ ਵਰ੍ਹੇ ਪਹਿਲਾਂ ਘਰੋਂ ਅਲੋਪ ਹੋ ਗਿਆ ਸੀ, ਸਾਧੂ ਹੋ ਗਿਆ ਹੈ, ਤੇ ਰਾਜਗ੍ਰਿਹ ਵਿੱਚ ਵਿਚਰ ਰਿਹਾ ਹੈ। ਰਾਜਾ ਸੁਧੋਦਨ ਨੇ ਆਪਣੇ ਮੰਤ੍ਰੀ ਗੌਤਮ ਬੁੱਧ ਕੋਲ ਭੇਜੇ ਤੇ ਅਖਵਾਇਆ : "ਮੇਰਾ ਅੰਤਮ ਸਮਾਂ ਹੁਣ ਨੇੜੇ ਹੈ। ਮੈਨੂੰ ਆ ਕੇ ਮਿਲ ਜਾਓ।" ਇਹ ਸੁਣ ਕੇ ਗੌਤਮ ਬੁੱਧ, ਆਪਣੇ ਕੁਝ ਚੇਲੇ ਨਾਲ ਲੈ ਕੇ, ਕਪਲਵਸਤੂ ਵਲ ਨੂੰ ਚਲ ਪਏ ਅਤੇ ਭਿਖਸ਼ੂਆਂ ਦੇ ਨਿਯਮਾਨੁਸਾਰ, ਨਗਰ ਤੋਂ ਬਾਹਰ, ਇੱਕ ਝਿੜੀ ਵਿੱਚ ਬਿਸਰਾਮ ਕਰਨ ਲਈ ਠਹਿਰ ਗਏ। ਗੌਤਮ ਬੁੱਧ ਦਾ ਪਿਤਾ, ਅਤੇ ਉਸ ਦੇ ਸ਼ਾਹੀ ਸੰਬੰਧੀ, ਉਸ ਝਿੜੀ ਵਿੱਚ ਹੀ ਮਿਲਣ ਆਏ, ਪਰ ਇਹ ਸਮਝ ਕੇ ਜੁ ਕਪਲਵਸਤੂ ਤਾਂ ਗੌਤਮ ਬੁੱਧ ਦਾ ਆਪਣਾ ਘਰ ਹੈ, ਉਸਨੂੰ ਅਤੇ ਉਸ ਦੇ ਚੇਲਿਆਂ ਨੂੰ ਦੂਜੇ ਦਿਨ ਦੀ ਰੋਟੀ ਖਾਣ ਦਾ ਨਿਉਂਦਾ ਨਾ ਦਿੱਤਾ। ਸਵੇਰ ਹੁੰਦਿਆਂ ਹੀ ਗੌਤਮ ਬੁੱਧ ਕਪਲਵਸਤੂ ਵਿੱਚ ਵੜਿਆ ਅਤੇ ਭਿਖਸ਼ੂਆਂ ਦੇ ਨਿਯਮ ਅਨੁਸਾਰ ਭਿਕਸ਼ਾ ਮੰਗਣੀ ਆਰੰਭ ਦਿੱਤੀ। ਜਦੋਂ ਮਹਾਰਾਜਾ ਸੁਧੋਦਨ ਨੂੰ ਇਹ ਖਬਰ ਪਹੁੰਚੀ ਤਾਂ ਉਸ ਨੇ ਇਹ ਰਾਜ ਘਰਾਣੇ ਦਾ ਅਪਮਾਨ ਸਮਝਿਆ ਕਿ ਰਾਜਕੁਮਾਰ ਗਲੀਆਂ ਵਿੱਚ ਭਿਖਿਆ ਮੰਗਦਾ ਫਿਰੇ। ਕ੍ਰੋਧ-ਯੁਕਤ ਤੇ ਲੱਜਜਾ-ਯੁਕਤ ਹੋ ਕੇ ਉੱਥੇ ਪੁਜਾ ਜਿਥੇ ਕਿ ਗੌਤਮ ਬੁੱਧ ਭਿਖਸ਼ਾ ਮੰਗ ਰਿਹਾ ਸੀ, ਤੇ ਆਖਿਆ : "ਮਾਨ ਯੋਗ ਬੁੱਧ, ਇਹ ਕੀ ਕਰ ਰਹੇ ਹੋ। ਕਿਉਂ ਰਾਜ ਘਰਾਣੇ ਦੇ ਮਾਨ ਨੂੰ ਮਿੱਟੀ ਵਿੱਚ ਮਿਲਾ ਰਹੇ ਹੋ। ਕੀ ਮੈਂ ਤੁਹਾਨੂੰ ਤੇ ਤੁਹਾਡੇ ਚੇਲਿਆਂ ਨੂੰ ਇੱਕ ਡੰਗ ਦੀ ਰੋਟੀ ਵੀ ਖੁਆਉਣ ਜੋਗਾ ਨਹੀਂ ?" ਗੌਤਮ ਬੁੱਧ ਨੇ ਨਿਮ੍ਰਤਾ ਨਾਲ ਉੱਤਰ ਦਿੱਤਾ : "ਭਿਖਸ਼ਾ ਮੰਗਣਾ ਮੇਰੀ ਕੁਲਾਰੀਤ ਹੈ।" ਰਾਜਾ ਸੁਧੋਦਨ ਨੇ ਕ੍ਰੋਧ ਭਰੇ ਅਚੰਭੇ ਨਾਲ ਪੁੱਛਿਆ : "ਭਿਖਸ਼ਾ ਮੰਗਣਾ ਤੇਰੀ ਕੁਲਾਰੀਤ ਹੈ! ਤੇਰਾ ਪਿਤਾ, ਤੇਰਾ ਪਿਤਾਮਾ ਸੱਤਰਾਂ ਕੁੱਲਾਂ ਤੋਂ ਲੈਕੇ ਰਾਜ ਸਿੰਘਾਸਨ ਉੱਤੇ ਬਿਰਾਜਮਾਨ ਰਹੇ ਹਨ। ਭਿਖਸ਼ਾ ਮੰਗਣਾ ਸਾਡੀ ਕੁਲ ਦੀ ਰੀਤ ਕਦੋਂ ਤੋਂ ਹੋ ਗਈ?" ਗੌਤਮ ਬੁੱਧ ਨੇ ਸਨਿਮ੍ਰ ਉੱਤਰ ਦਿੱਤਾ : "ਪੂਜਯ ਪਿਤਾ, ਤੁਸੀਂ ਰਾਜ ਕੁਲ ਕਸ਼ੱਤ੍ਰੀ ਹੋ, ਤੇ ਸਿੰਘਾਸਨ ਉੱਤੇ ਬਿਰਾਜਮਾਨ ਹੋਣਾ ਤੁਹਾਡੀ ਪਰੰਪਰਾ ਤੇ ਅਧਿਕਾਰ ਹੈ। ਮੈਂ ਬੁੱਧ, ਬੁੱਧਾਂ ਦੀ ਕੁਲ ਵਿੱਚੋਂ ਹਾਂ, ਅਤੇ ਭਿਖਸ਼ਾ ਮੰਗਣਾ ਅਸਾਡਾ ਧਰਮ ਹੈ। ਇਹ ਧਰਮ ਤਿੰਨ ਕਾਲ ਸਦਾ ਲਈ ਸੁਖਦਾਈ ਹੈ। ਪਰ ਸੁਣੋ, ਜਦ ਕਿਸੇ ਨੂੰ ਕੋਈ ਧਨ, ਖਜ਼ਾਨਾ ਲੱਭ ਪਵੇ ਤਾਂ ਉਸ ਦਾ ਧਰਮ ਹੈ ਕਿ ਉਸ ਨੂੰ ਆਪਣੇ ਮਾਤਾ-ਪਿਤਾ, ਮਿੱਤ੍ਰਾਂ ਸੰਬੰਧੀਆਂ ਨਾਲ ਵੰਡ ਖਾਵੇ। ਮੈਂ ਵੀ ਧਰਮ ਦਾ ਖਜ਼ਾਨਾ ਲਧਾ ਹੈ। ਆਉ ਤੁਹਾਨੂੰ ਧਰਮ ਉਪਦੇਸ਼ ਦਿਆਂ।" ਗੌਤਮ ਬੁੱਧ ਦਾ ਪਿਤਾ ਨਿਰੁਤਰ ਹੋ ਗਿਆ ਅਤੇ

ਉਸ ਦੀ ਭਿਖਸ਼ਾ ਮੰਗਣ ਵਾਲੀ ਚਿੱਪੀ ਆਪਣੇ ਹੱਥ ਵਿੱਚ ਫੜ ਲਈ ਅਤੇ ਉਸ ਨੂੰ ਮਹਿਲਾਂ ਵਿੱਚ ਲੈ ਗਿਆ।

ਗੌਤਮ ਬੁੱਧ ਦੇ ਕਪਲ ਵਸਤੂ ਮੁੜ ਆਉਣ ਵੇਲੇ ਗੌਤਮ ਨੂੰ ਬੋਧੀ ਗਿਆਨ ਦੀ ਪ੍ਰਾਪਤੀ ਹੋਇਆਂ ਕੁਝ ਵਰ੍ਹਾ ਬੀਤ ਚੁੱਕਾ ਸੀ। ਗੌਤਮ ਬੁੱਧ ਦੀ ਜੀਵਣੀ, ਇਸ ਸਮੇਂ ਤੱਕ ਤਾਂ ਬੋਧੀਆਂ ਦੀਆਂ ਧਰਮ ਸਾਖੀਆਂ ਤੇ ਧਰਮ ਗ੍ਰੰਥਾਂ ਵਿੱਚ ਸਪਸ਼ਟ ਵਰਨਣ ਕੀਤੀ ਹੋਈ ਹੈ। ਪਰ ਗੌਤਮ ਬੁੱਧ ਦੇ ਜੀਵਨ ਦਾ ਜੋ ਵਿਸਥਾਰ, ਕਪਲਵਸਤੂ ਵਿੱਚ ਮੁੜ ਆਉਣ ਤੋਂ ਪਿਛਲੇਰੇ ਸਮੇਂ ਦਾ ਸਾਖੀਆਂ ਤੇ ਧਰਮ ਗ੍ਰੰਥਾਂ ਵਿੱਚ ਮਿਲਦਾ ਹੈ, ਉਸ ਦਾ ਸਮੇਂ ਵਾਰ ਸਿਲਸਿਲਾ, ਉੱਕਾ ਅਸਪੱਸ਼ਟ ਹੈ। ਅਨੇਕਾਂ ਸਾਖੀਆਂ ਗੌਤਮ ਬੁੱਧ ਦੇ ਜੀਵਨ ਦੀਆਂ ਅੰਕਤ ਹੋਈਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਦਸਿਆ ਹੋਇਆ ਹੈ ਕਿ ਗੌਤਮ ਬੁੱਧ ਨੇ ਕਿਸ ਅਸਥਾਨ ਉੱਤੇ, ਕੀ ਉਪਦੇਸ਼ ਦਿੱਤਾ ਪਰ ਇਹ ਸਪੱਸ਼ਟ ਨਹੀਂ ਕੀਤਾ ਹੋਇਆ ਜੁ ਇਹ ਘਟਨਾ ਕਿਸ ਸਮੇਂ ਹੋਈ। ਇਹ ਸਾਖੀਆਂ ਅਤੇ ਉਪਦੇਸ਼ ਪਾਲੀ ਅਤੇ ਸੰਸਕ੍ਰਿਤ ਦੇ ਧਰਮ ਗ੍ਰੰਥਾਂ ਵਿੱਚ ਲਿਖੇ ਹਨ ਅਤੇ ਬੜੇ ਗੌਰਵਮਈ ਤੇ ਮਨੋਰੰਜਕ ਹਨ। ਇਹਨਾਂ ਗ੍ਰੰਥਾਂ ਵਿੱਚੋਂ ਪਾਲੀ ਦਾ ਗ੍ਰੰਥ, 'ਇਤਿਵ੍ਰਤਕ', ਅਤੇ ਸੰਸਕ੍ਰਿਤ ਦਾ ਗ੍ਰੰਥ, 'ਲਲਿਤ ਵਿਸਤਾਰ' ਬਹੁਤ ਪ੍ਰਸਿੱਧ ਹਨ। ਇਹਨਾਂ ਅਨੇਕ ਸਾਖੀਆਂ ਵਿੱਚੋਂ ਵਨਗੀ ਮਾਤਰ, ਇੱਕ ਦੋ ਸਾਖੀਆਂ ਹੇਠਾਂ ਦਿੰਦੇ ਹਾਂ।

ਕਿਸ਼ਾ ਗੌਤਮੀ ਅਜੇ ਛੋਟੀ ਉਮਰ ਦੀ ਯੁਵਤੀ ਸੀ, ਜੁ ਉਸ ਦਾ ਵਿਆਹ ਹੋਇਆ ਅਤੇ ਉਸ ਨੂੰ ਇਕ ਬਾਲ ਜਨਮਿਆ। ਉਹ ਬੱਚਾ ਅਜੇ ਵਰ੍ਹੇ ਦਾ ਵੀ ਨਹੀਂ ਸੀ ਹੋਇਆ, ਕਿ ਕਿਸੇ ਰੋਗ ਨਾਲ ਉਸ ਦੀ ਮ੍ਰਿਤੂ ਹੋ ਗਈ। ਕਿਸ਼ਾ ਗੌਤਮੀ ਨੂੰ ਭਾਰਾ ਸਦਮਾ ਅਪਣੇ ਪਲੇਠੀ ਦੇ ਪੁਤ੍ਰ ਦੀ ਮ੍ਰਿਤੂ ਦਾ ਪਹੁੰਚਾ। ਉਸ ਦਾ ਦਮਾਗ਼ ਹਿਲ ਗਿਆ। ਮ੍ਰਿਤੂ ਬਾਲਕ ਨੂੰ ਕੁਛੜ ਚੁੱਕੀ ਫਿਰੇ, ਤੇ ਲੋਕਾਂ ਨੂੰ ਪੁੱਛਦੀ ਫਿਰੇ : "ਕਿਉਂ ਜੀ, ਕੋਈ ਦਵਾਈ ਹੈ, ਜਿਸ ਨਾਲ ਮੇਰਾ ਪੁੱਤਰ ਫੇਰ ਨੌ ਬਰ ਨੌ ਹੋ ਜਾਵੇ ?" ਲੋਕੀਂ ਦੇਖਣ ਤੇ ਸਿਰ ਹਿਲਾ ਕੇ ਅੱਗੇ ਚਲੇ ਜਾਣ। ਕਿਸ਼ਾ ਗੌਤਮੀ ਨੇ ਇੱਕ ਭਿਖਸ਼ੂ ਕੋਲ ਵੀ ਏਹੋ ਪ੍ਰਸ਼ਨ ਕੀਤਾ। ਭਿਖਸ਼ੂ ਨੇ ਸਭ ਗੱਲ ਸਮਝੀ ਤੇ ਕਿਸ਼ਾ ਗੌਤਮੀ ਨੂੰ ਕਿਹਾ : "ਭੈਣ, ਮੇਰੇ ਕੋਲ ਤਾਂ ਇਸ ਰੋਗ ਦਾ ਉਪਾਇ ਕੋਈ ਹੈ ਨਹੀਂ, ਪਰ ਫਲਾਣੇ ਨਗਰ ਵਿੱਚ ਅੰਬਾਂ ਦੇ ਝੁੰਡ ਵਿੱਚ ਇਕ ਮਹਾਤਮਾ ਉੱਤਰੇ ਹੋਏ ਹਨ। ਉਹ ਬੜੇ ਸਿਆਣੇ ਵੈਦ ਹਨ। ਉਹਨਾਂ ਕੋਲ ਜਾਹ।" ਕਿਸ਼ਾ ਗੌਤਮੀ ਇਉਂ ਗੌਤਮ ਬੁੱਧ ਕੋਲ ਪੁੱਜੀ ਤੇ ਸਾਰੀ ਵਿਥਿਆ ਆਖੀ। ਗੌਤਮ ਬੁੱਧ ਨੇ ਕਿਹਾ, "ਹਾਂ ਬੇਟੀ, ਮੈਂ ਇਸ ਰੋਗ ਦਾ ਇਲਾਜ ਕਰਾਂਗਾ। ਤੂੰ ਦਵਾਈ ਤਿਆਰ ਕਰਨ ਲਈ ਇਕ ਤੋਲਾ

ਸਰ੍ਹੋਂ ਦੇ ਦਾਣੇ ਲੈ ਆ?" ਜਦੋਂ ਕਿਸ਼ਾ ਗੌਤਮੀ ਲੈਣ ਲਈ ਤੁਰਨ ਲੱਗੀ ਤਾਂ ਗੌਤਮ ਬੁੱਧ ਨੇ ਕਿਹਾ : "ਦੇਖੀਂ ਸਰੋਂ ਦੇ ਦਾਣੇ ਅਜੇਹੇ ਘਰੋਂ ਲਿਆਵੀਂ ਜਿਥੇ ਕੋਈ ਮੌਤ ਨਾ ਹੋਈ ਹੋਵੇ।" ਕਿਸ਼ਾ ਗੌਤਮੀ ਇਸ ਰਹੱਸਯ ਨੂੰ ਨਾ ਸਮਝੀ ਤੇ ਨਗਰ ਵਿੱਚ ਜਾ ਕੇ, ਇੱਕ ਘਰੋਂ ਇਕ ਤੋਲਾ ਸਰ੍ਹੋਂ ਦੇ ਦਾਣੇ ਆਪਣੇ ਰੋਗੀ ਪੁੱਤਰ ਦੀ ਦਵਾਈ ਬਨਾਉਣ ਲਈ ਮੰਗੇ। ਘਰ ਵਾਲਿਆਂ ਝੱਟ ਸਰ੍ਹੋਂ ਦੇ ਦਾਣੇ ਦਿੱਤੇ। ਤਦ ਕਿਸ਼ਾ ਗੌਤਮੀ ਨੇ ਪੁੱਛਿਆ : "ਕਿਉਂ ਜੀ, ਤੁਹਾਡੇ ਘਰ ਕੋਈ ਮੌਤ ਤਾਂ ਨਹੀਂ ਹੋਈ?" ਅਗੋਂ ਉੱਤਰ ਮਿਲਿਆ, "ਅਜੇ ਤਾਂ ਮਹੀਨਾ ਨਹੀਂ ਹੋਇਆ ਕਿ ਦੋ ਮੌਤਾਂ ਉਪਰਥਲੀ ਇਸ ਘਰ ਵਿੱਚ ਹੋ ਚੁੱਕੀਆਂ ਹਨ।" ਤਦ ਕਿਸ਼ਾ ਗੌਤਮੀ ਅਗਲੇ ਘਰ ਗਈ ਅਤੇ ਉਥੇ ਵੀ ਉਹੋ ਪ੍ਰਸ਼ਨ ਕੀਤਾ। ਉੱਤਰ ਮਿਲਿਆ। "ਭੋਲੀਏ, ਇਹ ਗੱਲ ਤੂੰ ਕੀ ਪੁੱਛੀ ! ਜੋ ਮਰ ਗਏ ਉਹ ਬਹੁਤੇ ਹਨ। ਪਿੱਛੇ ਜੀਉਂਦੇ ਰਹਿਣ ਵਾਲੇ ਥੋਹੜੇ।" ਇਉਂ ਕਿਸ਼ਾ ਗੌਤਮੀ ਘਰ-ਘਰ ਇੱਕ ਤੋਲਾ ਸਰ੍ਹੋਂ ਦੇ ਦਾਣੇ ਮੰਗਦੀ ਫਿਰੀ, ਪਰ ਕੋਈ ਅਜੇਹਾ ਦਰ ਘਰ ਨਾ ਲੱਭਾ ਜਿਥੇ ਕਦੇ ਕੋਈ ਮੌਤ ਨਾ ਹੋਈ ਹੋਵੇ। ਬੇਆਸ ਹੋ ਕੇ ਗੌਤਮ ਬੁੱਧ ਕੋਲ ਪਰਤ ਆਈ ਤੇ ਆ ਕੇ ਸਭ ਹਾਲ ਕਹਿ ਸੁਣਾਇਆ। ਗੌਤਮ ਬੁੱਧ ਨੇ ਕਰੁਣਾ ਭਰੇ ਬਚਨ ਕੀਤੇ : "ਪੁਤ੍ਰੀ, ਸਭ ਸੰਸਾਰ ਦੀ ਏਹੋ ਗਤੀ ਹੈ ਜੋ ਤੂੰ ਸੁਣ ਆਈ ਹੈਂ। ਜੋ ਜਨਮਿਆ ਹੈ, ਉਸ ਮਰਨਾ ਹੈ। ਕੋਈ ਕੁਲ, ਕੋਈ ਘਰ ਅਜੇਹਾ ਨਹੀਂ ਜਿਥੇ ਸੰਬੰਧੀਆਂ ਪਿਆਰਿਆਂ ਦਾ ਵਿਛੋੜਾ ਮੌਤ ਕਰਕੇ ਨਹੀਂ ਹੋਇਆ। ਤਾਂ ਤੇ ਆਪਣੇ ਪੁੱਤਰ ਦੀ ਮ੍ਰਿਤੂ ਦਾ ਸ਼ੋਕ ਤਿਆਗ।' ਇਉਂ ਆਖਿਆ ਤੇ ਫੇਰ ਕਿਸ਼ਾ ਗੌਤਮੀ ਨੂੰ ਧਰਮ ਦਾ ਉਪਦੇਸ਼ ਦਿੱਤਾ। ਕਿਸ਼ਾ ਗੌਤਮੀ ਦੀ ਬੁੱਧੀ ਪ੍ਰਕਾਸ਼ ਹੋ ਆਈ ਅਤੇ ਉਹ ਜੀਵਨ ਮੌਤ ਦੇ ਤਾਤਪ੍ਰਜ ਨੂੰ ਸਮਝਣ ਲਗ ਪਈ। ਕਿਸ਼ਾ ਗੌਤਮੀ ਬੁੱਧ ਦੀ ਆਗਿਆ ਪਾ ਕੇ ਭਿਖਸ਼ੁਣੀ ਬਣ ਗਈ।

ਇਕ ਵਾਰੀ ਦੀ ਗੱਲ ਹੈ ਜੁ ਸੂਨਪ੍ਰਾਂਤ ਦਾ ਇਕ ਧਨੀ ਸਾਹੂਕਾਰ ਸਭ ਕੁਝ ਤਿਆਗ ਕੇ ਭਿਖਸ਼ੂ ਬਣ ਗਿਆ। ਉਸ ਨੂੰ ਆਗਿਆ ਹੋਈ ਕਿ ਆਪਣੇ ਨਗਰ ਅਤੇ ਆਪਣੇ ਸਾਕ ਸੰਬੰਧੀਆਂ ਵਿੱਚ ਜਾ ਕੇ ਧਰਮ ਦਾ ਪ੍ਰਚਾਰ ਕਰੇ। ਉਸ ਨੇ ਬੇਨਤੀ ਕੀਤੀ : "ਮਹਾਰਾਜ ਮੇਰੇ ਨਗਰਵਾਸੀ ਅਤੇ ਸਾਕ ਸੰਬੰਧੀ ਬੜੇ ਕਰੂਰ ਤੇ ਮਾਰਖੋਰੇ ਹਨ।" ਗੌਤਮ ਬੁੱਧ ਨੇ ਉਸ ਕੋਲੋਂ ਪੁੱਛਿਆ : "ਜੇ ਉਹ ਤੈਨੂੰ ਮੰਦਾ ਬੋਲਣ ਤਾਂ ਕੀ ਉੱਤਰ ਦੇਵੇਂਗਾ ?" ਭਿਖਸ਼ੂ ਨੇ ਕਿਹਾ : "ਮੈਂ ਕੋਈ ਉੱਤਰ ਨਹੀਂ ਦਿਆਂਗਾ।" ਗੌਤਮ ਨੇ ਫੇਰ ਕਿਹਾ : "ਜੇ ਉਹ ਤੈਨੂੰ ਮਾਰਨ ਤਾਂ ?" ਭਿਖਸ਼ੂ ਨੇ ਕਿਹਾ : "ਮੈਂ ਸ਼ਾਂਤਮਈ ਰਹਾਂਗਾ।" ਗੌਤਮ ਬੁੱਧ ਨੇ ਫੇਰ ਪੁੱਛਿਆ : "ਜੇ ਉਹ ਤੈਨੂੰ ਕਤਲ ਕਰਨ ਲੱਗਣ ?" ਭਿਖਸ਼ੂ ਨੇ ਕਿਹਾ : "ਮਹਾਰਾਜ, ਜੀਵਨ, ਮ੍ਰਿਤੂ ਭਿਖਸ਼ੂ

ਲਈ ਇੱਕੋ ਸਮਾਨ ਹਨ। ਮੇਰੇ ਮਨ ਵਿੱਚ ਨਾ ਹੀ ਜੀਵਤ ਰਹਿਣ ਦੀ ਅਤੇ ਨਾ ਹੀ ਮਰਨ ਦੀ ਇੱਛਾ ਹੈ।" ਇਹ ਉੱਤਰ ਸੁਣ ਕੇ ਗੌਤਮ ਬੁੱਧ ਪ੍ਰਸੰਨ ਹੋਏ ਤੇ ਆਖਿਆ। "ਹੇ ਭਿਖਸ਼ੂ, ਤੂੰ ਧਰਮ ਦਾ ਤਤ੍ਵ ਬੁਝ ਲਿਆ ਹੈ: ਜਾਹ, ਜਾ ਕੇ ਧਰਮ ਦਾ ਪ੍ਰਚਾਰ ਕਰ।"

ਅਜੇਹੇ ਉਪਦੇਸ਼ ਗੌਤਮ ਬੁੱਧ ਦੀਆਂ ਕਈ ਦਰਜਨਾਂ ਸਾਖੀਆਂ ਵਿੱਚ ਅੰਕਤ ਹਨ। ਇਹਨਾਂ ਉਪਦੇਸ਼ਾਂ ਦਾ ਅਜੇਹਾ ਡੂੰਘਾ ਪ੍ਰਭਾਵ ਲੋਕਾਂ ਦੇ ਮਨਾਂ ਉੱਤੇ ਪਿਆ ਕਿ ਸੈਂਕੜੇ ਵਰ੍ਹਿਆਂ ਤੱਕ, ਲੱਖਾਂ ਕਰੋੜਾਂ ਨਰ ਨਾਰੀ, ਇਹਨਾਂ ਉਪਦੇਸ਼ਾਂ ਦੇ ਸਾਂਚੇ ਵਿੱਚ ਆਪਣਾ ਜੀਵਨ ਢਾਲਦੇ ਰਹੇ। ਕਹਿੰਦੇ ਹਨ ਕਿ ਗਿਆਰ੍ਹਵੀਂ ਸਦੀ ਈਸਵੀ ਵਿੱਚ ਜਦੋਂ ਬਖ਼ਤਿਆਰ ਖਿਲਜੀ ਨੇ ਦੋ ਤਿੰਨ ਸੌ ਘੋੜ ਚੜ੍ਹੇ ਮੁਸਲਮਾਨਾਂ ਨਾਲ ਮੱਧਭਾਰਤ ਅਤੇ ਬਿਹਾਰ ਤਕ ਲੁੱਟ ਮਾਰ ਤੇ ਕਤਲ ਖ਼ੂਨ ਕੀਤਾ ਤਾਂ ਉਸ ਨੇ ਨਾਲੰਦਾ ਦਾ ਹਜ਼ਾਰ ਵਰ੍ਹੇ ਪੁਰਾਣਾਂ, ਜਗਤ-ਪ੍ਰਸਿੱਧ ਵਿਸ਼ਵ ਵਿਦਿਆਲਾ, ਜਿਸ ਵਿੱਚ ਕਿ ਵੀਹ ਲੱਖ ਹਸਤ ਲਿਖਤ ਪੁਸਤਕਾਂ ਸਨ ਤੇ ਦਸ ਹਜ਼ਾਰ ਵਿਦਿਆਰਥੀ ਅਤੇ ਇਕ ਹਜ਼ਾਰ ਮਹਾਨ ਵਿਦਵਾਨ ਪੜ੍ਹਾਉਣ ਵਾਲੇ ਪੰਡਿਤ ਰਹਿੰਦੇ ਸਨ, ਅਗਨੀ ਭੇਟ ਕਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਕਤਲ ਕਰ ਦਿੱਤਾ। ਪੜ੍ਹਾਉਣ ਵਾਲੇ ਅਧਿਆਪਕ ਭਿਖਸ਼ੂ ਪੰਡਿਤਾਂ ਨੂੰ ਪਕੜ ਕੇ ਬੇੜੀਆਂ ਵਿੱਚ ਚਾੜ੍ਹ ਕੇ ਗੰਗਾ ਨਦੀ ਵਿੱਚ ਡੋਬ ਦਿੱਤਾ, ਤਾਂ ਦੱਸਦੇ ਹਨ, ਕਿ ਕਿਸੇ ਭਿਖਸ਼ੂ ਨੇ ਆਪਣੇ ਬਚਾ ਲਈ ਉਂਗਲੀ ਤੱਕ ਵੀ ਨਾ ਹਿਲਾਈ ਤੇ ਬੋਧੀ ਸੰਘ ਵਿੱਚ ਪ੍ਰਵੇਸ਼ ਹੋਣ ਸਮੇਂ, ਜੋ ਗੁਰਮੰਤ੍ਰ ਦੱਸਿਆ ਜਾਂਦਾ ਹੈ :

"ਬੁੱਧਮ ਸ਼ਰਨਮ ਗੱਛਮਿ।
ਧੱਮਮ ਸ਼ਰਨਮ ਗੱਛਮਿ।
ਸੰਘਮ ਸ਼ਰਨਮ ਗੱਛਮਿ।

ਇਹ ਗੁਰਮੰਤ੍ਰ ਪੜ੍ਹਦੇ ਰਹੇ ਅਤੇ ਬਿਨਾਂ ਹੱਥ ਪੈਰ ਹਿਲਾਏ ਦੇ ਨਦੀ ਵਿੱਚ ਡੁਬ ਮੋਏ।

ਇਉਂ ਦੇਸ਼ ਵਿੱਚ ਭ੍ਰਮਣ ਕਰਦਿਆਂ ਅਤੇ ਧਰਮ ਪ੍ਰਚਾਰ ਕਰਦਿਆਂ ਕਰਵਾਉਂਦਿਆਂ, ਗੌਤਮ ਬੁੱਧ ਨੇ ਪੰਜਤਾਲੀ ਵਰ੍ਹੇ ਬਿਤਾਏ। ਇਹਨਾਂ ਵਰ੍ਹਿਆਂ ਵਿਚ ਹੀ, ਗੌਤਮ ਦਾ ਚਾਚੇ ਦਾ ਪੁਤ੍ਰ ਭਰਾ, ਆਨੰਦ, ਭਿਖਸ਼ੂ ਬਣਿਆ ਅਤੇ ਪੂਰੇ ਪੰਦਰਾਂ ਸਾਲ, ਗੌਤਮ ਬੁੱਧ ਦੇ ਦੇਹਾਂਤ ਹੋਣ ਤੱਕ ਸਦਾ ਗੌਤਮ ਬੁੱਧ ਦੇ ਨਾਲ ਰਿਹਾ। ਅਤੇ ਬੜੀ ਪਰੇਮਾ ਭਗਤੀ ਨਾਲ ਗੌਤਮ ਬੁੱਧ ਦੀ ਸੇਵਾ ਕਰਦਾ ਰਿਹਾ। ਇਹਨਾਂ ਦਿਨਾਂ ਵਿੱਚ ਹੀ ਇੱਕ ਹੋਰ ਚਚੇਰਾ ਭਾਈ, ਦੇਵਦੱਤ, ਭਿਖਸ਼ੂ ਬਣਿਆ

ਪਰ ਉਹ ਗੌਤਮ ਬੁੱਧ ਨਾਲ ਬੜਾ ਭਾਰੀ ਸ਼ਰੀਕਾ ਤੇ ਈਰਖਾ ਕਰਨ ਲੱਗਾ ਅਤੇ ਬੜੇ ਜਤਨ ਉਸ ਨੇ ਗੌਤਮ ਬੁੱਧ ਦੀ ਨਿੰਦਾ ਅਤੇ ਸੰਘ ਦੀ ਹਾਨੀ ਕਰਨ ਦੇ ਕੀਤੇ। ਰਾਜਗ੍ਰਹਿ ਦਾ ਮਹਾਰਾਜਾ ਬਿੰਬਸਾਰ, ਜੋ ਕਿ ਗੌਤਮ ਬੁੱਧ ਨਾਲ ਸ਼ਰਧਾ ਭਗਤੀ ਰੱਖਦਾ ਸੀ, ਉਹ ਮਰ ਚੁੱਕਾ ਸੀ ਅਤੇ ਉਸਦਾ ਪੁੱਤ੍ਰ, ਅਜਾਤਸ਼ਤ੍ਰੂ ਰਾਜ ਸਿੰਘਾਸਨ ਉੱਤੇ ਬੈਠ ਗਿਆ ਸੀ। ਦੇਵਦੱਤ ਨੇ ਅਜਾਤਸ਼ਤ੍ਰੂ ਨੂੰ ਗੌਤਮ ਬੁੱਧ ਅਤੇ ਉਸ ਦੇ ਸੰਘ ਦੇ ਵਿਰੁੱਧ ਬੜਾ ਭੜਕਾਇਆ ਅਤੇ ਰਾਜ ਸ਼ਕਤੀ ਤੇ ਰਾਜ ਕਰਮਚਾਰੀਆਂ ਦੀ ਸਹਾਇਤਾ ਨਾਲ ਗੌਤਮ ਬੁੱਧ ਦੇ ਸਰੀਰ, ਗੌਤਮ ਬੁੱਧ ਦੀ ਕੀਰਤੀ, ਅਤੇ ਉਸ ਦੇ ਸੰਘ ਦੀ ਹਾਨੀ ਕਰਨ ਦਾ ਜਤਨ ਕੀਤਾ। ਗੌਤਮ ਬੁੱਧ ਦੇ ਜੀਵਨ ਦੀਆਂ ਇਹ ਘਟਨਾਵਾਂ ਪੜ੍ਹੀਦੀਆਂ ਹਨ ਤਾਂ ਸਿੱਖ ਗੁਰੂਆਂ ਦੀਆਂ ਜੀਵਨ ਘਟਨਾਵਾਂ, ਵਿਸ਼ੇਸ਼ ਕਰਕੇ ਗੁਰੂ ਅਰਜਨ ਦੀ ਸ਼ਹੀਦੀ ਅਤੇ ਪ੍ਰਿਥੀ ਚੰਦ ਅਤੇ ਧੀਰਮੱਲ ਦੇ ਕੁਟਲ ਕਰਮ ਆਪ ਹੁਦਰੇ ਅੱਖਾਂ ਅੱਗੇ ਆ ਜਾਂਦੇ ਹਨ ਅਤੇ ਅਚੰਭਤ ਹੋਈਦਾ ਹੈ, ਕਿ ਤਵਾਰੀਖ ਕਿਵੇਂ ਕਿਸੇ ਵਚਿੱਤ੍ਰ ਤੇ ਗੁਪਤ ਸ਼ਕਤੀ ਦੇ ਅਧੀਨ ਹੋ ਕੇ ਪੁਰਾਣੀਆਂ ਬੀਤ ਚੁੱਕੀਆਂ ਘਟਨਾਵਾਂ ਸਮਾਂ ਪਾ ਕੇ ਮੁੜ ਵਰਤਾ ਦਿੰਦੀ ਹੈ।

ਗੌਤਮ ਬੁੱਧ ਦੀ ਮ੍ਰਿਤੂ ਤੋਂ ਪਹਿਲੇ ਪੰਜਾਂ ਛੇਆਂ ਦਿਨਾਂ ਦੇ ਵਾਕਿਆਤ ਬੜੇ ਵਿਸਥਾਰ ਨਾਲ ਅੰਕਤ ਹੋਏ ਹੋਏ ਸਾਡੇ ਤੱਕ ਪੁਜੇ ਹਨ। ਬਨਾਰਸ ਤੋਂ ਉੱਤਰ-ਪੂਰਬ ਵਲ, ਇੱਕ ਸੌ ਵੀਹ ਕੋਹਾਂ ਦੀ ਵਿੱਥ ਉੱਤੇ ਅਤੇ ਕਪਲਵਸਤੂ ਤੋਂ ਕੋਈ ਅੱਸੀ ਮੀਲ ਪੂਰਬ ਦੀ ਗੁੱਠੇ, ਕੁਸ਼ਿਨਾਰ ਨਾਮੀ ਨਗਰ ਵਸਦਾ ਸੀ। ਉਸ ਦੇ ਕੋਲ ਇਕ ਪਿੰਡ, ਪਾਵਾ ਨਾਮੀ ਵਿੱਚ ਇਕ ਚੁੰਡ ਨਾਮੀ ਸੁਨਿਆਰਾ ਰਹਿੰਦਾ ਸੀ, ਜਿਸ ਨੇ ਕਿ ਇੱਕ ਅੰਬਾਂ ਦੇ ਝੁੰਡ ਵਿੱਚ ਕੁਟੀਆ ਬਣਾ ਕੇ ਸੰਘ ਨੂੰ ਦਾਨ ਕੀਤਾ ਹੋਇਆ ਸੀ। ਗੌਤਮ ਬੁੱਧ ਦੀ ਆਯੂ ਇਸ ਸਮੇਂ ਅੱਸੀਆਂ ਵਰ੍ਹਿਆਂ ਦੀ ਸੀ, ਜਦੋਂ ਉਹ ਚੁਮਾਸਾ ਕੱਟਣ ਦੇ ਖਿਆਲ ਨਾਲ ਇਸ ਕੁਟੀਆ ਵਿੱਚ ਆ ਟਿਕੇ ਤੇ ਚੁੰਡ ਨੇ ਗੌਤਮ ਬੁੱਧ ਅਤੇ ਉਸ ਦੇ ਚੇਲਿਆਂ ਨੂੰ ਦੂਜੇ ਦਿਨ ਰੋਟੀ ਖਾਣ ਲਈ ਨਿਉਂਦਾ ਦਿੱਤਾ। ਲਿਖਿਆ ਹੈ ਕਿ ਚੁੰਡ ਨੇ 'ਮਧੁਸ਼ੂਕ੍ਰ' ਭੋਜਨ ਕਰਨ ਲਈ ਦਿੱਤਾ। ਇਹ 'ਮਧੁਸ਼ੂਕ੍ਰ' ਸ਼ਹਿਦ ਵਿੱਚ ਪਾਇਆ ਹੋਇਆ ਸੂਰ ਦੇ ਮਾਸ ਦਾ ਮੁਰੱਬਾ ਸੀ ਜਾਂ ਕੋਈ ਹੋਰ ਭੋਜਨ, ਇਸ ਬਾਰੇ ਮੱਤ ਭੇਦ ਹਨ, ਪਰ ਇਹ ਭੋਜਨ ਖਾ ਕੇ ਗੌਤਮ ਬੁੱਧ ਨੂੰ ਮਰੋੜ ਲੱਗ ਗਏ। ਪਾਵਾ ਪਿੰਡ ਤੇ ਕੁਸ਼ਿਨਾਰਾ ਨਗਰ ਦੇ ਵਿਚਕਾਰ ਇੱਕ ਨਦੀ, ਕੁਕੱਸ਼ਟਾ ਨਾਮੇ ਵਗਦੀ ਸੀ। ਜਦ ਇਸ ਨਦੀ ਉੱਤੇ ਗੌਤਮ ਬੁੱਧ ਪੁੱਜਾ ਤਾਂ ਉਸ ਨੂੰ ਬਹੁਤ ਤਰੇਹ ਲੱਗੀ ਤੇ ਫੇਰ ਮਰੋੜ ਲੱਗ ਗਏ। ਇੱਥੇ ਗੌਤਮ ਬੁੱਧ ਨੇ ਇਸ਼ਨਾਨ ਕੀਤਾ। ਇਹ ਉਸ ਦਾ ਅੰਤਮ ਇਸ਼ਨਾਨ ਸੀ। ਗੌਤਮ ਬੁੱਧ ਨੇ ਦੇਖ ਲਿਆ ਕਿ ਉਸ

ਦਾ ਅੰਤਮ ਸਮਾਂ ਨੇੜੇ ਆ ਗਿਆ ਹੈ ਤੇ ਇਹ ਵਿਚਾਰ ਕੇ ਜੁ ਕੋਈ ਚੁੰਡ ਉੱਤੇ ਦੋਸ਼ ਨਾ ਧਰੇ, ਆਨੰਦ ਨੂੰ ਆਖਿਆ, 'ਜਿਸ ਵੇਲੇ ਅਸੀਂ ਸੰਸਾਰ ਤਿਆਗ ਜਾਈਏ ਤਾਂ ਚੁੰਡ ਨੂੰ ਕਹਿਣਾ ਕਿ ਜੋ ਉਸ ਦਾ ਅੰਤਮ ਬਾਰ ਦਾ ਭੋਜਨ ਅਸਾਂ ਛਕਿਆ ਹੈ ਉਸ ਦਾ ਮਹਾਨ ਸ਼ੁਭ ਫਲ ਚੁੰਡ ਨੂੰ ਕਿਸੇ ਅਗਲੇ ਜਨਮ ਵਿੱਚ ਮਿਲੇਗਾ ! ਜੇ ਉਹ ਕੋਈ ਸੰਦੇਹ ਕਰੇ, ਤਾਂ ਹੇ ਅਨੰਦ, ਤੂੰ ਉਸ ਨੂੰ ਕਹੀਂ ਕਿ ਮੈਂ ਇਹ ਬਚਨ ਆਪ ਤਥਾਗਤ (ਭਾਵ, ਗੌਤਮ ਬੁੱਧ) ਕੋਲੋਂ ਸ਼੍ਰਵਣ ਕੀਤੇ ਹਨ। ਹੇ ਆਨੰਦ, ਦੋ ਦਾਨ ਮਹਾਂਦਾਨ ਜਾਣੋ। ਇਕ ਉਹ ਭੋਜਨ ਜੋ ਸੁਜਾਤ ਨੇ ਪਿੱਪਲ ਦੇ ਬਿਰਛ ਹੇਠਾਂ ਅਸਾਨੂੰ ਛਕਾਇਆ ਤੇ ਦੂਜਾ ਉਹ ਭੋਜਨ ਜੋ ਚੁੰਡ ਨੇ ਤਥਾਗਤ ਨੂੰ ਅੰਤਮ ਬਾਰ ਛਕਾਇਆ।' ਕਕੁੱਸ਼ਟਾ ਨਦੀ ਪਾਰ ਕਰਕੇ, ਗੌਤਮ ਬੁੱਧ ਹੌਲੀ-ਹੌਲੀ, ਚੇਲਿਆਂ ਸਮੇਤ, ਕੁਸ਼ਿਨਾਰ ਨਗਰ ਵੱਲ ਨੂੰ ਚੱਲੇ। ਇਉਂ ਕੁਸ਼ਿਨਾਰ ਨਗਰ ਸਮੀਪ ਹਿਰਣਯਾਵਤੀ ਨਦੀ ਦੇ ਕੰਢੇ ਤੇ ਪਹੁੰਚ ਗਏ ਤਾਂ ਗੌਤਮ ਬੁੱਧ ਨੇ ਲੇਟਣ ਦੀ ਇੱਛਾ ਪ੍ਰਗਟ ਕੀਤੀ। ਸਾਲ੍ਹ ਦੇ ਬਿਰਖਾਂ ਹੇਠਾਂ ਆਪਣਾ ਮੂੰਹ ਦੱਖਣ ਵਲ ਕਰ ਕੇ, ਗੌਤਮ ਬੁੱਧ ਇਕ ਕੰਬਲੀ ਉੱਤੇ ਲੇਟ ਗਏ ਅਤੇ ਆਨੰਦ ਨੂੰ ਆਪਣੇ ਅੰਤਮ ਸੰਸਕਾਰ ਬਾਰੇ ਬੜੇ ਵਿਸਥਾਰ ਨਾਲ ਹਿਦਾਇਤਾਂ ਕੀਤੀਆਂ। ਬੋਧੀ ਸੰਘ ਦੇ ਨਿਯਮਾਂ ਬਾਰੇ ਵੀ ਕੁਝ ਅੰਤਮ ਹਿਦਾਇਤਾਂ ਕੀਤੀਆਂ। ਜਦੋਂ ਤ੍ਰਿਕਾਲਾਂ ਪਈਆਂ ਤਾਂ ਆਨੰਦ ਕੋਲੋਂ ਸਬਰ ਨਾ ਹੋ ਸਕਿਆ ਤੇ ਉਹ ਲਾਂਭੇ ਜਾ ਕੇ ਰੋਣ ਲੱਗ ਗਿਆ। ਗੌਤਮ ਬੁੱਧ ਨੇ ਉਸ ਨੂੰ ਆਪਣੇ ਕੋਲ ਬੁਲਾਇਆ ਤੇ ਆਖਿਆ : 'ਅਹੋ ਆਨੰਦ, ਰੁਦਨ ਨਾ ਕਰੋ। ਸ਼ੋਕ ਨੂੰ ਤਿਆਗੋ। ਤਥਾਗਤ ਦੇ ਉਪਦੇਸ਼ਾਂ ਦੀ ਸਮ੍ਰਿਤੀ ਕਰੋ। ਜੋ ਜਨਮਿਆ ਹੈ, ਉਹ ਅਵੱਸ਼ ਮ੍ਰਿਤੂ ਨੂੰ ਪ੍ਰਾਪਤ ਕਰੇਗਾ। ਇਹ ਸਰੀਰ ਬਿਨਸਨਹਾਰ ਹੈ। ਜੋ ਬਣਿਆ ਹੈ, ਸੋ ਭੱਜੇਗਾ, ਇਹ ਨਿਯਮ ਅਟਲ ਹੈ। ਪਿਆਰੇ ਆਨੰਦ, ਤੇਰਾ ਵੀ ਇਸ ਸੰਸਾਰ ਦੇ ਮਾਯਾ ਜਾਲ ਵਿਚੋਂ ਛੁਟਕਾਰਾ ਹੋਵੇਗਾ ਤੇ ਅਗਲੇ ਜਨਮ ਤੂੰ ਨਿਸ਼ਚੇ ਨਿਰਵਾਣ ਗਤੀ ਨੂੰ ਪ੍ਰਾਪਤ ਹੋਵੇਂਗਾ।' ਇਉਂ ਬਚਨ ਕੀਤੇ ਤੇ ਬਾਕੀ ਚੇਲਿਆਂ ਨੂੰ ਸੰਬੋਧਨ ਕਰ ਕੇ ਕਿਹਾ : "ਆਨੰਦ ਨੇ ਚਿਰੰਕਾਲ ਪਿਆਰ ਤੇ ਭਗਤੀ ਨਾਲ ਅਸਾਡੀ ਸੇਵਾ ਕੀਤੀ ਹੈ।'

ਜਦੋਂ ਅੱਧੀ ਰਾਤ ਹੋਈ ਤਦ ਕੁਸ਼ਿਨਾਰ ਨਗਰ ਦਾ ਵਾਸੀ ਇਕ ਦਰਸ਼ਨਵੇਤਾ ਬ੍ਰਾਹਮਣ, ਉੱਥੇ ਆਇਆ ਤੇ ਗੌਤਮ ਬੁੱਧ ਨਾਲ ਵਾਰਤਾਲਾਪ ਕਰਨ ਦੀ ਇੱਛਾ ਪ੍ਰਗਟ ਕੀਤੀ। ਆਨੰਦ ਨੇ ਰੋਕਿਆ ਤਾਂ ਗੌਤਮ ਬੁੱਧ ਨੇ ਆਵਾਜ਼ ਸੁਣ ਕੇ ਪੁੱਛਿਆ, 'ਕੌਣ ਹੈ?' ਜਦੋਂ ਆਨੰਦ ਨੇ ਸੁਭੱਦ੍ਰ ਦੀ ਮਨੋਕਾਮਨਾ ਦੱਸੀ ਤਾਂ ਗੌਤਮ ਬੁੱਧ ਨੇ ਕਿਹਾ : 'ਉਸ ਨੂੰ ਮੇਰੇ ਕੋਲ ਆਉਣ ਦਿਉ।' ਸੁਭੱਦ੍ਰ ਨੇ ਪ੍ਰਸ਼ਨ ਕੀਤਾ : 'ਛੇ

ਸ਼ਾਸਤ੍ਰਾਂ ਵਿੱਚ ਜੋ ਦਰਸ਼ਨ ਮੱਤ ਦਰਸਾਏ ਹਨ, ਉਹਨਾਂ ਤੋਂ ਪਰੇ ਕੋਈ ਹੋਰ ਦਰਸ਼ਨ ਮਤ ਵੀ ਹੈ?' ਗੌਤਮ ਬੁੱਧ ਨੇ ਉੱਤਰ ਦਿੱਤਾ : "ਅਹੋ ਸੁਭੱਦ੍ਰ, ਇਹ ਸਮਾਂ ਅਜੇਹੇ ਪ੍ਰਸ਼ਨੋਤ੍ਰ ਕਰਨ ਦਾ ਨਹੀਂ ਹੈ। ਤੱਤ੍ਰ ਗਿਆਨ ਦੀ ਪ੍ਰਾਪਤੀ ਦਾ ਇੱਕੋ ਰਾਹ ਹੈ, ਜੋ ਅਸਾਂ ਧਰਮ ਦੇ ਉਪਦੇਸ਼ ਦਿੱਤੇ ਹਨ । ਬਹੁਤ ਨਰ ਨਾਰੀ ਇਸ ਧਰਮ ਦੇ ਮਾਰਗ ਉੱਤੇ ਚਲੇ ਹਨ, ਕਾਮ ਕ੍ਰੋਧ ਮੋਹ ਆਦਿ ਵਿਕਾਰ ਉਨ੍ਹਾਂ ਦੇ ਨਾਸ਼ ਹੋਏ ਹਨ। ਭਰਮ ਤੇ ਅਵਿੱਦਿਆ ਦਾ ਉਹਨਾਂ ਦੇ ਹਿਰਦੇ ਵਿੱਚ ਅਭਾਵ ਹੋਇਆ ਹੈ ਅਤੇ ਪ੍ਰਮਾਨੰਦ ਤੇ ਵਿਸ਼ਵ ਮੈਤ੍ਰੀ ਦੀ ਪ੍ਰਾਪਤੀ ਹੋਈ ਹੈ। ਉਹ ਜੀਵਨ ਮੁਕਤਿ, ਜੀਵਤ ਨਿਰਵਾਨ ਗਤੀ ਨੂੰ ਪ੍ਰਾਪਤ ਹੋਏ ਹਨ। ਸੁਭੱਦ੍ਰ, ਇਹ ਅਸਾਡੇ ਬਚਨ ਗ੍ਰੰਥਾਂ ਸ਼ਾਸਤ੍ਰਾਂ ਵਿੱਚੋਂ ਪੜ੍ਹੇ ਸੁਣੇ ਸ਼ਲੋਕ ਸੂਤ੍ਰ ਨਹੀਂ ਹਨ। ਇਹ ਜੀਵਨ ਵਿੱਚ ਵਾਪਰੇ ਤੇ ਤਜਰਬਾ ਕੀਤੇ ਹੋਏ ਤੱਤ੍ਰ ਗਿਆਨ ਦਾ ਸਾਰੰਸ਼ ਹੈ। ਇਸ ਧਰਮ ਮਾਰਗ ਉੱਤੇ ਅਸੀਂ ਆਪ ਜੀਵਨ ਪ੍ਰਯੰਤ ਚੱਲ ਕੇ, ਜੀਵਤ ਨਿਰਵਾਣ ਗਤੀ ਨੂੰ ਪ੍ਰਾਪਤ ਹੋਏ ਹਾਂ।" ਇਹ ਸੁਣ ਸੁਭੱਦ੍ਰ ਬੜਾ ਪ੍ਰਭਾਵਤ ਹੋਇਆ ਤੇ ਬੇਨਤੀ ਕੀਤੀ ਕਿ ਮੈਨੂੰ ਸੰਘ ਵਿੱਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਜਾਵੇ। ਸੰਘ ਦਾ ਇੱਕ ਨਿਯਮ ਸੀ ਕਿ ਜਦੋਂ ਕਿਸੇ ਹੋਰ ਦਰਸ਼ਨ ਮਤ ਦਾ ਅਨੁਯਾਯੀ ਬੋਧੀ ਸੰਘ ਵਿੱਚ ਸ਼ਾਮਲ ਹੋਣ ਦੀ ਇੱਛਾ ਪ੍ਰਗਟ ਕਰੇ ਤਾਂ ਉਸ ਨੂੰ ਚਾਰ ਮਹੀਨੇ ਉਡੀਕਣਾ ਪੈਂਦਾ ਸੀ, ਤਾਂ ਜੁ ਉਹ ਕਿਸੇ ਭਰਮ ਭੁਲੇਖੇ ਹੇਠਾਂ ਸੰਘ ਵਿੱਚ ਪ੍ਰਵੇਸ਼ ਨਾ ਕਰ ਬੈਠੇ। ਪਰ ਸੁਭੱਦ੍ਰ ਨੂੰ ਗੌਤਮ ਬੁੱਧ ਨੇ ਉਸੇ ਸਮੇਂ ਸੰਘ ਵਿੱਚ ਸ਼ਾਮਲ ਹੋਣ ਦੀ ਆਗਿਆ ਦੇ ਦਿੱਤੀ। ਫੇਰ ਸਾਰਿਆਂ ਨੂੰ ਸੰਬੋਧਨ ਕਰ ਕੇ ਕਿਹਾ : "ਜਦ ਤਥਾਗਤ ਇਸ ਸੰਸਾਰ ਨੂੰ ਤਿਆਗ ਦੇਵੇ ਅਤੇ ਅਸਾਡਾ ਸਰੀਰ ਤੁਹਾਡੇ ਸਾਹਮਣੇ ਨਾ ਰਹੇ ਤਾਂ ਇਸ ਭਰਮ ਵਿੱਚ ਕਦਾਚਿਤ ਨਾ ਪੈਣਾ ਕਿ ਬੁੱਧ ਤੁਹਾਡੇ ਕੋਲੋਂ ਵਿਛੜ ਗਿਆ ਹੈ। ਅਸਾਡੇ ਸ਼ਬਦ, ਅਸਾਡੀ ਬਾਣੀ, ਅਸਾਡੇ ਕਰਮ ਉਪਦੇਸ਼ ਅਤੇ ਸੰਘ ਦੇ ਲਾਭ ਹਿਤ ਬਣਾਏ ਹੋਏ ਨਿਯਮ ਤੇ ਰਹਿਤ ਬਹਿਤ, ਇਹ ਵੀ ਵਾਸਤਵ ਵਿੱਚ ਬੁੱਧ ਦਾ ਸਰੀਰ ਤੇ ਰੂਪ ਹਨ। ਇਹ ਸਦਾ ਤੁਹਾਡੇ ਵਿਚਕਾਰ ਹਨ। ਇਹੋ ਤੁਹਾਡੀ ਰਾਹਨੁਮਾਈ ਕਰਨਗੇ।" ਮਹਾਂ ਪਰਿਨਿਰਵਾਣ ਸੂਤ੍ਰ ਨਾਮੀ ਬੋਧਾਂ ਦੇ ਪ੍ਰਾਚੀਨ ਧਰਮ ਗ੍ਰੰਥ ਵਿੱਚ ਗੌਤਮ ਬੁੱਧ ਦੇ ਇਸ ਅੰਤਮ ਸਮੇਂ ਕਹੇ ਹੋਏ ਇਹ ਸ਼ਬਦ ਅੰਕਤ ਹਨ ਅਤੇ ਇਹਨਾਂ ਨੂੰ ਪੜ੍ਹ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸਮੇਂ ਦੇ ਕਹੇ ਹੋਏ ਇੰਨ ਬਿੰਨ ਏਹੋ ਜਿਹੇ ਵਾਕ ਅਵੱਸ਼ ਸਮ੍ਰਿਤੀ ਵਿੱਚ ਆ ਜਾਂਦੇ ਹਨ :—

ਆਗਿਆ ਭਈ ਅਕਾਲ ਕੀ
ਤਭੀ ਚਲਾਇਓ ਪੰਥ।

ਸੱਭ ਸਿੱਖਨ ਕੋ ਹੁਕਮ ਹੈ,
ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ,
ਪ੍ਰਗਟ ਗੁਰਾਂ ਕੀ ਦੇਹ।
ਜਾਂ ਕਾ ਹਿਰਦਾ ਸੁਧ ਹੈ,
ਖੋਜ ਸ਼ਬਦ ਮੇਂ ਲੇਹ।

ਇਹ ਕਹਿ ਕੇ ਗੌਤਮ ਬੁੱਧ ਫੇਰ ਚੁਪ ਕਰ ਗਏ, ਤੇ ਕੁਛ ਚਿਰ ਪਿਛੋਂ, ਜਦੋਂ ਚੌਥਾ ਪਹਿਰ ਰਾਤ ਦਾ ਹੋਇਆ, ਤਾਂ ਗੌਤਮ ਬੁੱਧ ਨੇ ਕਿਹਾ : "ਭਿਖਸ਼ੂਓ, ਜੇ ਕਿਸੇ ਦੇ ਮਨ ਵਿੱਚ ਬੁੱਧ ਧਰਮ ਅਥਵਾ ਸੰਘ ਬਾਰੇ ਕੋਈ ਸ਼ੰਕਾ ਹੈ ਤਾਂ ਉਹ ਹੁਣ ਉਸ ਦੀ ਨਵਿਰਤੀ ਕਰ ਲਵੇ।" ਕਿਸੇ ਨੇ ਕੁਛ ਨਾ ਪੁੱਛਿਆ ਤਾਂ ਗੌਤਮ ਬੁੱਧ ਨੇ ਕਿਹਾ :

'ਜੋ ਭੀ ਸ਼ਰਧਾ ਤੇ ਭਗਤੀ ਨਾਲ ਧਰਮ ਦੇ ਮਾਰਗ ਉੱਤੇ ਚਲਦੇ ਹਨ, ਉਹਨਾਂ ਦਾ ਅਵੱਸ਼ ਕਲਿਆਣ ਹੁੰਦਾ ਹੈ।" ਫੇਰ ਚੁਪ ਕਰ ਗਏ ਤੇ ਫੇਰ ਕਿਹਾ : "ਵੱਯਧੱਮ ਮੰਖਾਰ, ਅਪਮਾਦੇਨ ਸੰਪਾਦਿੱਥ।" ਪਾਲੀ ਭਾਸ਼ਾ ਵਿੱਚ ਲਿਖੇ ਹੋਏ ਇਹ ਅੰਤਮ ਸ਼ਬਦ ਗੌਤਮ ਬੁੱਧ ਦੇ ਉਚਰੇ ਹੋਏ ਸਾਡੇ ਤੱਕ ਪੁਜੇ ਹਨ। ਭਾਵ ਇਹਨਾਂ ਸ਼ਬਦਾਂ ਦਾ ਇਹ ਹੈ, ਕਿ ਜੋ ਵਸਤੂ ਵੀ ਘੜੀ ਤੇ ਬਣਾਈ ਜਾਂਦੀ ਹੈ, ਉਹ ਅਵੱਸ਼ ਟੁੱਟਦੀ ਤੇ ਵਿਨਾਸ਼ ਹੁੰਦੀ ਹੈ। ਇਸ ਲਈ ਦ੍ਰਿੜ ਚਿਤ ਹੋ ਕੇ ਆਪਣੇ ਕਲਿਆਣ ਦਾ ਜਤਨ ਕਰੋ।

ਇਹ ਬਚਨ ਕਰ ਕੇ ਗੌਤਮ ਬੁੱਧ ਚੁੱਪ ਹੋ ਗਏ ਤੇ ਸ਼ਰੀਰ ਤਿਆਗ ਦਿੱਤਾ, ਅਤੇ ਮਹਾਂ ਪਰਿਨਿਰਵਾਣ ਦੀ ਉੱਚ ਗਤੀ ਵਿੱਚ ਪ੍ਰਵੇਸ਼ ਕਰ ਗਏ।
